ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਮਈ - ਜੂਨ 2020





ਗੌਤਮ ਨਵਲੱਖਾ



ਪ੍ਰੋ. ਆਨੰਦ ਤੇਲਤੁੰਬੜੇ



ਸਿਧਾਰਥ ਵਰਦਰਾਜਨ



ਕਨਨ ਗੋਪੀਨਾਥਨ

## ਅੰਦਰ ਪੜ੍ਹੋ


- ਵਾਇਰਸ, ਵਿਗਿਆਨ ਅਤੇ ਮਨੁੱਖ (2)
- ਸ਼ਿਕਾਗੋ ਦੀ ਹੜਤਾਲ (15)
- ਭਗਵਾਨ ਕਿੱਥੇ ਹੈ? (38)
- ਮਹਾਂਮਾਰੀ ਅਤੇ ਸਮਾਜਵਾਦ (43)

ਅਤੇ ਹੋਰ ਦਿਲਚਸਪ ਜਾਣਕਾਰੀ


₹20

ਆਮ ਲੋਕਾਂ ਵੱਲੋਂ ਧਰਮ ਨੂੰ ਸੱਚ ਮੰਨਿਆ ਜਾਂਦਾ ਹੈ, ਸੂਝਵਾਨਾਂ ਵੱਲੋਂ ਝੂਠ ਅਤੇ ਹੁਕਮਰਾਨਾਂ ਵੱਲੋਂ ਫਾਇਦੇਮੰਦ ..ਸੈਨੇਕਾ

## ਮੁਸਲਮਾਨਾਂ ਦਾ ਮੁਹੱਲਾ

ਮੇਰਾ ਇਕ ਦੋਸਤ ਅਕਸਰ ਕਿਹਾ ਕਰਦਾ ਸੀ
ਕਿ ਇਹ ਕੌਮੀ ਏਕਤਾ ਦੀਆਂ ਗੱਲਾਂ
ਸਿਰਫ ਕਹਿਣ ਨੂੰ ਹੀ ਚੰਗੀਆਂ ਲੱਗਦੀਆਂ ਹਨ
ਉਹ ਕਹਿਦਾ ਸੀ ਕਿ
ਤੂੰ ਕਦੇ ਮੁਸਲਮਾਨਾਂ ਦੇ ਮੁਹੱਲੇ ਵਿਚ
ਇਕੱਲਾ ਗਿਆ ਹੈਂ ?
ਕਦੇ ਜਾ ਕੇ ਦੇਖ ਡਰ ਲੱਗਦਾ ਹੈ
ਉਹ ਮੁਸਲਮਾਨਾਂ ਤੋਂ ਬਹੁਤ ਡਰਦਾ ਸੀ।
ਹਾਲਾਂਕਿ ਉਸ ਨੂੰ ਸ਼ਾਹਰੁਖ ਖਾਨ, ਅਮਿਰ ਖਾਨ,
ਸਲਮਾਨ ਖਾਨ ਬਹੁਤ ਪਸੰਦ ਸਨ
ਉਹ ਉਨ੍ਹਾਂ ਤੋਂ ਨਹੀਂ ਡਰਦਾ ਸੀ
ਬੱਸ ਮੁਸਲਮਾਨਾਂ ਤੋਂ ਡਰਦਾ ਸੀ
ਉਹ ਮੇਰੇ ਨਾਲ ਇੰਜਨੀਅਰ ਬਣਿਆਂ
ਵਿਗਿਆਨ ਵਿੱਚ
ਉਸ ਦੀ ਦਿਲਚਸਪੀ ਏਨੀ ਕਿ
ਕਹਿੰਦਾ ਮੈਂ ਅਬਦੁਲ ਕਲਾਮ ਦੀ ਤਰ੍ਹਾਂ
ਇਕ ਚੰਗਾ ਵਿਗਿਆਨੀ
ਬਨਣਾ ਚਾਹੁੰਦਾ ਹਾਂ,
ਦੇਸ਼ ਦਾ ਮਾਣ ਵਧਾਉਣਾ ਚਾਹੁੰਦਾ ਹਾਂ
ਉਹ ਕਲਾਮ ਤੋਂ ਨਹੀਂ ਡਰਦਾ ਸੀ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।
ਉਹ ਕ੍ਰਿਕਟ ਦਾ ਬਹੁਤ ਸ਼ੌਕੀਨ ਸੀ
ਖਾਸ ਕਰ ਅਜਹਰੁਦੀਨ ਦੀ ਬੈਟਿੰਗ ਦਾ
ਜਹੀਰ ਖਾਨ, ਇਰਫਾਨ ਖਾਨ ਦੀ
ਲਹਿਰਾਉਂਦੀ ਗੇਂਦਬਾਜੀ ਦਾ
ਕਹਿੰਦਾ ਸੀ ਕਿ
ਇਹ ਤਿੰਨੋਂ ਜਾਦੂਗਰ ਹਨ
ਇਹ ਖੇਡ ਜਾਣ ਤਾਂ ਅਸੀਂ ਕਦੇ
ਹਾਰ ਨਹੀਂ ਸਕਦੇ
ਉਹ ਇਨ੍ਹਾਂ ਤੋਂ ਵੀ ਨਹੀਂ ਡਰਦਾ ਸੀ
ਬਸ ਮੁਸਲਮਾਨਾਂ ਤੋਂ ਡਰਦਾ ਸੀ।
ਉਹ ਨਰਗਿਸ, ਮਧੂਬਾਲਾ ਦੇ
ਹੁਸਨ ਦਾ ਮੁਰੀਦ ਸੀ
ਉਹ ਇਨ੍ਹਾਂ ਨੂੰ ਬਲੈਕ ਐਂਡ ਵ੍ਹਾਈਟ ਵਿੱਚ
ਦੇਖਣਾ ਪਸੰਦ ਕਰਦਾ ਸੀ
ਉਹ ਮੁਰੀਦ ਸੀ ਵਹੀਦਾ ਰਹਿਮਾਨ ਦੀ
ਮੁਸਕਰਾਹਟ ਦਾ
ਉਹ ਉਨ੍ਹਾਂ ਤੋਂ ਨਹੀਂ ਡਰਦਾ ਸੀ
ਬਸ ਮੁਸਲਮਾਨਾਂ ਤੋਂ ਡਰਦਾ ਸੀ।
ਉਹ ਜਦੋਂ ਵੀ ਇਕੱਲਾ ਹੁੰਦਾ
ਤਾਂ ਮੁਹੰਮਦ ਰਫੀ ਦੇ ਗਾਣੇ ਸੁਣਦਾ
ਕਹਿੰਦਾ ਸੀ ਕਿ
ਰਫੀ ਸਾਹਿਬ ਦੇ ਗਲੇ ਵਿਚ ਖੁਦਾ ਵਸਦਾ ਹੈ
ਉਹ ਰਫੀ ਸਾਹਿਬ ਦਾ ਨਾਮ
ਕੰਨਾਂ ਨੂੰ ਛੂਹ ਕੇ ਲੈਂਦਾ
ਰਫੀ ਨਾਮ ਨਾਲ ਹਮੇਸ਼ਾ ਲਗਾਉਂਦਾ, ਸਾਹਿਬ
ਅਗਰ ਉਹ ਸਾਹਿਰ ਦੇ ਗਾਣੇ ਗਾ ਦੇਵੇ ਤਾਂ
ਖੁਸ਼ੀ ਵਿੱਚ ਰੋ ਪੈਣ ਦਾ
ਮਨ ਕਰਦਾ ਉਸਦਾ
ਉਹ ਇਨ੍ਹਾਂ ਤੋਂ ਵੀ ਨਹੀਂ ਡਰਦਾ ਸੀ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।
ਉਹ 26 ਜਨਵਰੀ ਨੂੰ ਅਲਾਮਾ ਇਕਬਾਲ ਦਾ
"ਸਾਰੇ ਯਹਾਂ ਸੇ ਅੱਛਾ" ਗਾਉਂਦਾ ਸੀ
ਕਹਿੰਦਾ ਕਿ ਇਸ ਗੀਤ ਨਾਲ ਜੇਕਰ
ਬਿਸਮਿਲਾ ਖਾਨ ਦੀ ਸ਼ਹਿਨਾਈ ਤੇ
ਜਾਕਿਰ ਹੁਸੈਨ ਦਾ ਤਬਲਾ ਹੋਏ
ਤਾਂ ਕੀ ਕਹਿਣੇ
ਉਹ ਇਨ੍ਹਾਂ ਤੋਂ  ਨਹੀਂ ਡਰਦਾ ਸੀ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।
ਉਹਨੂੰ ਜਦ ਇਸ਼ਕ ਹੋ ਗਿਆ ਤਾਂ
ਗਾਲਿਬ ਦੇ ਸ਼ੇਅਰ ਕਹਿੰਦਾ
ਫੈਜ਼ ਦੀ ਸ਼ਾਇਰੀ ਤੇ ਉਰਦੂ ਤੋਂ ਉਧਾਰ ਲਏ
ਕੁਝ ਸ਼ੇਅਰਾਂ 'ਤੇ
ਮਰ ਮਿਟੀ ਉਸਦੀ ਮਹਿਬੂਬਾ
ਜੋ ਅੱਜ ਉਸ ਦੀ ਪਤਨੀ ਹੈ
ਉਹ ਇਨ੍ਹਾਂ ਸ਼ਾਇਰਾਂ ਤੋਂ ਨਹੀਂ ਡਰਦਾ ਸੀ
ਬਸ ਮੁਸਲਮਾਨਾਂ ਤੋਂ ਡਰਦਾ ਸੀ।
ਬਹੁਤ ਝੂਠਾ ਸੀ ਮੇਰਾ ਦੋਸਤ
ਬੜਾ ਭੋਲਾ ਵੀ
ਉਹ ਅਣਜਾਣੇ ਹੀ ਹਰ ਮੁਸਲਮਾਨ ਨੂੰ
ਕਰਦਾ ਸੀ ਏਨਾ ਪਿਆਰ
ਫਿਰ ਵੀ ਨਾ ਜਾਣੇ ਕਿਉਂ ਕਹਿੰਦਾ ਸੀ
ਖੁਸ਼ੀ ਖੁਸ਼ੀ ਮੁਹੱਬਤ ਨਾਲ
ਅਤੇ ਮੁਸਲਮਾਨਾਂ ਦੇ ਨਾ ਜਾਣੇ
ਕਿਹੜੇ ਮੁਹੱਲੇ ਵਿਚ
ਇਕੱਲਾ ਜਾਣ ਤੋਂ ਡਰਦਾ ਸੀ
ਦਰਅਸਲ ਉਹ
ਮੁਸਲਮਾਨਾਂ ਤੋਂ ਨਹੀਂ ਡਰਦਾ ਸੀ।
ਸ਼ਾਇਦ ਉਹ ਡਰਦਾ ਸੀ
ਅਖਬਾਰ ਤੇ ਸਿਆਸਤ ਦੇ ਬਣਾਏ
ਉਸ ਕਾਲਪਨਿਕ ਮੁਸਲਮਾਨ ਤੋਂ
ਜੋ ਕਲਪਨਾ ਵਿਚ
ਤਾਂ ਬੜੇ ਡਰਾਉਣੇ ਸਨ
ਪਰ ਅਸਲੀਅਤ ਵਿੱਚ ਈਦ ਦੀਆਂ ਸੇਵੀਆਂ
ਤੋਂ ਵੱਧ ਮਿੱਠੇ ਸਨ।

*ਨਿਖਿਲ ਸਚਨ*

*ਇਤਿਹਾਸ ਨਿਰਮਾਣ ਲਈ ਇਤਿਹਾਸ-ਬੋਧ ਜ਼ਰੂਰੀ ਹੈ ਅਤੇ ਇਹ ਬਗੈਰ ਅਧਿਐਨ ਅਤੇ ਚਿੰਤਨ ਦੇ ਸੰਭਵ ਨਹੀਂ।*
*... ਸ਼ਹੀਦ ਭਗਤ ਸਿੰਘ*


**ਮੁੱਖ ਸੰਪਾਦਕ**
ਬਲਬੀਰ ਚੰਦ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
95010 06626
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ, 94174 27538

**ਸਰਵਰਕ** : ਹਰਪ੍ਰੀਤ 'ਰੂਬੀ'

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

**ਸਲਾਨਾ:** 100 ਰੁਪਏ
**ਵਿਦੇਸ਼:** 25 ਯੂ. ਐਸ. ਡਾਲਰ
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਕੰਪੋਜ਼ ਕਰਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਆਨਲਾਈਨ ਜਾਰੀ ਕੀਤਾ।

## ਤਤਕਰਾ


1. ਸੰਪਾਦਕੀ........................ 1
2. ਵਾਇਰਸ, ਵਿਗਿਆਨ ਅਤੇ ਮਨੁੱਖ. 2
3. ਕੋਵਿਡ-19 ..................... 5
4. ਆਓ ਵਿਗਿਆਨਕ ਕਾਰਣ ਜਾਣੀਏ .......................... 7
5. ਜਾਨਣ ਵਾਲੀਆਂ ਗੱਲਾਂ ......... 9
6. ਕਰੋਨਾ ਖਿਲਾਫ਼ ਜੰਗ ਅਤੇ ਵਿਗਿਆਨਕ ਚੇਤਨਾ ...... 11
7. ਇਤਿਹਾਸਕ ਦਿਨ ............... 14
8. ਸ਼ਿਕਾਗੋ ਦੀ ਹੜਤਾਲ ........... 15
9. ਸਰਕਾਰੀ ਫੁਰਮਾਨ ................ 16
10. ਮੇਰੀ ਨਰਸ ਧੀ .................... 18
11. ਹੱਡ ਬੀਤੀ ........................ 19
12. ਕੋਰੋਨਾ ਵਾਇਰਸ- ਸਬਕ ਅਤੇ ਕਾਰਜ ............... 21
13. ਪੈੜਾਂ ............................. 26
14. ਚਾਨਣ (ਕਹਾਣੀ) ............... 28
15. ਨਫ਼ਰਤ ਦਾ ਜ਼ਹਿਰ .............. 29
16. ਪੁਲਾੜੀ ਦੂਰੀਆਂ ਤੇ ਗਤੀਆਂ ਨੂੰ ਮਾਪਣਾ ......................... 31
17. ਦੇਵਦਾਸੀ ਪ੍ਰਥਾ ................. 33
18. ਕੋਰੋਨਾਵਾਇਰਸ ਸੰਕਟ ਬਾਰੇ ਕੀ ਕਹਿੰਦੇ ਨੇ ਚਿੰਤਕ ................ 35
19. ਬੋਲ ਸਦੀਵੀਂ...................... 37
20. ਭਗਵਾਨ ਕਿੱਥੇ ਹੈ.................. 38
21. ਮਨੋਰੋਗ ਮਾਹਿਰ ਦੀ ਕਲਮ ਤੋਂ..... 40
22. ਮਹਾਂਮਾਰੀ ਅਤੇ ਸਮਾਜਵਾਦ .... 43
23. ਚਿੱਠੀ ਆਈ ਹੈ .................. 45
24. ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ ............ 49
25. ਪੇਸ਼ਕਦਮੀਆਂ ..................... 50
26. ਤਰਕਸ਼ੀਲ ਸਾਹਿਤ ਵੈਨ ਦਾ ਸਫਰ ........................ 51
27. ਆਖਰੀ ਪੰਨਾ ..................... 52



**ਕੰਪੋਜ਼ਿੰਗ : ਹਰਪ੍ਰੀਤ ਰੂਬੀ (ਸ਼ਾਹਕੋਟ)**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਵਿਸ਼ਵ ਦੇ ਬਹੁਤੇ ਦੇਸ਼ ਇਸ ਵੇਲੇ ਕੋਰੋਨਾ ਵਾਇਰਸ ਦੀ ਭਿਆਨਕ ਮਾਰ ਹੇਠ ਹਨ ਜਿਨ੍ਹਾਂ ਵਿੱਚ ਭਾਰਤ ਵੀ ਸ਼ਾਮਲ ਹੈ। ਮੌਤਾਂ ਦੀ ਗਿਣਤੀ ਹਰ ਚੜ੍ਹਦੇ ਦਿਨ ਵਧ ਰਹੀ ਹੈ। ਕਿਰਤੀ ਵਰਗ ਇਸ ਖੌਫ਼ ਦੀ ਮਾਰ ਝੱਲਣ ਦੇ ਨਾਲ-ਨਾਲ ਰੁਜ਼ਗਾਰ ਤੋਂ ਵਾਂਝਾ ਹੋ ਕੇ ਭੁੱਖ ਦੀ ਮਾਰ ਵੀ ਹੰਢਾ ਰਿਹਾ ਹੈ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਇਸ ਲੌਕਡਾਊਨ ਅਤੇ ਕਰਫਿਊ ਦੌਰਾਨ ਮਿਹਨਤਕਸ਼ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀਆਂ ਹਨ। ਅਖਬਾਰਾਂ ਵਿੱਚ ਹਰ ਚੜ੍ਹਦੇ ਦਿਨ ਆ ਰਹੀਆਂ ਖਬਰਾਂ ਸਾਫ ਦੱਸ ਰਹੀਆਂ ਹਨ ਕਿ ਭਾਰਤ ਸਰਕਾਰ ਕੋਰੋਨਾ ਦੀ ਮਾਰ ਨੂੰ ਕਾਬੂ ਕਰਨ ਦਾ ਕੰਮ ਘੱਟ ਤੇ ਆਪਣਾ ਫਾਸ਼ੀ ਏਜੰਡਾ ਤੇਜ ਕਰਨ ਦਾ ਕੰਮ ਵੱਧ ਕਰ ਰਹੀ ਹੈ। ਇੱਕ ਪਾਸੇ ਸਰਕਾਰ ਗੈਰ-ਮਨੁੱਖੀ ਸੰਗੀਨ ਜੁਰਮਾਂ ਵਾਲੇ ਕੈਦੀਆਂ ਨੂੰ ਜੇਲ੍ਹਾਂ 'ਚੋਂ ਪੈਰੋਲ 'ਤੇ ਰਿਹਾਅ ਕਰ ਰਹੀ ਹੈ, ਦੂਜੇ ਪਾਸੇ ਜਮਹੂਰੀ ਹੱਕਾਂ ਦੇ ਉਲੰਘਣ ਖਿਲਾਫ ਲਿਖਣ ਬੋਲਣ ਵਾਲੇ ਬੁੱਧੀਜੀਵੀਆਂ ਨੂੰ ਇਨ੍ਹਾਂ ਦਿਨਾਂ 'ਚ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਅਤੇ ਝੂਠੇ ਕੇਸਾਂ ਵਿੱਚ ਦੇਸ਼ ਧ੍ਰੋਹ ਦਾ ਇਲਜਾਮ ਲਾ ਕੇ ਖੱਜਲ ਖੁਆਰ ਕੀਤਾ ਜਾ ਰਿਹਾ। ਗੌਤਮ ਨਵਲੱਖਾ, ਪ੍ਰੋ. ਆਨੰਦ ਤੇਲਤੁਬੜੇ, ਜਾਮੀਆ ਮਿਲੀਆ ਦੇ ਵਿਦਿਆਰਥੀ ਆਗੂ ਸਫੂਰਾ ਜ਼ਰਗਰ, ਮੀਰਾਨ ਹੈਦਰ ਨੂੰ ਜੇਲ੍ਹ ਭੇਜਣਾ, ਜੇ.ਐੱਨ.ਯੂ. ਦੇ ਵਿਦਿਆਰਥੀ ਆਗੂ ਸਰਜ਼ੀਲ ਇਮਾਮ ਖਿਲਾਫ ਚਾਰਜਸ਼ੀਟ ਜਾਰੀ ਕਰਨਾ, ਵੈੱਬ ਪੋਰਟਲ 'ਦ ਵਾਇਰ' ਦੇ ਸੰਪਾਦਕ ਸਿਧਾਰਥ ਵਰਦਰਾਜਨ ਖਿਲਾਫ ਯੋਗੀ ਸਰਕਾਰ, ਪ੍ਰਸ਼ਾਤ ਭੂਸ਼ਣ, ਅਸਤੀਫਾ ਦੇ ਚੁੱਕੇ ਆਈ.ਏ.ਐੱਸ. ਅਧਿਕਾਰੀ ਕਨਨ ਗੋਪੀਨਾਥਨ ਖਿਲਾਫ਼ ਗੁਜਰਾਤ ਸਰਕਾਰ ਵੱਲੋਂ ਐਫ.ਆਈ.ਆਰ. ਦਰਜ ਕਰਨਾ, ਕਸ਼ਮੀਰੀ ਔਰਤ ਫੋਟੋ ਪੱਤਰਕਾਰ ਮਸਰਤ ਜਾਹਰਾ 'ਤੇ ਯੂ.ਏ.ਪੀ.ਏ. ਅਧੀਨ ਕੇਸ ਦਰਜ ਕਰਨਾ, ਬੀ.ਜੇ.ਪੀ. ਖਿਲਾਫ ਬੋਲਣ 'ਤੇ ਮੁੰਬਈ ਪੁਲਿਸ ਵੱਲੋਂ ਐਕਟਰ ਅਜਾਜ ਖਾਨ ਦੀ ਗ੍ਰਿਫਤਾਰੀ ਆਦਿ ਫਾਸ਼ੀਵਾਦੀ ਸਰਕਾਰ ਦੇ ਲੋਕ ਪੱਖੀ ਆਵਾਜਾਂ 'ਤੇ ਤਾਜਾ ਹਮਲੇ ਹਨ। ਨਿਜਾਮੂਦੀਨ ਵਿੱਚ ਤਬਲੀਗੀ ਜਮਾਤ ਦੇ ਇਕੱਠ ਨੂੰ 'ਮਨੁੱਖੀ ਬੰਬ' ਅਤੇ 'ਕੋਰੋਨਾ ਵਾਇਰਸ ਜੇਹਾਦੀ' ਦੇ ਤੌਰ 'ਤੇ ਪ੍ਰਚਾਰਨਾ ਇੱਕ ਵੱਡਾ ਫਿਰਕੂ ਫਾਸ਼ੀਵਾਦੀ ਹਮਲਾ ਹੈ। ਕੋਰੋਨਾ ਦਾ ਹਮਲਾ ਤਾਂ ਵਕਤੀ ਹੈ, ਪਰ ਫਾਸ਼ੀਵਾਦੀ ਪ੍ਰਚਾਰ ਜੋ ਫਿਰਕੂ ਰੋਗਾਣੂ ਸਾਡੇ ਸਮਾਜ 'ਚ ਪੈਦਾ ਕਰ ਰਿਹਾ, ਉਸ ਨੇ ਕਰੋੜਾਂ ਲੋਕਾਂ ਨੂੰ ਜ਼ਿਹਨੀ ਤੌਰ 'ਤੇ ਰੋਗੀ ਬਨਾਉਣਾ ਹੈ ਜਿਸਦਾ ਸਿੱਟਾ, ਜੇ ਅਸੀਂ ਇਤਿਹਾਸ ਵੱਲ ਝਾਤੀ ਮਾਰੀਏ ਤਾਂ, ਹਮੇਸ਼ਾਂ ਕਤਲੇਆਮਾਂ 'ਚ ਨਿਕਲਿਆ ਹੈ। ਮੱਧ ਪ੍ਰਦੇਸ਼ ਦੇ ਧਾਰ ਜਿਲ੍ਹੇ ਦੇ ਪਿੰਡ ਬੋਰੂਦ 'ਚ ਲੱਗਿਆ ਬੋਰਡ 'ਮੁਸਲਮਾਨ ਵਪਾਰੀਆਂ ਦੇ ਪਿੰਡ 'ਚ ਦਾਖਲੇ 'ਤੇ ਰੋਕ' ਅਤੇ ਰਾਜਸਥਾਨ ਦੇ ਭਰਤਪੁਰ ਜ਼ਿਲ੍ਹਾ ਹਸਪਤਾਲ ਵਿੱਚ ਡਾਕਟਰਾਂ ਵੱਲੋਂ ਇੱਕ ਗਰਭਵਤੀ ਮੁਸਲਮਾਨ ਔਰਤ ਦਾ ਜਣੇਪਾ ਕਰਾਉਣ ਤੋਂ ਕੀਤੀ ਨਾ ਜਿਸ ਦਾ ਸਿੱਟਾ ਬੱਚੇ ਦੀ ਮੌਤ ਦੇ ਰੂਪ ਵਿੱਚ ਨਿਕਲਿਆ, ਇਸ ਫਾਸ਼ੀਵਾਦੀ ਪ੍ਰਚਾਰ ਦੇ ਸਿੱਟੇ ਦੀਆਂ ਕੁਝ ਮਨ-ਕੰਬਾਊ ਉਦਾਹਰਣਾਂ ਹਨ। ਸ਼ਹੀਨ ਬਾਗ ਦੇ ਸ਼ਾਂਤਮਈ ਅੰਦੋਲਨ ਨੂੰ ਪੁਲਿਸੀ ਡਾਂਗਾਂ ਨਾਲ ਖਦੇੜਣਾ ਕਿਧਰ ਦੀ ਜਮਹੂਰੀਅਤ ਹੈ? 13 ਮਾਰਚ ਨੂੰ ਸਿਹਤ ਵਿਭਾਗ ਕਹਿ ਰਿਹਾ ਸੀ ਕਿ ਕਰੋਨਾ ਦਾ ਕੋਈ ਖਤਰਾ ਨਹੀਂ। 15 ਮਾਰਚ ਨੂੰ ਤਬਲੀਗੀ ਸਮਾਗਮ ਖਤਮ ਹੋਇਆ। ਲੱਖਾਂ ਦੇ ਇਕੱਠਾਂ ਵਾਲੇ ਵੈਸ਼ਨੂੰ ਦੇਵੀ, ਸਿੱਧੀ ਵਿਨਾਇਕ ਮੰਦਰ, ਸਿਰੜੀ ਸਾਈ ਬਾਬਾ, ਕਾਸ਼ੀ ਵਿਸ਼ਵਨਾਥ ਮੰਦਿਰ 20 ਮਾਰਚ ਤੱਕ ਵੀ ਖੁੱਲੇ ਰਹੇ, ਫਿਰ ਇਹ ਨਿਜ਼ਾਮੂਦੀਨ ਵਾਲੇ ਹੀ ਕਿਵੇਂ ਮਨੁੱਖੀ ਬੰਬ ਹੋ ਗਏ? ਅੱਜ ਹਰ ਵਿਅਕਤੀ ਨੂੰ ਇਸ ਕੂੜ ਫਾਸ਼ੀ ਪ੍ਰਚਾਰ 'ਤੇ ਡੂੰਘੀ ਵਿਚਾਰ ਕਰਨੀ ਚਾਹੀਦੀ ਹੈ ਅਤੇ ਇਸ ਫਿਰਕੂ ਪ੍ਰਚਾਰ ਦਾ ਸ਼ਿਕਾਰ ਹੋਣ ਤੋਂ ਬਚਣਾ ਚਾਹੀਦਾ ਹੈ। ਡਰ ਹਮੇਸ਼ਾਂ ਫਾਸ਼ੀਵਾਦੀਆਂ ਦਾ ਹਥਿਆਰ ਰਿਹਾ ਹੈ। ਡਰ ਲਾਹ ਕੇ ਬੇਖੌਫ਼ ਆਵਾਜਾਂ ਨੂੰ ਫਾਸ਼ੀਵਾਦ ਖਿਲਾਫ ਖੁੱਲ ਕੇ ਮੈਦਾਨ ਵਿੱਚ ਆਉਣਾ ਹੀ ਪਵੇਗਾ।

# ਵਾਇਰਸ, ਵਿਗਿਆਨ ਅਤੇ ਮਨੁੱਖ



**ਰਾਜਪਾਲ ਸਿੰਘ**

ਕੋਰੋਨਾ ਵਾਇਰਸ ਦੁਆਰਾ ਪੈਦਾ ਕੀਤੀ ਬੀਮਾਰੀ ਦੇ ਸੰਸਾਰ ਭਰ ਵਿੱਚ ਫੈਲ ਜਾਣ ਕਾਰਣ ਇਸ ਸਾਲ ਦੇ ਸ਼ੁਰੂ ਤੋਂ ਹੀ 'ਵਾਇਰਸ' ਸ਼ਬਦ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼ੋਸ਼ਲ ਮੀਡੀਆ, ਅਖ਼ਬਾਰਾਂ ਅਤੇ ਟੈਲੀਵੀਜ਼ਨ ਉੱਤੇ ਇਸ ਬਾਰੇ ਅਥਾਹ ਮਾਤਰਾ ਵਿੱਚ ਲਿਖਿਆ, ਬੋਲਿਆ ਜਾ ਰਿਹਾ ਹੈ। ਇਸ ਨਾਲ ਆਮ ਲੋਕਾਂ ਨੂੰ ਇਸ ਨਾਲ ਸੰਬੰਧਿਤ ਕੁੱਝ ਪ੍ਰੈਕਟੀਕਲ ਗੱਲਾਂ ਜਿਵੇਂ ਇਸ ਵਾਇਰਸ ਦੇ ਫੈਲਣ ਦੀ ਵਿਧੀ, ਇਸਦੇ ਮਨੁੱਖੀ ਸਰੀਰ ਉੱਤੇ ਅਸਰ, ਇਸ ਤੋਂ ਬਚਾਅ ਦੇ ਢੰਗ ਬਾਰੇ ਤਾਂ ਕਾਫੀ ਜਾਣਕਾਰੀ ਹੋਈ ਹੈ ਪਰ ਇਸ ਪ੍ਰਤੀ ਬੁਨਿਆਦੀ ਵਿਗਿਆਨਕ ਜਾਣਕਾਰੀ ਦੀ ਘਾਟ ਹੀ ਹੈ ਜਿਸ ਨਾਲ ਕਈ ਕਿਸਮ ਦੇ ਭਰਮ ਭੁਲੇਖੇ ਵੀ ਪੈਦਾ ਹੋ ਰਹੇ ਨੇ। ਸੋ ਇਸ ਲੇਖ ਵਿੱਚ ਅਜਿਹੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਾਇਰਸ ਕੀ ਹੈ? ਇਹ ਸਰੀਰ ਨੂੰ ਕਿਵੇਂ ਨੁਕਸਾਨ ਪਹੁੰਚਾਉਂਦਾ ਹੈ। ਸਰੀਰ ਇਸਦਾ ਮੁਕਾਬਲਾ ਕਿਵੇਂ ਕਰਦਾ ਹੈ? ਇਸ ਉੱਤੇ ਕੋਈ ਐਂਟੀਬਾਇਓਟਿਕ ਦਵਾਈ ਅਸਰ ਕਿਉਂ ਨਹੀਂ ਕਰਦੀ? ਅਜਿਹੀਆਂ ਮਹਾਂਮਾਰੀਆਂ ਪਹਿਲਾਂ ਕਿੰਨਾ ਕੁ ਨੁਕਸਾਨ ਕਰਦੀਆਂ ਰਹੀਆਂ ਅਤੇ ਕਿਵੇਂ ਖਤਮ ਹੁੰਦੀਆਂ ਜਾ ਰਹੀਆਂ ਹਨ।

**ਵਾਇਰਸ ਕੀ ਹੁੰਦਾ ਹੈ?** - ਵਾਇਰਸ ਸਜੀਵ ਅਤੇ ਨਿਰਜੀਵ ਦੇ ਵਿਚਕਾਰ ਦੀ ਸਥਿਤੀ ਹੈ। ਕਿਸੇ ਜੀਵਤ ਸਰੀਰ ਤੋਂ ਬਾਹਰ ਇਹ ਪਦਾਰਥ ਦੇ ਇੱਕ ਨਿਰਜੀਵ ਅਣੂ ਵਾਂਗ ਹੀ ਪਿਆ ਰਹਿੰਦਾ ਹੈ ਪਰ ਜੀਵਤ ਮਨੁੱਖ, ਜਾਨਵਰ ਜਾਂ ਪੌਦੇ ਦੇ ਸਰੀਰ ਦੇ ਅੰਦਰ ਜਾਣ ਨਾਲ ਇਹ ਸੈੱਲਾਂ ਵਿਚਲੇ ਡੀ.ਐੱਨ.ਏ. ਨੂੰ ਪ੍ਰਭਾਵਿਤ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਇਸ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ ਅਤੇ ਸੈੱਲ ਬੇਲੋੜੇ ਪਦਾਰਥ ਪੈਦਾ ਕਰਨੇ ਸ਼ੁਰੂ ਕਰ ਦਿੰਦੇ ਹਨ ਜੋ ਸਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਨੂੰ ਪੰਜਾਬੀ/ਹਿੰਦੀ ਵਿੱਚ ਵਿਸ਼ਾਣੂ (ਵਿਸ਼-ਅਣੂ) ਕਿਹਾ ਜਾਂਦਾ ਹੈ ਭਾਵ ਜਹਿਰੀਲਾ ਕਣ।

**ਵਾਇਰਸ ਦੀ ਬਣਤਰ** - ਇਹ ਅਕਾਰ ਪੱਖੋਂ ਐਨਾ ਮਹੀਨ ਹੁੰਦਾ ਹੈ ਕਿ ਇਸ ਨੂੰ ਸਧਾਰਨ ਮਾਈਕਰੋਸਕੋਪ ਨਾਲ ਵੀ ਨਹੀਂ ਦੇਖਿਆ ਜਾ ਸਕਦਾ। ਆਮ ਵਾਇਰਸ ਦਾ ਆਕਾਰ 80 ਤੋਂ 300 ਨੈਨੋਮੀਟਰ ਹੁੰਦਾ ਹੈ।(ਇੱਕ ਨੈਨੋਮੀਟਰ ਸੈਂਟੀਮੀਟਰ ਦਾ ਕਰੋੜਵਾਂ ਹਿੱਸਾ ਹੁੰਦਾ ਹੈ) ਐਨਾ ਛੋਟਾ ਹੋਣ ਕਰਕੇ ਇਸ ਨੂੰ ਸਿਰਫ ਇਲੈਕਟ੍ਰੋਨ ਮਾਈਕਰੋਸਕੋਪ ਦੀ ਕਾਢ ਕੱਢੀ ਜਾਣ ਬਾਅਦ ਉਸ ਹੇਠ ਹੀ ਦੇਖਿਆ ਜਾ ਸਕਿਆ ਹੈ। ਇਲੈਕਟ੍ਰੋਨ ਮਾਈਕਰੋਸਕੋਪ ਹੇਠ ਦੇਖਣ 'ਤੇ ਪਤਾ ਚੱਲਿਆ ਕਿ ਇਸ ਵਿੱਚ ਸਿਰਫ ਡੀ.ਐੱਨ.ਏ. ਜਾਂ ਆਰ.ਐੱਨ.ਏ. ਦਾ ਇੱਕ ਅਣੂ ਅਤੇ ਉਸ ਦੇ ਦੁਆਲੇ ਪ੍ਰੋਟੀਨ ਜਾਂ ਫੈਟ ਦੀ ਪਰਤ ਹੁੰਦੀ ਹੈ।

**ਵਾਇਰਸ ਨਾਲ ਹੋਣ ਵਾਲੀਆਂ ਬਿਮਾਰੀਆਂ**- ਵਾਇਰਸ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਸੂਚੀ ਬਹੁਤ ਵੱਡੀ ਹੈ। ਸਾਹ ਪ੍ਰਣਾਲੀ ਇਸਦਾ ਸੌਖਾ ਸ਼ਿਕਾਰ ਬਣਦੀ ਹੈ ਇਸ ਕਰਕੇ ਵਾਇਰਸ ਦੀ ਲਾਗ ਤਰ੍ਹਾਂ ਤਰ੍ਹਾਂ ਦਾ ਫਲੂ (ਫਲੂ ਅੰਗਰੇਜੀ ਸ਼ਬਦ Influenza ਦਾ ਸੰਖੇਪ ਰੂਪ ਹੈ) ਸਧਾਰਨ ਜ਼ੁਕਾਮ, ਗਲਾ ਖਰਾਬ, ਖਾਂਸੀ ਆਦਿ ਕਾਰਣ ਬਣਦੀ ਹੈ। ਹਲਕਾਅ ਵੀ ਵਾਇਰਸ ਕਾਰਣ ਹੁੰਦਾ ਹੈ। ਜਨੇਊ ਦੇ ਨਾਂ ਨਾਲ ਜਾਣੀ ਜਾਂਦੀ ਹਰਪੀਜ਼ Herpes ਬਿਮਾਰੀ ਅਤੇ ਮੌਹਕਿਆਂ ਦਾ ਕਾਰਣ ਵੀ ਵਾਇਰਸ ਹੈ। ਚੇਚਕ, ਖਸਰਾ, ਲਾਕੜਾ ਕਾਕੜਾ (ਚਿਕਨ ਪੌਕਸ), ਰੁਬੇਲਾ, ਡੇਂਗੂ, ਕਾਲਾ ਪੀਲੀਆ, ਏਡਜ਼, ਪੋਲੀਓ ਵਰਗੀਆਂ ਭਿਆਨਕ ਬਿਮਾਰੀਆਂ ਦਾ ਕਾਰਣ ਵਾਇਰਸ ਹੁੰਦਾ ਹੈ। ਇਨ੍ਹਾਂ ਵਿੱਚੋਂ ਚੇਚਕ ਨੂੰ ਵਿਗਿਆਨ ਦੀ ਸਹਾਇਤਾ ਨਾਲ ਪੂਰੀ ਤਰ੍ਹਾਂ ਖਤਮ ਅਤੇ ਪੋਲੀਓ ਨੂੰ ਲਗਭਗ ਖਤਮ ਕੀਤਾ ਜਾ ਚੁੱਕਾ ਹੈ।

ਮਨੁੱਖਾਂ ਤੋਂ ਬਿਨਾਂ ਜਾਨਵਰਾਂ ਅਤੇ ਪੌਦਿਆਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਵਾਇਰਸ ਕਾਰਣ ਹੁੰਦੀਆਂ ਹਨ। ਅਸਲ ਵਿੱਚ ਵਾਇਰਸ ਦੀ ਖੋਜ ਹੀ ਤੰਬਾਕੂ ਦੇ ਪੱਤਿਆਂ ਦੇ ਵਾਇਰਸ ਰੋਗ ਨਾਲ ਗਲ ਸੜ ਜਾਣ ਤੋਂ ਹੋਈ ਸੀ। ਪਸ਼ੂਆਂ ਵਿੱਚ ਮੂੰਹ-ਖੁਰ ਦੀ ਬਿਮਾਰੀ ਦਾ ਕਾਰਣ ਵੀ ਵਾਇਰਸ ਹੀ ਹੁੰਦਾ ਹੈ।

**ਵਾਇਰਸ ਵਾਲੀਆਂ ਬਿਮਾਰੀਆਂ ਦਾ ਇਲਾਜ** : ਜਦ ਕੋਈ ਵਾਇਰਸ ਵਾਲੀ ਬਿਮਾਰੀ ਹੋ ਜਾਂਦੀ ਹੈ ਤਾਂ ਮਰੀਜ਼ ਨੂੰ ਕੋਈ ਦਵਾਈ ਦੇ ਕੇ ਤੁਰੰਤ ਠੀਕ ਨਹੀਂ ਕੀਤਾ ਜਾ ਸਕਦਾ, ਕਿਹਾ ਜਾਂਦਾ ਹੈ ਕਿ ਇਹ ਆਪਣਾ ਟਾਈਮ ਲੈ ਕੇ ਹੀ ਹਟੂਗੀ। ਇਸਦੇ ਮੁਕਾਬਲੇ ਜੀਵਾਣੂਆਂ (ਬੈਕਟੀਰੀਆ) ਨਾਲ ਹੋਣ ਵਾਲੀਆਂ ਬਿਮਾਰੀਆਂ ਨੂੰ ਐਂਟੀਬਾਇਓਟਿਕ ਦਵਾਈਆਂ ਦੇ ਕੇ ਰੋਗੀ ਨੂੰ ਜਲਦੀ ਰਾਜੀ ਕਰ ਲਿਆ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਵਾਇਰਸ ਕੋਈ ਪੂਰੀ ਤਰ੍ਹਾਂ ਜਿਉਂਦਾ ਸੂਖਮ ਜੀਵ ਨਹੀਂ ਜਿਸ ਨੂੰ ਮਾਰਿਆ ਜਾ ਸਕਦਾ ਹੋਵੇ। ਜਦ ਕਿ

ਬੈਕਟੀਰੀਆ ਸਜੀਵ ਹੁੰਦੇ ਹਨ ਜਿਨ੍ਹਾਂ ਨੂੰ ਦਵਾਈਆਂ ਨਾਲ ਮਾਰ ਕੇ ਖਤਮ ਕਰ ਦਿੱਤਾ ਜਾਂਦਾ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਵਿਸ਼ਾਣੂ ਤਾਂ ਸਰੀਰ ਉੱਤੇ ਵਿਸ਼ੈਲਾ ਪ੍ਰਭਾਵ ਪਾਉਣ ਵਾਲਾ ਅਣੂ ਸਮੂਹ ਹੀ ਹੈ। ਸੌਖੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਮਰੇ ਨੂੰ ਕੀ ਮਾਰਿਆ ਜਾਵੇ। ਵਾਇਰਸ ਨੂੰ ਬਹੁਤ ਤੇਜ ਕੈਮੀਕਲਜ਼ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ ਪਰ ਉਹ ਕੈਮੀਕਲ ਸਰੀਰ ਤੋਂ ਬਾਹਰ ਹੀ ਵਰਤੇ ਜਾ ਸਕਦੇ ਹਨ, ਜੇ ਸਰੀਰ ਵਿੱਚ ਵਰਤੇ ਜਾਣਗੇ ਤਾਂ ਵਾਇਰਸ ਦੀ ਸਫਾਈ ਹੋਣ ਤੋਂ ਪਹਿਲਾਂ ਸਰੀਰ ਦੇ ਜੀਵਤ ਸੈੱਲ ਖਤਮ ਹੋ ਜਾਣਗੇ। ਸੋ ਇਸ ਦੀਆਂ ਦਵਾਈਆਂ ਤਾਂ ਇਸਦੇ ਰਾਹੀਂ ਹੋਈਆਂ ਸਰੀਰਕ ਤਕਲੀਫਾਂ ਨੂੰ ਘੱਟ ਕਰਨ ਵਾਲੀਆਂ ਹੀ ਹੁੰਦੀਆਂ ਹਨ ਜਿਵੇਂ ਬੁਖਾਰ ਉਤਾਰਨ ਵਾਲੀਆਂ, ਦਰਦ ਘੱਟ ਕਰਨ ਵਾਲੀਆਂ, ਸਰੀਰ ਨੂੰ ਤਾਕਤ ਦੇਣ ਵਾਲੀਆਂ ਆਦਿ ਜਾਂ ਜਿਹੜੇ ਅੰਗ ਨੂੰ ਨੁਕਸਾਨ ਪਹੁੰਚ ਰਿਹਾ ਹੋਵੇ ਉਸ ਤੋਂ ਬੋਝ ਘਟਾਉਣਾ, ਜਿਵੇਂ ਫੇਫੜਿਆਂ ਲਈ ਵੈਂਟੀਲੇਟਰ ਆਦਿ ਲਗਾਉਣਾ।

ਫਿਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਕਿਸੇ ਦਵਾਈ ਨਾਲ ਇਸ ਨੂੰ ਖਤਮ ਨਹੀਂ ਕੀਤਾ ਜਾਂਦਾ ਤਾਂ ਰੋਗੀ ਠੀਕ ਕਿਵੇਂ ਹੁੰਦਾ ਹੈ? ਇਸਦਾ ਹੱਲ ਸਰੀਰ ਵਿੱਚ ਰੋਗ-ਪ੍ਰਤੀਰੋਧਕ ਸ਼ਕਤੀ (immunity) ਦਾ ਪੈਦਾ ਹੋਣਾ ਹੈ। ਜਦ ਸਰੀਰ ਉੱਤੇ ਕਿਸੇ ਬਿਮਾਰੀ ਦਾ ਹਮਲਾ ਹੁੰਦਾ ਹੈ ਤਾਂ ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਉਸਦੇ ਨਾਲ ਲੜਨ ਲਈ ਸਰਗਰਮ ਹੁੰਦੀ ਹੈ। ਜਿਹੜੇ ਵਾਇਰਸ ਜਿਆਦਾ ਖਤਰਨਾਕ ਨਹੀਂ ਹੁੰਦੇ ਭਾਵ ਜਿਨ੍ਹਾਂ ਦਾ ਅਸਰ ਸਰੀਰ ਦੇ ਬਹੁਤੇ ਮਹੱਤਵਪੂਰਨ ਅੰਗਾਂ ਉੱਤੇ ਨਹੀਂ ਪੈਂਦਾ ਉਨ੍ਹਾਂ ਨੂੰ ਸਰੀਰ ਦੀ ਇਹ ਕੁਦਰਤੀ ਰੱਖਿਆ ਸ਼ਕਤੀ ਹਰਾ ਦਿੰਦੀ ਹੈ ਭਾਵ ਉਨ੍ਹਾਂ ਦਾ ਸਰੀਰ ਦੇ ਸੈੱਲਾਂ ਉੱਤੇ ਪੈਣ ਵਾਲਾ ਅਸਰ ਖਤਮ ਹੋ ਜਾਂਦਾ ਹੈ ਅਤੇ ਵਿਅਕਤੀ ਠੀਕ ਹੋ ਜਾਂਦਾ ਹੈ ਪਰ ਜੇ ਵਿਅਕਤੀ ਦੀ ਰੋਗ-ਰੱਖਿਆ ਸ਼ਕਤੀ ਕਮਜ਼ੋਰ ਹੋਵੇ ਤਾਂ ਵਾਇਰਸ ਹੀ ਵੱਧ ਖਤਰਨਾਕ ਹੋਵੇ ਤਾਂ ਵਿਅਕਤੀ ਦੀ ਮੌਤ ਵੀ ਹੋ ਜਾਂਦੀ ਹੈ।

**ਵਿਗਿਆਨ ਅਤੇ ਵਾਇਰਸ** : ਪੁੱਛਿਆ ਜਾ ਸਕਦਾ ਹੈ ਕਿ ਵਿਗਿਆਨ ਵਾਇਰਸ ਵਾਲੀਆਂ ਬਿਮਾਰੀਆਂ ਨੂੰ ਖਤਮ ਕਰਨ ਲਈ ਕੀ ਕਰ ਸਕਦਾ ਹੈ ਅਤੇ ਕੀ ਕਰ ਰਿਹਾ ਹੈ? ਵਿਗਿਆਨ ਨੇ ਇਸ ਮਾਮਲੇ ਵਿੱਚ ਬਹੁਤ ਸ਼ਾਨਦਾਰ ਰੋਲ ਕੀਤਾ ਹੈ ਅਤੇ ਕਰ ਰਿਹਾ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਵਾਇਰਸ ਨੂੰ ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਨੂੰ ਵਧਾ ਕੇ ਹੀ ਖਤਮ ਕੀਤਾ ਜਾ ਸਕਦਾ ਹੈ। ਇਸਦੇ ਲਈ ਵਾਇਰਸ ਵਾਲੀਆਂ ਬਿਮਾਰੀਆਂ ਲਈ ਡਾਕਟਰੀ ਵਿਗਿਆਨ ਲਗਾਤਾਰ ਵੈਕਸੀਨਜ਼ ਬਣਾ ਰਿਹਾ ਹੈ। ਵੈਕਸੀਨ ਸਰੀਰ ਅੰਦਰ ਵਾਇਰਸ ਦੇ ਪ੍ਰਤੀਰੋਧੀ ਸ਼ਕਤੀ ਪੈਦਾ ਕਰ ਦਿੰਦੀ ਹੈ। ਜਿਸ ਵਾਇਰਸ ਦੀ ਵੈਕਸੀਨ ਵਿਅਕਤੀ ਨੂੰ ਲੱਗ ਜਾਂਦੀ ਹੈ ਉਸ ਅੰਦਰ ਉਸ ਵਾਇਰਸ ਪ੍ਰਤੀ ਐਨੀ ਰੋਗ-ਪ੍ਰਤੀਰੋਧੀ ਸ਼ਕਤੀ ਪੈਦਾ ਹੋ ਜਾਂਦੀ ਹੈ ਕਿ ਉਹ ਵਾਇਰਸ ਨੂੰ ਵਧਣ ਫੁੱਲਣ ਦਾ ਮੌਕਾ ਹੀ ਨਹੀਂ ਦਿੰਦੀ ਅਤੇ ਉਸਦੇ ਸਰੀਰ ਉੱਤੇ ਹੋਏ ਹਮਲੇ ਨੂੰ ਤੁਰੰਤ ਨਾਕਾਰਾ ਕਰ ਦਿੰਦੀ ਹੈ। ਪਰ ਵੈਕਸੀਨੇਸ਼ਨ ਦੀ ਸੀਮਾ ਇਹ ਹੈ ਕਿ ਇੱਕ ਵੈਕਸੀਨ ਦੁਆਰਾ ਪੈਦਾ ਹੋਈ ਪ੍ਰਤੀਰੋਧੀ ਸ਼ਕਤੀ ਹਰ ਕਿਸਮ ਦੇ ਵਾਇਰਸ ਨੂੰ ਨਕਾਰਾ ਨਹੀਂ ਕਰਦੀ, ਹਰ ਵਾਇਰਸ ਪ੍ਰਤੀ ਵੱਖਰੀ ਵੈਕਸੀਨ ਤਿਆਰ ਕਰਨੀ ਪੈਂਦੀ ਹੈ। ਸੋ ਜੇ ਨਵੇਂ ਵਾਇਰਸ ਪੈਦਾ ਹੁੰਦੇ ਹਨ ਉਨ੍ਹਾਂ ਲਈ ਨਵੀਂ ਵੈਕਸੀਨ ਤਿਆਰ ਕਰਨੀ ਪੈਂਦੀ ਹੈ ਜਿਸ ਦੌਰਾਨ ਉਹ ਕਈ ਵਾਰ ਕਾਫੀ ਤਬਾਹੀ ਵੀ ਮਚਾ ਦਿੰਦੇ ਹਨ।

**ਵੈਕਸੀਨ ਕਿਵੇਂ ਕੰਮ ਕਰਦੀ ਹੈ** - ਜਦ ਸਰੀਰ ਉੱਤੇ ਕੋਈ ਵੀ ਰੋਗਾਣੂ (ਰੋਗ ਪੈਦਾ ਕਰਨ ਵਾਲਾ ਜੀਵਾਣੂ ਜਾਂ ਵਿਸ਼ਾਣੂ) ਹਮਲਾ ਕਰਦਾ ਹੈ ਤਾਂ ਸਰੀਰ ਦਾ ਇਮਿਊਨ ਸਿਸਟਮ (ਰੋਗ-ਪ੍ਰਤੀਰੋਧੀ ਪ੍ਰਬੰਧ) ਉਸ ਤੋਂ ਬਚਾਅ ਲਈ ਐਂਟੀਬਾਡੀਜ਼ ਪੈਦਾ ਕਰਦਾ ਹੈ। ਰੋਗਾਣੂਆਂ ਨਾਲ ਇੱਕ ਵਾਰ ਤਾਂ ਆਦਮੀ ਬਿਮਾਰ ਹੋ ਜਾਂਦਾ ਹੈ, ਅਤੇ ਚਾਹੇ ਕੁਝ ਬਿਮਾਰੀਆਂ ਵਿੱਚ ਆਦਮੀ ਦੀ ਮੌਤ ਵੀ ਹੋ ਜਾਂਦੀ ਹੈ, ਪਰ ਬਹੁਤੇ ਕੇਸਾਂ ਵਿੱਚ ਐਂਟੀਬਾਡੀਜ਼ ਰੋਗਾਣੂਆਂ ਦੇ ਅਸਰ ਨੂੰ ਨਾਕਾਰ ਦਿੰਦੀਆਂ ਹਨ ਅਤੇ ਉਹ ਠੀਕ ਹੋ ਜਾਂਦਾ ਹੈ। ਠੀਕ ਹੋਣ ਬਾਅਦ ਵੀ ਉਹ ਐਂਟੀਬਾਡੀਜ਼ ਸਰੀਰ ਵਿੱਚ ਬਣੀਆਂ ਰਹਿੰਦੀਆਂ ਹਨ ਜਿਸ ਕਰਕੇ ਉਸ ਉੱਤੇ ਦੋਬਾਰਾ ਉਸ ਬਿਮਾਰੀ ਦਾ ਅਟੈਕ ਘੱਟ ਹੀ ਹੁੰਦਾ ਹੈ। ਵੈਕਸੀਨਜ਼ ਸਰੀਰ ਦੇ ਇਮਿਊਨ ਸਿਸਟਮ ਦੇ ਇਸ ਗੁਣ, ਭਾਵ ਐਂਟੀਬਾਡੀਜ਼ ਪੈਦਾ ਕਰਨ ਵਾਲੇ ਗੁਣ ਦੀ ਵਰਤੋਂ ਕਰਕੇ ਹੀ ਬਣਾਈਆਂ ਜਾਂਦੀਆਂ ਹਨ। ਜਿਸ ਬਿਮਾਰੀ ਦੀ ਵੈਕਸੀਨ ਤਿਆਰ ਕਰਨੀ ਹੋਵੇ ਉਸ ਦੇ ਰੋਗਾਣੂ ਮਰੇ ਹੋਏ ਜਾਂ ਬਹੁਤ ਕਮਜ਼ੋਰ ਅਤੇ ਘੱਟ ਮਾਤਰਾ ਵਿੱਚ ਲੈ ਕੇ ਸਰੀਰ ਵਿੱਚ ਟੀਕੇ ਰਾਹੀਂ ਲਾਏ ਜਾਂਦੇ ਹਨ। ਇਹ ਸਰੀਰ ਨੂੰ ਬਿਮਾਰ ਕਰਨ ਦੇ ਤਾਂ ਸਮਰੱਥ ਨਹੀਂ ਹੁੰਦੇ ਪਰ ਸਰੀਰ ਦਾ ਇਮਿਊਨ ਸਿਸਟਮ ਇਨ੍ਹਾਂ ਨੂੰ ਖਤਰਾ ਮੰਨ ਕੇ ਵੱਡੀ ਮਾਤਰਾ ਵਿੱਚ ਐਂਟੀਬਾਡੀਜ਼ ਪੈਦਾ ਕਰ ਦਿੰਦਾ ਹੈ ਜੋ ਭਵਿੱਖ ਵਿੱਚ ਉਸ ਰੋਗਾਣੂ ਦੇ ਅਸਲੀ ਖਤਰੇ ਤੋਂ ਮਨੁੱਖ ਨੂੰ ਬਚਾਈ ਰਖਦੀਆਂ ਹਨ। ਵੈਕਸੀਨਜ਼ ਆਮ ਕਰਕੇ ਬਚਪਨ ਵਿੱਚ ਲਗਾ ਦਿੱਤੀਆਂ ਜਾਂਦੀਆਂ ਹਨ ਪਰ ਜੋ ਨਵੀਂ ਬਿਮਾਰੀ ਪੈਦਾ ਹੁੰਦੀ ਹੈ ਉਸ ਤੋਂ ਬਚਾਅ ਲਈ ਵੱਡੀ ਉਮਰ ਵਿੱਚ ਵੀ ਲਗਾਈ ਜਾ ਸਕਦੀ ਹੈ। ਨਵੇਂ ਕੋਰੋਨਾਵਾਇਰਸ Covid-19 ਦੀ ਵੈਕਸੀਨ ਤਾਂ ਅਜੇ ਤਿਆਰ ਨਹੀਂ ਹੋਈ ਪਰ ਖਬਰਾਂ ਆ ਰਹੀਆਂ ਹਨ ਕਿ ਠੀਕ ਹੋਏ ਮਰੀਜਾਂ ਦੇ ਖੂਨ ਵਿੱਚੋਂ ਪਲਾਜ਼ਮਾ

ਲੈ ਕੇ ਰੋਗੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਦਾ ਕਾਰਣ ਇਹੀ ਹੈ ਕਿ ਠੀਕ ਹੋਏ ਰੋਗੀ ਦੇ ਇਮਿਊਨ ਸਿਸਟਮ ਨੇ ਉਸ ਦੇ ਖ਼ੂਨ ਵਿੱਚ ਬਹੁਤ ਮਾਤਰਾ ਵਿੱਚ ਐਂਟੀਬਾਡੀਜ਼ ਬਣਾ ਦਿੱਤੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਵਰਤੋਂ ਹੋਰ ਰੋਗੀਆਂ ਨੂੰ ਠੀਕ ਕਰਨ ਲਈ ਕੀਤੀ ਜਾ ਸਕਦੀ ਹੈ। ਪਰ ਇਸ ਤਕਨੀਕ ਦੀ ਇੱਕ ਸੀਮਾ ਹੈ ਕਿਉਂਕਿ ਐਂਟੀਬਾਡੀਜ਼ ਵਾਲਾ ਪਲਾਜ਼ਮਾ ਬਹੁਤੀ ਮਾਤਰਾ ਵਿੱਚ ਉਪਲਬਧ ਨਹੀਂ ਹੋ ਸਕਦਾ।

**ਕੋਰੋਨਾ-ਵਾਇਰਸ** - ਕੋਰੋਨਾਵਾਇਰਸ ਵੀ ਵਾਇਰਸਾਂ ਦਾ ਵਿਸ਼ੇਸ਼ ਗਰੁੱਪ ਹੈ ਜੋ ਮਨੁੱਖਾਂ ਦੀ ਸਾਹ ਪ੍ਰਣਾਲੀ ਉੱਤੇ ਹਮਲਾ ਕਰਦਾ ਹੈ। ਇਹ ਕੁਝ ਜਾਨਵਰਾਂ ਵਿੱਚ ਵੀ ਅਸਰਅੰਦਾਜ਼ ਹੁੰਦਾ ਹੈ। ਇਸਦਾ ਨਾਂ ਕੋਰੋਨਾ, ਇਸ ਦੀ ਇਲੈਕਟ੍ਰਾਨ ਮਾਈਕਰੋਸਕੋਪ ਹੇਠ ਦੇਖੀ ਬਣਤਰ ਤੋਂ ਲਿਆ ਗਿਆ ਜਿੱਥੇ ਇਸਦੀ ਬਾਹਰੀ ਦਿੱਖ ਕਰਾਊਨ ਭਾਵ ਤਾਜ ਨਾਲ ਕੁੱਝ ਕੁੱਝ ਮਿਲਦੀ ਜਾਪਦੀ ਹੈ। ਕੁੱਝ ਸਾਲ ਪਹਿਲਾਂ ਫੈਲੀਆਂ SARS ਅਤੇ MERS ਵਰਗੇ ਨਾਵਾਂ ਵਾਲੀਆਂ ਬਿਮਾਰੀਆਂ ਲਈ ਵੀ ਇਸੇ ਵਰਗ ਦੇ ਵਾਇਰਸ ਜਿੰਮੇਵਾਰ ਸਨ ਪਰ COVID-19 ਦੇ ਨਾਮ ਨਾਲ ਜਾਣਿਆ ਜਾਂਦਾ ਇਹ ਮੌਜੂਦਾ ਵਾਇਰਸ ਕੋਰੋਨਾਵਾਇਰਸ ਦੀ ਇੱਕ ਨਵੀਂ ਕਿਸਮ ਹੈ।

**ਕੀ ਕੋਰੋਨਾਵਾਇਰਸ ਮਨੁੱਖ ਦੇ ਹੰਕਾਰ, ਰੱਬ ਵੱਲੋਂ ਮਨੁੱਖ ਨੂੰ ਸਬਕ ਸਿਖਾਉਣ ਲਈ ਕੁਦਰਤ ਨਾਲ ਛੇੜਛਾੜ ਦਾ ਨਤੀਜਾ ਹੈ ?** ਚਾਹੇ ਕਰੋਨਾ ਮਹਾਂਮਾਰੀ ਨੇ ਸਾਰੇ ਧਾਰਮਿਕ ਸਥਾਨ ਬੰਦ ਕਰਵਾ ਕੇ ਹਸਪਤਾਲਾਂ ਅਤੇ ਵਿਗਿਆਨਕ ਸੰਸਥਾਵਾਂ ਦੀ ਅਹਿਮੀਅਤ ਨੂੰ ਉਭਾਰ ਕੇ ਅੱਗੇ ਲਿਆਂਦਾ ਹੈ ਪਰ ਫਿਰ ਵੀ ਕੁੱਝ ਲੋਕਾਂ ਵੱਲੋਂ ਇਸ ਨੂੰ ਇਉਂ ਹੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮਨੁੱਖ ਆਪਣੀਆਂ ਵਿਗਿਆਨਕ ਪ੍ਰਾਪਤੀਆਂ ਕਾਰਨ ਹੰਕਾਰ ਵਿੱਚ ਆ ਗਿਆ ਹੈ, ਇਸ ਵਾਇਰਸ ਰਾਹੀਂ ਉਸ ਨੂੰ ਦੱਸਿਆ ਗਿਆ ਹੈ ਕਿ ਮਨੁੱਖ ਸਰਵ-ਸਮਰੱਥ ਨਹੀਂ ਹੈ। ਪਹਿਲੀ ਗੱਲ ਤਾਂ ਅਜਿਹੀ ਮਹਾਂਮਾਰੀ ਫੈਲਣੀ ਕੋਈ ਨਵੀਂ ਗੱਲ ਨਹੀਂ ਜੋ ਵਿਗਿਆਨਕ ਯੁੱਗ ਵਿੱਚ ਹੀ ਫੈਲੀ ਹੋਵੇ। ਜਿੱਥੋਂ ਤੱਕ ਮਨੁੱਖੀ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ ਉਸ ਸਮੇਂ ਤੋਂ ਹੀ ਮਹਾਂਮਾਰੀਆਂ ਫੈਲਦੀਆਂ ਰਹੀਆਂ ਹਨ ਅਤੇ ਲੱਖਾਂ ਲੋਕ ਮਰਦੇ ਰਹੇ ਹਨ। ਪੁਰਾਤਨ ਰੋਮਨ ਸਾਮਰਾਜ ਵਿੱਚ 165 ਈਸਵੀ ਵਿੱਚ ਪਲੇਗ ਦੀ ਮਹਾਂਮਾਰੀ ਫੈਲੀ ਸੀ ਜਿਸਦੇ ਜੀਵਾਣੂ ਰੋਮ ਦੇ ਸੈਨਿਕ ਮੈਸੋਪੋਟੇਮੀਆਂ ਵਿੱਚ ਮੁੜਦੇ ਸਮੇਂ ਆਪਣੇ ਨਾਲ ਲੈ ਆਏ ਸਨ। ਇਤਿਹਾਸਕਾਰਾਂ ਵੱਲੋਂ ਇਸ ਨਾਲ 50 ਲੱਖ ਲੋਕ ਮਰਨ ਦਾ ਅੰਦਾਜਾ ਲਗਾਇਆ ਜਾਂਦਾ ਹੈ। ਪਲੇਗ ਦੀ ਮਹਾਂਮਾਰੀ ਅਕਸਰ ਫੈਲਦੀ ਰਹਿੰਦੀ ਸੀ ਜਿਸ ਨਾਲ ਲੱਖਾਂ ਲੋਕ ਮਰਦੇ ਸਨ ਪਰ 14ਵੀਂ ਸਦੀ ਵਿੱਚ ਫੈਲੀ ਪਲੇਗ ਨੇ ਤਾਂ ਸਾਰੇ ਰਿਕਾਰਡ ਹੀ ਤੋੜ ਦਿੱਤੇ ਸਨ ਜਦ ਯੌਰਪ, ਏਸ਼ੀਆ ਅਤੇ ਅਫਰੀਕਾ ਵਿੱਚ 1346 ਤੋਂ 1353 ਦੇ ਸੱਤ ਸਾਲਾਂ ਦੌਰਾਨ 10 ਕਰੋੜ ਤੋਂ ਉੱਪਰ ਲੋਕ ਇਸ ਮਹਾਂਮਾਰੀ ਦੀ ਭੇਂਟ ਚੜ੍ਹ ਗਏ। 1852 ਵਿੱਚ ਭਾਰਤ ਤੋਂ ਸ਼ੁਰੂ ਹੋਈ ਹੈਜੇ ਦੀ ਮਹਾਂਮਾਰੀ ਭਾਰਤ ਦੇ ਲੱਖਾਂ ਲੋਕ ਮਾਰਨ ਤੋਂ ਬਾਅਦ ਯੌਰਪ, ਉੱਤਰ ਅਮਰੀਕਾ ਅਤੇ ਅਫਰੀਕਾ ਤੱਕ ਫੈਲ ਗਈ ਜਿਸ ਨਾਲ ਦਸ ਲੱਖ ਤੋਂ ਉੱਪਰ ਲੋਕ ਮੌਤ ਦਾ ਸ਼ਿਕਾਰ ਹੋਏ। 1918 ਵਿੱਚ ਫੈਲੇ ਸਪੈਨਿਸ਼ ਫਲੂ ਨਾਲ ਵੀ ਲੱਖਾਂ ਲੋਕ ਦੇ ਮਰਨ ਦਾ ਅਨੁਮਾਨ ਹੈ। ਫਲੂ ਉਸ ਤੋਂ ਬਾਅਦ ਵੀ ਫੈਲਦਾ ਰਿਹਾ ਪਰ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਘਟਦੀ ਗਈ ਹੈ। ਹੁਣ ਕਰੋਨਾਵਾਇਰਸ ਮਹਾਂਮਾਰੀ ਨਾਲ ਵੀ ਮੌਤਾਂ ਦਾ ਅੰਕੜਾ ਪਹਿਲੀਆਂ ਮਹਾਂਮਾਰੀਆਂ ਦੇ ਮੁਕਾਬਲੇ ਬਹੁਤ ਘੱਟ ਹੈ ਹਾਲਾਂਕਿ ਬਹੁਤੀਆਂ ਸਰਕਾਰਾਂ ਵੱਲੋਂ ਵਿਗਿਆਨ ਦੇ ਸਾਰੇ ਸਾਧਨ ਇਸਦਾ ਟਾਕਰਾ ਕਰਨ ਵਿੱਚ ਨਹੀਂ ਲਗਾਏ ਜਾ ਰਹੇ। ਕਹਿਣ ਦਾ ਭਾਵ ਹੈ ਕਿ ਜਦ ਵਿਗਿਆਨ ਨੇ ਮੌਜੂਦਾ ਤਰੱਕੀ ਨਹੀਂ ਕੀਤੀ ਸੀ ਅਤੇ ਮਨੁੱਖ ਵਿਗਿਆਨਕ ਸਾਧਨ ਅਪਨਾਉਣ ਦੀ ਬਜਾਏ ਪੂਜਾ ਪਾਠ, ਅਰਦਾਸਾਂ ਅਤੇ ਟੂਣੇ ਟਾਮਣਾਂ ਉੱਤੇ ਹੀ ਨਿਰਭਰ ਹੁੰਦਾ ਸੀ ਉਸ ਵਕਤ ਤਾਂ ਮੌਤਾਂ ਦੀ ਗਿਣਤੀ ਬਹੁਤ ਜਿਆਦਾ ਹੁੰਦੀ ਸੀ। ਸੋ ਇਸ ਗੱਲ ਦਾ ਮਨੁੱਖ ਦਾ ਆਪਣੀ ਤਰੱਕੀ ਉੱਤੇ ਹੰਕਾਰ ਨਾਲ ਕੋਈ ਸਬੰਧ ਨਹੀਂ ਹੈ। ਅੱਜ ਵਿਗਿਆਨ ਨੇ ਜੀਵਾਣੂਆਂ ਨਾਲ ਹੋਣ ਵਾਲੀਆਂ ਮਹਾਂਮਾਰੀਆਂ ਤਾਂ ਲਗਭਗ ਖਤਮ ਹੀ ਕਰ ਦਿੱਤੀਆਂ ਹਨ, ਵਿਸ਼ਾਣੂਆਂ ਨਾਲ ਫੈਲਣ ਵਾਲੀਆਂ ਮਹਾਂਮਾਰੀਆਂ ਦੇ ਮਾਰੂ ਨੁਕਸਾਨ ਨੂੰ ਵੀ ਕੰਟਰੋਲ ਕਰਨ ਵਿੱਚ ਬਹੁਤ ਸਫਲ ਹੋ ਰਿਹਾ ਹੈ। ਮਨੁੱਖ ਦਾ ਕੁਦਰਤ ਦੀਆਂ ਮਾਰੂ ਸ਼ਕਤੀਆਂ ਨਾਲ ਲਗਾਤਾਰ ਸੰਘਰਸ਼ ਚੱਲ ਰਿਹਾ ਹੈ। ਅਸਲ ਵਿੱਚ ਮਨੁੱਖ ਅਤੇ ਕੁਦਰਤ ਦੇ ਦਵੰਦਮਈ ਸਬੰਧ ਵਿੱਚ ਮਨੁੱਖ ਦਾ ਕੁਦਰਤ ਨਾਲ ਸਬੰਧ ਏਕੇ ਅਤੇ ਸੰਘਰਸ਼ ਦਾ ਹੈ। ਇਸ਼ਦਾ ਅਰਥ ਹੈ ਕਿ ਮਨੁੱਖ ਕੁਦਰਤ ਦੀਆਂ ਮਾਰੂ ਸ਼ਕਤੀਆਂ ਨੂੰ ਹਰਾਉਣ ਅਤੇ ਕੁਦਰਤ ਦੇ ਅਥਾਹ ਪਦਾਰਥਕ ਸਾਧਨਾਂ ਅਤੇ ਊਰਜਾ ਨੂੰ ਮਨੁੱਖੀ ਵਿਕਾਸ ਲਈ ਵਰਤਣ ਦੇ ਅਮਲ ਵਿੱਚ ਪਿਆ ਰਿਹਾ ਹੈ। ਇਸ ਅਮਲ ਵਿੱਚ ਉਹ ਜਿੱਥੇ ਖੁਦ ਤਬਦੀਲ ਹੁੰਦਾ ਆ ਰਿਹਾ ਹੈ ਉੱਥੇ ਕੁਦਰਤ ਨੂੰ ਵੀ ਬਦਲਦਾ ਆ ਰਿਹਾ ਹੈ।

ਮੌਜੂਦਾ ਵਾਇਰਸ ਬਾਰੇ ਅਜੇ ਤੱਕ ਅਜਿਹੀ ਕੋਈ ਜਾਣਕਾਰੀ ਨਹੀਂ ਮਿਲੀ ਕਿ ਇਹ ਮਨੁੱਖ ਦੀ ਕੁਦਰਤ ਨਾਲ ਛੇੜਛਾੜ ਦਾ ਨਤੀਜਾ ਹੈ। ਵਾਇਰਸ ਵਿੱਚ ਡੀ.ਐੱਨ.ਏ. ਜਾਂ ਆਰ.ਐੱਨ.ਏ. ਦਾ ਹੋਣਾ ਹੀ ਉਸ ਵਿੱਚ ਇਹ ਗੁਣ ਪੈਦਾ

*...ਬਾਕੀ ਪੰਨਾ 14 'ਤੇ*

# ਕੋਵਿਡ (COVID) - 19

**ਡਾ. ਗੁਰੁਮੇਲ ਸਿੱਧੂ**

ਕੋਵਿਡ-19 (Covid-19) ਚੀਨ ਦੇ ਵੂਹਾਨ ਸ਼ਹਿਰ ਵਿਚ ਫੈਲੀ। ਇਸ ਵਾਇਰਸ ਦਾ ਨਾਂ ਵਿਸ਼ਵ ਸਿਹਤ ਸੰਸਥਾ (World Health Organization) ਨੇ ਰੱਖਿਆ: Co=corona, Vi=Virus, D=Disease, 19=Year)। ਕਰੋਨਾ ਵਾਇਰਸ ਦੇ ਕਣ ਉੱਤੇ ਤਾਜ (Crown) ਦੇ ਕਿੰਗਰਿਆਂ ਵਰਗੇ ਕਿੱਲ (Spike) ਜਿਹੇ ਹਨ ਜਿਸ ਕਰਕੇ ਇਸ ਨੂੰ ਕਰੋਨਾ ਕਿਹਾ ਜਾਂਦਾ ਹੈ। ਮੁਕਾਬਲੇ 'ਤੇ ਇਨਸਾਨ ਦੀ ਸਾਹ-ਨਲੀ ਤੇ ਸੰਘ ਵਿਚ ਰੀਸੈਪਟਰ ਕੋਸ਼ (Receptor Cell) ਹਨ। ਵਾਇਰਸ ਦੇ ਕਿੰਗਰੇ ਰਿਸੈਪਟਰ ਕੋਸ਼ਾਂ ਵਿੱਚ ਧੱਸ ਕੇ ਅੰਦਰ ਦਾਖਲ ਹੋਣ ਦਾ ਰਾਹ ਬਣਾ ਲੈਂਦੇ ਹਨ। ਇਹ ਪ੍ਰਕਿਰਿਆ ਰਸਾਇਣਿਕ ਪੱਧਰ 'ਤੇ ਹੁੰਦੀ ਹੈ।



**ਕਰੋਨਾ ਵਾਇਰਸ ਦੇ ਕੋਸ਼ ਉੱਤੇ ਕਿੰਗਰੇ**

ਕਰੋਨਾ ਵਾਇਰਸ ਸਰੀਰ ਵਿਚ ਵੜ ਕੇ ਨੱਕ ਦੇ ਉਤਲੇ ਅਤੇ ਗਲ਼ੇ ਦੇ ਪਿਛਲੇ ਪਾਸੇ ਨਾਲ ਚਿੰਬੜ ਜਾਂਦੀ ਹੈ। ਚਿੰਬੜ ਕੇ ਇਕ ਕਿਸਮ ਦੀ ਪ੍ਰੋਟੀਨ ਪੈਦਾ ਕਰਦੀ ਹੈ ਜੋ ਸਾਹ-ਨਲੀ ਦੇ ਕੋਸ਼ਾਂ ਦੀ ਪ੍ਰੋਟੀਨ ਨਾਲ ਗੁੱਥਮ-ਗੁੱਥਾ ਹੁੰਦੀ ਹੈ। ਵਾਇਰਸ ਦੀ ਪ੍ਰੋਟੀਨ ਸਾਹ-ਨਲੀ ਦੇ ਕੋਸ਼ਾਂ ਦੀ ਪ੍ਰੋਟੀਨ ਨੂੰ ਮਾਤ ਪਾਕੇ ਅੰਦਰ ਦਾਖਲ ਹੋ ਜਾਂਦੀ ਹੈ। ਕਿਆਸ ਕਰੋ ਕਿ ਇਨਸਾਨ ਦਾ ਜਿਸਮ ਘਰ ਹੈ ਤੇ ਵਾਇਰਸ ਚੋਰ ਹੈ। ਘਰ ਨੂੰ ਜੰਦਰਾ ਲੱਗਾ ਹੋਇਆ ਹੈ। ਵਾਇਰਸ ਆਪਣੇ ਕਿੰਗਰਿਆਂ (Spike) ਦੀ ਚਾਬੀ ਨਾਲ ਜੰਦਰਾ ਖੋਲ੍ਹ ਕੇ ਅੰਦਰ ਵੜਦੀ ਹੈ। ਦਾਖਲ ਹੋ ਕੇ ਘਰ ਦੀ ਖਾਧ ਖੁਰਾਕ ਆਪਣੇ ਵਧਣ-ਫੁੱਲਣ ਲਈ ਵਰਤਦੀ ਹੈ। ਰੱਜ-ਪੁੱਜ ਕੇ ਆਪਣੇ ਆਪ ਦੀਆਂ ਕਾਪੀਆਂ ਬਣਾਉਂਦੀ ਹੈ। ਕਾਪੀਆਂ ਬਨਾਉਣ ਦੇ ਤਰੀਕੇ ਨੂੰ ਸਮਝਣ ਲਈ ਵਾਇਰਸ ਦੀ ਜਨੈਟਿਕਸ (Genetics) ਨੂੰ ਸਮਝਣਾ ਜ਼ਰੂਰੀ ਹੈ।

ਆਦਮੀ ਦੇ ਕੋਸ਼ਾਂ ਵਿਚ ਡੀ. ਐਨ. ਏ. (DNA) ਦਾ ਕਣ ਹੈ ਅਤੇ ਵਾਇਰਸ ਦੇ ਕੋਸ਼ਾਂ ਵਿਚ ਆਰ. ਐਨ. ਏ. ਦਾ ਕਣ (RNA) ਹੁੰਦਾ ਹੈ। ਡੀ. ਐਨ. ਏ. ਦੋਹਰੀ ਲੜੀ ਦਾ ਅਤੇ ਆਰ. ਐਨ. ਏ. ਇਕਹਿਰੀ ਲੜੀ ਦਾ ਕਣ ਹੈ। ਇਨਸਾਨ ਦਾ ਡੀ. ਐਨ. ਏ. ਪਹਿਲਾਂ ਆਰ. ਐਨ. ਏ. ਬਣਾਉਂਦਾ ਹੈ ਜਿਸ ਦੇ ਆਧਾਰ 'ਤੇ ਪ੍ਰੋਟੀਨਜ਼ (ਐਨਜ਼ਾਇਮਜ਼) ਬਣਦੀਆਂ ਹਨ। ਐਨਜ਼ਾਇਮਜ਼ ਸਰੀਰ ਦਾ ਕਾਰੋਬਾਰ ਚਲਾਉਂਦੇ ਹਨ। ਕਰੋਨਾ ਵਾਇਰਸ ਪਹਿਲਾਂ ਹੀ ਆਰ. ਐਨ. ਏ. ਕਣ ਦੀ ਬਣੀ ਹੋਈ ਹੈ ਇਸ ਲਈ ਇਹ ਸਿੱਧੀ ਪਰੋਟੀਨਜ਼ ਬਣਾ ਲੈਂਦੀ ਹੈ। ਪਰੋਟੀਨਜ਼ ਬਨਾਉਣ ਲਈ ਇਨਸਾਨ ਦੇ ਕੋਸ਼ਾਂ ਦੀ ਮਸ਼ੀਨਰੀ (Ribosomes) ਵਰਤ ਕੇ ਆਪਣੀਆਂ ਕਾਪੀਆਂ ਬਣਾਉਂਦੀ ਹੈ। ਕਾਪੀਆਂ ਤੋਂ ਵਾਇਰਸ ਦੇ ਨਵੇਂ ਕਣ ਬਣਦੇ ਹਨ ਜੋ ਇਨਸਾਨ ਦੇ ਕੋਸ਼ 'ਚੋਂ ਬਾਹਰ ਨਿਕਲ ਕੇ ਤੰਦਰੁਸਤ ਕੋਸ਼ਾਂ ਨੂੰ ਚਿੰਬੜੀ ਜਾਂਦੇ ਹਨ।



**ਇਨਸਾਨੀ ਕੋਸ਼ ਵਿੱਚ ਵਾਇਰਸ ਦੀ ਗਤੀਵਿਧੀ**

ਸਾਹ-ਨਲੀ ਅਤੇ ਫੇਫੜਿਆਂ ਦੇ ਕੋਸ਼ਾਂ ਵਿਚ ਸੋਜਿਸ਼ ਹੋ ਜਾਂਦੀ ਹੈ ਤੇ ਗਾੜ੍ਹੇ ਜਹੇ ਘੋਲ (Solution) ਨਾਲ ਭਰ ਜਾਂਦੇ ਹਨ। ਫਲਸਰੂਪ, ਫੇਫੜੇ ਕੰਮ ਕਰਨੋ ਹਟ ਜਾਂਦੇ ਹਨ ਤਾਂ ਸਰੀਰ ਦਾ ਕਾਰੋਬਾਰ ਰੁਕ ਜਾਂਦਾ ਹੈ। ਯਾਦ ਰਹੇ ਕਿ ਫੇਫੜਿਆਂ ਵਿਚ ਸਾਹ ਰਾਹੀਂ ਆਕਸੀਜਨ ਜਾਂਦੀ ਹੈ ਜੋ ਖੂਨ ਨੂੰ ਸਾਫ ਕਰਦੀ ਹੈ।

ਸਾਹ ਦੀਆਂ ਬੀਮਾਰੀਆਂ ਪੈਦਾ ਕਰਨ ਵਾਲੀਆਂ ਵਾਇਰਸਾਂ, ਆਮ ਕਰਕੇ ਸਾਹ-ਨਲੀ ਦੇ ਉਤਲੇ ਜਾਂ ਹੇਠਲੇ ਹਿੱਸਿਆਂ ਨੂੰ ਲਗਦੀਆਂ ਹਨ। ਉਤਲੇ ਹਿੱਸੇ (ਨੱਕ ਅਤੇ ਸੰਘ)



**ਤੰਦਰੁਸਤ (ਖੱਬਾ) ਅਤੇ ਵਾਇਰਸ ਗ੍ਰਸਤ (ਸੱਜਾ) ਫੇਫੜਾ**

ਦੀ ਬੀਮਾਰੀ ਛੇਤੀ ਫੈਲਦੀ ਹੈ ਪਰ ਘੱਟ ਖਤਰਨਾਕ ਹੁੰਦੀ ਹੈ ਜਿਵੇਂ, ਜ਼ੁਕਾਮ (Common cold)। ਮੁਕਾਬਲੇ ਤੇ ਹੇਠਲੇ ਸੰਘ ਦੇ ਹਿੱਸੇ, ਜਿੱਥੇ ਫੇਫੜਿਆਂ ਦੀਆਂ ਨਲੀਆਂ ਜੁੜੀਆਂ ਹੋਈਆਂ ਹਨ, ਨੂੰ ਲੱਗਣ ਵਾਲੀ ਵਾਇਰਸ ਛੇਤੀ ਨਹੀਂ ਫੈਲਦੀ', ਪਰ ਵੱਧ ਖਤਰਨਾਕ ਹੁੰਦੀ ਹੈ। ਕਰੋਨਾ ਵਾਇਰਸ ਸਾਹ-ਨਲੀ ਦੇ ਉਤਲੇ ਅਤੇ ਹੇਠਲੇ ਹਿਸਿਆਂ ਨੂੰ ਲਗਦੀ ਹੈ। ਜਦ ਉਤਲੇ ਹਿੱਸੇ ਵਿਚ ਹੁੰਦੀ ਹੈ ਤਾਂ ਇਸ ਦੀ ਕੋਈ ਖਾਸ ਨਿਸ਼ਾਨੀ ਨਹੀਂ ਹੁੰਦੀ। ਵਗੈਰ ਨਿਸ਼ਾਨੀ ਵਾਲੇ ਬੰਦੇ, ਅਣਜਾਣੇ ਵਿਚ ਇਕ ਦੂਜੇ ਨੂੰ ਮਿਲਦੇ ਰਹਿੰਦੇ ਹਨ ਤੇ ਵਾਇਰਸ ਦੇ ਸ਼ਿਕਾਰ ਹੋ ਜਾਂਦੇ ਹਨ। ਅਰਥਾਤ, ਵਾਇਰਸ ਰੂਪਮਾਨ ਹੋਣ ਤੋਂ ਪਹਿਲਾਂ ਇਕ ਦੂਜੇ ਨੂੰ ਲੱਗ ਜਾਂਦੀ ਹੈ। ਸੰਸਾਰ ਭਰ ਵਿਚ ਇਸ ਦੇ ਫੈਲਣ ਦਾ ਇਹੋ ਕਾਰਨ ਹੈ। ਪਤਾ ਲੱਗਣ ਲਈ ਦੋ ਕੁ ਹਫਤੇ ਚਾਹੀਦੇ ਹਨ, ਇਸੇ ਲਈ ਲੋਕਾਂ ਨੂੰ ਦੋ ਹਫਤਿਆਂ ਲਈ ਇਕੱਲੇ ਰਹਿਣ ਲਈ ਕਿਹਾ ਜਾਂਦਾ ਹੈ।

**ਸਾਨੂੰ ਕੀ ਕਰਨਾ ਚਾਹੀਦਾ ਹੈ ?**

ਕਰੋਨਾ ਵਾਇਰਸ ਲਾਗ (Infection) ਨਾਲ ਫੈਲਦੀ ਹੈ ਇਸ ਲਈ ਹੇਠ ਲਿਖੇ ਨਿਯਮ ਅਪਨਾਉਣੇ ਚਾਹੀਦੇ ਹਨ।

1. ਘਰ ਵਿਚ ਇਕੱਲੇ ਰਹੋ ਤੇ ਘਰਦਿਆਂ ਤੋਂ ਛੇ ਫੁੱਟ ਦੀ ਦੂਰੀ ਬਣਾ ਕੇ ਰੱਖੋ।
2. ਜੇ ਜ਼ਰੂਰੀ ਬਾਹਰ-ਅੰਦਰ ਜਾਣਾ ਪਵੇ ਤਾਂ ਕਿਸੇ ਨਾਲ ਹੱਥ ਨਾ ਮਿਲਾਓ, ਜੱਫੀ ਨਾ ਪਾਓ ਤੇ ਲੋਕਾਂ ਤੋਂ ਛੇ ਫੁੱਟ ਪਰੇ ਰਹੋ। ਘਰ ਆਉਂਦਿਆਂ ਸਾਰ ਸਾਬਣ ਨਾਲ ਹੱਥ ਧੋਵੋ, ਕੱਪੜੇ ਉਤਾਰ ਕੇ ਵੱਖ ਰੱਖੋ।
3. ਰੋਜ਼ ਗਰਮ ਪਾਣੀ ਨਾਲ ਨਹਾਵੋ, ਤੌਲੀਆਂ ਬਦਲੋ ਤੇ ਤੌਲੀਆ ਹੋਰ ਜੀਆਂ ਨਾਲ ਸਾਂਝਾ ਨਾ ਕਰੋ।
4. ਭੀੜ ਤੋਂ ਬਚੋ, ਜੇ ਕਿਤੇ ਲੋਕਾਂ ਵਿਚ ਵਿਚਰਨਾ ਪਵੇ ਤਾਂ ਘੱਟ ਤੋਂ ਘੱਟ 6 ਫੁੱਟ ਦਾ ਫਾਸਲਾ ਰੱਖੋ।
5. ਛਿੱਕ ਮਾਰਨ ਅਤੇ ਖੰਘਣ ਤੋਂ ਪਹਿਲਾਂ ਨੱਕ-ਮੂੰਹ ਨੂੰ ਟਿਸ਼ੂ ਪੇਪਰ ਨਾਲ ਢਕੋ ਤੇ ਟਿਸ਼ੂ ਪੇਪਰ ਨੂੰ ਡਸਟਬਿਨ ਵਿਚ ਸੁੱਟ ਦੇਵੋ। ਜੇ ਟਿਸ਼ੂ ਪੇਪਰ ਨਾ ਹੋਵੇ ਤਾਂ ਕੂਹਣੀ ਜਾਂ ਬਾਂਹ ਨੂੰ ਮੂੰਹ ਅੱਗੇ ਕਰ ਲਵੋ।
6. ਅਣਧੋਤੇ ਹੱਥਾਂ ਨਾਲ ਮੂੰਹ, ਨੱਕ, ਅੱਖਾਂ ਜਾਂ ਚਿਹਰੇ ਨੂੰ ਨਾ ਛੂਹੋ।
7. ਹੱਥਾਂ ਨੂੰ ਅੱਧੇ ਮਿੰਟ (30 ਸਕਿੰਟ) ਲਈ ਸਾਬਣ ਨਾਲ ਧੋਵੋ। ਜੇ ਬੈਕਟੀਰੀਆ-ਮਾਰ ਸਾਬਣ ਹੋਵੇ ਤਾਂ ਵਧੀਆ ਹੈ, ਨਹੀਂ ਤਾਂ ਆਮ ਸਾਬਨ ਦਾ ਇਸਤੇਮਾਲ ਕਰੋ। ਖਾਸ ਕਰਕੇ ਹੱਥਾਂ ਨੂੰ ਓਦੋਂ ਧੋਣਾ ਜ਼ਰੂਰੀ ਹੈ ਜਦ ਤੁਸੀਂ ਬਾਹਰੋਂ ਆਉਂਦੇ ਹੋ, ਕਿਸੇ ਨਾਲ ਸੰਪਰਕ ਕਰਦੇ ਹੋ, ਨੱਕ ਸੁਣਕਦੇ ਹੋ, ਛਿੱਕ ਮਾਰਦੇ ਹੋ ਜਾਂ ਖੰਘਦੇ ਹੋ।
8. ਹੱਥਾਂ ਨੂੰ ਘੱਟ ਤੋਂ ਘੱਟ 60% ਅਲਕੋਹਲ (Alcohol) ਵਾਲੇ ਹੈਂਡ-ਸਿੰਟਾਈਜ਼ਰ (Hand Sensetizer) ਨਾਲ ਮਲੋ।
9. ਘਰ ਦੇ ਕਿਚਨ-ਸਿੰਕ ਤੇ ਟੂਟੀਆਂ ਅਤੇ ਕਿਚਨ-ਬੋਰਡ, ਟੇਬਲ ਤੇ ਕੁਰਸੀਆਂ, ਦਰਵਾਜ਼ਿਆਂ ਤੇ ਅਲਮਾਰੀਆਂ ਦੇ ਮੁੱਠੇ ਤੇ ਹੱਥੇ, ਬਲਬਾਂ ਦੇ ਸਵਿੱਚ, ਟੈਲੀਫੂਨ, ਕੰਪਿਊਟਰ ਦੇ ਕੀ-ਬੋਰਡ, ਰਿਮੋਟ ਕੰਟਰੋਲ, ਗੁਸਲਖਾਨੇ ਦੇ ਕਮੋਡ ਤੇ ਫਲੱਸ਼-ਮੁੱਠੇ, ਆਦਿ ਨੂੰ ਬੈਕਟੇਰੀਆ-ਮਾਰ ਦੁਆਈਆਂ ਜਾਂ ਡਿਸਇਨਫੈਕਟਿੰਗ ਵਾਈਪਸ (Disinfection Wipes) ਨਾਲ ਸਾਫ ਕਰੋ।
10. ਜੇ ਲੱਗੇ ਕਿ ਤੁਸੀਂ ਬੀਮਾਰ ਹੋ ਰਹੇ ਹੋ ਤਾ ਮੂੰਹ 'ਤੇ ਮਾਸਕ (Mask) ਪਾਕੇ ਰੱਖੋ, ਘਰਦਿਆਂ ਤੋਂ ਵੱਖਰੇ ਕਮਰੇ ਵਿਚ ਰਹੋ। ਜੇ ਹਾਲਤ ਗੰਭੀਰ ਹੁੰਦੀ ਦਿਸੇ ਤਾਂ ਡਾਕਟਰ ਨਾਲ ਤਾਲਮੇਲ ਕਰੋ।

**ਕਰੋਨਾ ਵਾਇਰਸ ਦਾ ਸ਼ਿਕਾਰ ਕਿਹੜੇ ਲੋਕ ਵੱਧ ਹੋ ਸਕਦੇ ਹਨ ?**

ਵੈਸੇ ਤਾਂ ਕੋਈ ਵੀ ਇਸ ਵਾਇਰਸ ਦਾ ਸ਼ਿਕਾਰ ਹੋ ਸਕਦਾ ਹੈ, ਪਰ ਵੱਡੀ ਉਮਰ ਦੇ ਲੋਕਾਂ ਨੂੰ ਵੱਧ ਖਤਰਾ ਹੈ। ਵੱਡੀ ਉਮਰ ਵਿਚ ਉਨ੍ਹਾਂ ਲੋਕਾਂ ਨੂੰ ਵਧੇਰੇ ਖਤਰਾ ਹੈ ਜੋ ਪਹਿਲਾਂ ਹੀ ਕਿਸੇ-ਨਾ-ਕਿਸੇ ਬੀਮਾਰੀ ਦੇ ਸ਼ਿਕਾਰ ਹਨ ਜਿਵੇਂ ਦਿਲ ਦਾ ਦੌਰਾ, ਲਹੂ ਦਾ ਦਬਾਅ, ਸ਼ੂਗਰ ਰੋਗ, ਹੈਪਟਾਇਟਸ-ਬੀ, ਏਡਜ਼, ਆਦਿ। ਵੱਡੀ ਉਮਰ ਦੇ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ ?

1. ਫਿਕਰ ਘਟਾਓ ਤੇ ਉਹ ਕੰਮ ਕਰੋ ਜਿਨ੍ਹਾਂ ਵਿਚ ਦਿਲਚਸਪੀ ਹੋਵੇ।
2. ਵਰਜ਼ਿਸ਼ ਕਰੋ, ਡੂੰਘੇ ਸਾਹ ਲਓ।
3. ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ ਵਾਲੀ ਖੁਰਾਕ ਲਵੋ।

**ਅਫਵਾਹਾਂ ਤੋਂ ਸਾਵਧਾਨੀ**

ਕਰੋਨਾ ਵਾਇਰਸ ਦਾ ਐਨਾ ਡਰ ਤੇ ਭੈਅ ਫੈਲ ਗਿਆ ਹੈ ਕਿ ਇਸ ਦਾ ਨਾਂ ਸੁਣਦਿਆਂ ਸਾਰ ਲੋਕ ਘਬਰਾ ਜਾਂਦੇ ਹਨ।

*...ਬਾਕੀ ਪੰਨਾ 14 'ਤੇ*

*ਵਿਦਿਆਰਥੀ ਵਿਸ਼ੇਸ਼*

# ਆਓ ਵਿਗਿਆਨਕ ਕਾਰਣ ਜਾਣੀਏ



**ਰਣਧੀਰ ਗਿੱਲਪੱਤੀ**

ਵਿਗਿਆਨ ਦੇ ਸੱਚ ਦਾ ਸੂਰਜ ਹਮੇਸ਼ਾ ਹੀ ਝੂਠ, ਫਰੇਬ ਤੇ ਅੰਧਵਿਸ਼ਵਾਸ ਦੇ ਕਾਲੇ ਬੱਦਲਾਂ ਦੇ ਸੌ ਪਰਦੇ ਪਾੜ ਕੇ ਚਮਕਦਾ ਹੈ। ਇਹ ਸੱਚ, ਬ੍ਰਹਿਮੰਡ ਵਿੱਚ ਵਾਪਰਦੇ ਅਨੇਕਾਂ ਵਰਤਾਰਿਆਂ ਬਾਰੇ ਪਾਖੰਡੀਆਂ ਦੁਆਰਾਂ ਪਰਚਾਰੀਆਂ ਜਾਂਦੀਆਂ ਗੈਰਵਿਗਿਆਨਕ ਵਿਆਖਿਆਵਾਂ ਨੂੰ ਦਰਕਿਨਾਰ ਕਰਕੇ ਸਹੀ ਕਾਰਨਾਂ ਨੂੰ ਲੋਕਾਈ ਦੇ ਸਾਹਮਣੇ ਲਿਆਉਂਦਾ ਹੈ। ਵਿਗਿਆਨ ਦੀਆਂ ਤਰਕਪੂਰਣ ਤੇ ਪਰਖੀਆਂ ਹੋਈਆਂ ਸੱਚਾਈਆਂ, ਉਹਨਾਂ ਸਿਰੜੀ ਤੇ ਦ੍ਰਿੜ ਇਰਾਦੇ ਵਾਲੇ ਖੋਜੀਆਂ ਦੀਆਂ ਸਾਲਾਂ ਬੱਧੀ ਘਾਲਣਾਵਾਂ ਦਾ ਸਿੱਟਾ ਹਨ ਜਿਨ੍ਹਾਂ ਨੇ ਲੱਖ ਰੁਕਾਵਟਾਂ ਤੇ ਵਿਰੋਧਾਂ ਦੇ ਬਾਵਜੂਦ ਅਗਿਆਨਤਾ ਦੇ ਹਨੇਰੇ ਵਿੱਚੋਂ ਕੇਵਲ ਤੇ ਕੇਵਲ ਸੱਚ ਦਾ ਚਾਨਣ ਲੋਕਾਂ ਦੇ ਸਾਹਮਣੇ ਲਿਆਂਦਾ। ਆਓ, ਇੱਕ ਵਾਰ ਫਿਰ ਕੁਝ ਵਰਤਾਰਿਆਂ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਣਾਂ ਨੂੰ ਜਾਣਨ ਸਮਝਣ ਦਾ ਯਤਨ ਕਰੀਏ:

**ਵੱਡੀ ਪੱਧਰ 'ਤੇ ਲੱਗੀ ਅੱਗ ਨੂੰ ਹਵਾ ਪੱਖਾ ਝਲਦੀ ਹੈ, ਕਿਵੇਂ ?**

ਇਹ ਸੱਚ ਹੈ ਕਿ ਤੇਜ ਵਗ ਰਹੀ ਹਵਾ ਕਿਸੇ ਥਾਂ 'ਤੇ ਲੱਗੀ ਅੱਗ ਨੂੰ ਭੜਕਾਉਣ ਦਾ ਸਾਧਨ ਬਣਦੀ ਹੈ। ਪਰ ਜੇ ਕੋਈ ਇਹ ਆਖੇ ਕਿ ਜਿਸ ਵੇਲੇ ਹਵਾ ਦੀ ਗਤੀ ਲਗਭਗ ਨਹੀਂ ਦੇ ਬਰਾਬਰ ਹੁੰਦੀ ਹੈ ਉਸ ਵੇਲੇ ਵੀ ਕਿਸੇ ਇਲਾਕੇ ਵਿੱਚ ਵੱਡੇ ਪੱਧਰ 'ਤੇ ਲੱਗੀ ਅੱਗ ਨੂੰ ਹਵਾ ਪੱਖਾ ਝੱਲ ਰਹੀ ਹੁੰਦੀ ਹੈ, ਤਾਂ ਇਸ ਕਥਨ 'ਤੇ ਯਕੀਨ ਕਰਨਾ ਔਖਾ ਲਗਦਾ ਹੈ। ਸ਼ਾਇਦ ਤੁਸੀਂ ਵੀ ਇਸ ਗੱਲ 'ਤੇ ਵਿਸ਼ਵਾਸ ਨਾ ਕਰੋ, ਪਰ ਹਵਾ ਉੱਪਰ ਲਗਾਇਆ ਗਿਆ ਇਹ 'ਦੋਸ਼' ਸੌ ਫੀਸਦੀ ਸੱਚ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਹਵਾ ਅਜਿਹੀ ਗੁਸਤਾਖੀ ਕਰਕੇ ਅੱਗ ਨੂੰ ਕਿਉਂ ਭੜਕਾਉਂਦੀ ਹੈ ਜਦਕਿ ਲੋਕ ਅੱਗ ਨੂੰ ਬੁਝਾਉਣ ਦਾ ਯਤਨ ਕਰ ਰਹੇ ਹੁੰਦੇ ਹਨ। ਸ਼ਾਇਦ ਕੋਈ ਚਤੁਰ ਸੰਤ, ਬਾਬਾ ਜਾਂ ਸਿਆਣਾ ਇਸ ਵਰਤਾਰੇ ਨੂੰ ਕਿਸੇ ਕਿਸਮਤ ਜਾਂ ਕਰਾਮਾਤ ਨਾਲ ਜੋੜਨ ਦਾ ਵੀ ਮੌਕਾ ਤਾੜ ਰਿਹਾ ਹੋਵੇ। ਪਰ ਅਸੀਂ ਦੇਖਾਂਗੇ ਕਿ ਇਹ ਅਦਭੁੱਤ ਵਰਤਾਰਾ ਵਿਗਿਆਨ ਦੇ ਇੱਕ ਨਿਯਮ ਅਧੀਨ ਹੀ ਵਾਪਰ ਰਿਹਾ ਹੁੰਦਾ ਹੈ।

ਵਿਗਿਆਨ ਦਾ ਇਹ ਸਥਾਪਤ ਨਿਯਮ ਹੈ ਕਿ ਜਿਵੇਂ ਤਰਲ ਪਦਾਰਥ ਉਚਾਣ ਤੋਂ ਨਿਵਾਣ ਵੱਲ ਵਹਿੰਦੇ ਹਨ, ਉਸੇ ਤਰ੍ਹਾਂ ਹਵਾ ਹਮੇਸ਼ਾ ਵੱਧ ਦਬਾਅ ਵਾਲੇ ਖੇਤਰ ਤੋਂ ਘੱਟ ਦਬਾਅ ਵਾਲੇ ਖੇਤਰ ਵੱਲ ਵਗਦੀ ਹੈ। ਪ੍ਰਿਥਵੀ ਦੇ ਜਿਨ੍ਹਾਂ ਖੰਡਾਂ ਵਿੱਚ ਤੇਜ਼ ਗਰਮੀ ਪੈਂਦੀ ਹੈ ਉਥੇ ਹਵਾ ਗਰਮ ਹੋ ਕੇ ਫੈਲਦੀ ਹੈ ਤੇ ਉਸਦੇ ਅਣੂ ਵਿਰਲੇ ਹੋਣ ਕਰਕੇ ਹਵਾ ਦਾ ਦਬਾਅ ਕਾਫੀ ਘੱਟ ਜਾਂਦਾ ਹੈ। ਇਸਦੇ ਮੁਕਾਬਲੇ ਠੰਢੇ ਖੰਡਾਂ ਵਿੱਚ ਹਵਾ ਦੇ ਅਣੂੰ ਸੰਘਣੇ ਹੁੰਦੇ ਹਨ ਤੇ ਹਵਾ ਦਾ ਦਬਾਅ ਜਿਆਦਾ ਹੁੰਦਾ ਹੈ। ਉੱਪਰ ਜਿਕਰ ਕੀਤੇ ਨਿਯਮ ਅਧੀਨ ਹਵਾਵਾਂ ਵੱਧ ਦਬਾਅ ਵਾਲੇ ਖੇਤਰਾਂ ਤੋਂ ਘੱਟ ਦਬਾਅ ਵਾਲੇ ਖੇਤਰਾਂ ਵੱਲ ਵਗਦੀਆਂ ਹਨ। ਇਸ ਤਰ੍ਹਾਂ ਮੌਸਮ ਵਿਗਿਆਨੀ ਉਕਤ ਨਿਯਮ ਅਨੁਸਾਰ ਵਾਯੂਮੰਡਲ ਦੇ ਵੱਖ ਵੱਖ ਖੇਤਰਾਂ ਦੇ ਤਾਪਮਾਨ ਦਾ ਅਧਿਐਨ ਕਰਕੇ ਹਵਾ ਦੇ ਦਬਾਅ ਬਾਰੇ ਜਾਣ ਲੈਂਦੇ ਹਨ ਤੇ ਆਉਣ ਵਾਲੇ ਹਨੇਰੀ, ਤੂਫਾਨ ਤੇ ਝੱਖੜ ਝੋਲੇ ਦੀ ਦਿਸ਼ਾ ਤੇ ਰਫਤਾਰ ਦਾ ਅਗਾਊ ਅਨੁਮਾਨ ਲਗਾ ਕੇ ਸੂਚਨਾਵਾਂ ਜਾਰੀ ਕਰਦੇ ਹਨ। ਕੁਝ ਅਜਿਹਾ ਹੀ ਕਿਸੇ ਖੇਤਰ ਵਿੱਚ ਵੱਡੀ ਪੱਧਰ 'ਤੇ ਲੱਗੀ ਅੱਗ ਸਮੇਂ ਵਾਪਰਦਾ ਹੈ। ਅੱਗ ਲੱਗੀ ਵਾਲੇ ਵਿਸ਼ਾਲ ਖੇਤਰ ਉੱਪਰੋਂ ਅੱਗ ਦੇ ਸੇਕ ਨਾਲ ਹਵਾ ਗਰਮ ਹੋ ਕੇ ਉੱਪਰ ਉੱਠ ਜਾਂਦੀ ਹੈ ਤੇ ਘੱਟ ਹਵਾ ਦਬਾਅ ਵਾਲਾ ਖੇਤਰ ਪੈਦਾ ਕਰ ਦਿੰਦੀ ਹੈ। ਇਸ ਘੱਟ ਦਬਾਅ ਵਾਲੇ ਖੇਤਰ ਨੂੰ ਪੂਰਨ ਲਈ ਆਲੇ ਦੁਆਲੇ ਦੇ ਮੁਕਾਬਲਤਨ ਵੱਧ ਦਬਾਅ ਵਾਲੇ ਖੇਤਰਾਂ ਤੋਂ ਹਵਾਵਾ ਤੇਜੀ ਨਾਲ ਅੱਗ ਵਾਲੇ ਖੇਤਰ ਵੱਲ ਵਗਣ ਲੱਗਦੀਆਂ ਹਨ ਤੇ ਅੱਗ ਨੂੰ ਹੋਰ ਭੜਕਾਉਣ ਵਿੱਚ ਸਹਾਈ ਭੂਮਿਕਾ ਨਿਭਾਉਂਦੀਆਂ ਹਨ। ਇਹੋ ਜਿਹਾ ਵਰਤਾਰਾ ਜੰਗਲਾਂ, ਤੇਲ ਖੂਹਾਂ ਤੇ ਕੋਲਾ ਖਾਣਾਂ ਆਦਿ ਨੂੰ ਵੱਡੀ ਪੱਧਰ 'ਤੇ ਲੱਗੀ ਅੱਗ ਸਮੇਂ ਪ੍ਰਤੱਖ ਦੇਖਿਆ ਜਾ ਸਕਦਾ ਹੈ।

**ਹਵਾਈ ਸਫਰ ਦੌਰਾਨ ਫਾਊਂਟੇਂਨ ਪੈੱਨ ਦੀ ਸਿਆਹੀ ਕੱਪੜੇ ਖਰਾਬ ਕਰ ਦਿੰਦੀ ਹੈ, ਕਿਉਂ ?**

ਰੋਜ਼ ਮਰ੍ਹਾ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਵਿੱਚੋਂ ਕੁਝ ਤੁਹਾਨੂੰ ਬਹੁਤ ਪਸੰਦ ਹੁੰਦੀਆਂ ਹਨ ਤੇ ਤੁਸੀਂ ਉਹਨਾਂ ਦੀ ਵਰਤੋਂ ਕਰਕੇ ਖੁਸ਼ ਹੁੰਦੇ ਹੋ। ਕਈ ਵਾਰ ਤੁਹਾਨੂੰ ਇਹਨਾਂ ਵਸਤਾਂ ਨਾਲ ਮੋਹ ਜਿਹਾ ਹੋ ਜਾਂਦਾ ਹੈ ਤੇ ਇਹ ਤੁਹਾਨੂੰ ਆਪਣੇ ਪ੍ਰਤੀ ਵਫਾਦਾਰ ਲੱਗਣ ਲਗਦੀਆਂ ਹਨ। ਪਰ ਕਈ ਵਾਰ ਇਹ ਵਸਤਾਂ ਤੁਹਾਡੀ ਇੱਛਾ ਤੋਂ ਮੁਨਕਰ ਹੋ ਕੇ ਗੁਸਤਾਖੀ ਕਰ ਜਾਂਦੀਆਂ ਹਨ ਤੇ ਤੁਹਾਨੂੰ ਪ੍ਰੇਸ਼ਾਨੀ ਵਿੱਚ ਪਾ ਦਿੰਦੀਆਂ ਹਨ। ਮਿਸਾਲ ਦੇ ਤੌਰ 'ਤੇ ਤੁਸੀਂ ਕਿਸੇ ਫਾਊਂਟੇਨ ਪੈੱਨ ਦੇ ਸ਼ੌਕੀਨ ਹੋ ਸਕਦੇ ਹੋ ਤੇ ਤੁਸੀਂ ਇਸਨੂੰ ਜੇਬ 'ਤੇ ਸਜਾ ਕੇ ਤੁਰੇ ਫਿਰਦੇ ਹੋ।

ਪਰ ਜੇਕਰ ਤੁਸੀਂ ਹਵਾਈ ਸਫਰ ਕਰ ਰਹੇ ਹੋ ਤਾਂ ਇਹ ਪੈੱਨ ਤੁਹਾਡੀ ਕਮੀਜ ਦੀ ਜੇਬ ਨੂੰ ਸਿਆਹੀ ਨਾਲ ਲਬੇੜ ਕੇ ਭੱਦਾ ਮਜਾਕ ਕਰ ਦਿੰਦਾ ਹੈ। ਤੁਸੀਂ ਨੋਟ ਕਰਦੇ ਹੋ ਕਿ ਅੱਗੇ ਪਿੱਛੇ ਤੁਹਾਡੇ ਪੈੱਨ ਦਾ ਵਿਹਾਰ ਆਮ ਵਰਗਾ ਹੁੰਦਾ ਹੈ ਪਰ ਹਵਾਈ ਸਫਰ ਦੌਰਾਨ ਹੀ ਉਸਨੂੰ ਅਜਿਹਾ ਦੌਰਾ ਪੈਂਦਾ ਹੈ ਜਿਸ ਨਾਲ ਇਹ ਕੱਪੜੇ ਖਰਾਬ ਕਰਕੇ ਤੁਹਾਡੀ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ। ਸ਼ਾਇਦ ਹਵਾਈ ਸਫਰ ਸ਼ੁਰੂ ਕਰਨ ਸਮੇਂ ਅੰਬਰੀ ਕੁੜੀ ਨੇ ਮੁਸਾਫਰਾਂ ਨੂੰ ਫਾਊਂਟੇਨ ਪੈੱਨ ਖਾਲੀ ਕਰਕੇ ਲਿਜਾਣ ਦੀ ਸਲਾਹ ਦਿੱਤੀ ਹੋਵੇਗੀ ਪਰ ਤੁਸੀਂ ਇਸ ਸਲਾਹ ਨੂੰ ਅਣਸੁਣੀ ਕਰ ਦਿੱਤਾ ਹੋਵੇਗਾ।

ਆਓ ਜਾਣੀਏ ਫਾਊਂਟੇਨ ਪੈੱਨ ਅਜਿਹੀ ਹਰਕਤ ਕਿਉਂ ਕਰਦਾ ਹੈ? ਅਸਲ ਗੱਲ ਇਹ ਹੈ ਕਿ ਇਸ ਮਾਮਲੇ ਵਿੱਚ ਵਿਚਾਰੇ ਫਾਊਂਟੇਨ ਪੈੱਨ ਦਾ ਕੋਈ ਕਸੂਰ ਨਹੀਂ ਹੈ। ਹਵਾਈ ਸਫਰ ਦੌਰਾਨ ਉਸਤੋਂ ਇਹ ਇਲਤ ਤਾਂ ਵਿਗਿਆਨ ਦੇ ਹੀ ਇੱਕ ਨਿਯਮ ਨੇ ਕਰਵਾਈ ਹੈ ਜਿਸਦੀ ਉਲੰਘਣਾ ਕਰਨਾ ਪੈੱਨ ਦੇ ਵੱਸ ਦੀ ਗੱਲ ਨਹੀਂ ਹੈ। ਵਿਚਲੀ ਗੱਲ ਇਹ ਹੈ ਕਿ ਸਮੁੰਦਰੀ ਤਲ ਦੇ ਬਰਾਬਰ ਦੀ ਉਚਾਈ ’ਤੇ ਹਵਾ ਦੇ ਅਣੂੰ ਸੰਘਣੇ ਹੁੰਦੇ ਹਨ ਤੇ ਇਸਦਾ ਦਬਾਅ ਵੱਧ ਹੁੰਦਾ ਹੈ। ਪਰ ਜਿਉਂ ਜਿਉਂ ਸਮੁੰਦਰੀ ਤਲ ਤੋਂ ਉਚਾਈ ਵੱਲ ਜਾਈਦਾ ਹੈ ਤਾਂ ਹਵਾ ਦੇ ਅਣੂੰ ਵਿਰਲੇ ਹੁੰਦੇ ਜਾਂਦੇ ਹਨ ਤੇ ਇਸਦਾ ਦਬਾਅ ਵੀ ਘਟਦਾ ਜਾਂਦਾ ਹੈ। ਇਸਦਾ ਅਰਥ ਇਹ ਹੋਇਆ ਕਿ ਸਮੁੰਦਰੀ ਤਲ ਤੇ ਇੱਕ ਘਣ ਸੈਂਟੀਮੀਟਰ ਵਾਯੂਮੰਡਲ ਵਿੱਚ ਸਮਾਉਣ ਵਾਲੇ ਹਵਾ ਦੇ ਅਣੂੰ, ਸਮੁੰਦਰੀ ਸਤਹ ਤੋਂ ਉਚਾਈ ਵੱਲ ਵਿਰਲੇ ਹੁੰਦੇ ਜਾਂਦੇ ਹਨ ਤੇ ਆਪਣਾ ਘਣਫਲ (ਘੇਰਿਆ ਹੋਇਆ ਖੇਤਰ) ਵਧਾਉਂਦੇ ਜਾਂਦੇ ਹਨ। ਭਾਵ ਉਚਾਈ ’ਤੇ ਜਾ ਕੇ ਹਵਾ ਦੇ ਅਣੂੰਆਂ ਦਾ ਸੰਘਣਾਪਣ ਘੱਟ ਜਾਂਦਾ ਹੈ ਤੇ ਘਣਫਲ (ਘੇਰਿਆ ਹੋਇਆ ਖੇਤਰ) ਵਧ ਜਾਂਦਾ ਹੈ। ਜਿਉਂ ਹੀ ਜਹਾਜ ਹਵਾਈ ਪੱਟੀ ਤੋਂ ਉਡਾਣ ਭਰ ਕੇ ਉਚਾਈ ’ਤੇ ਪਹੁੰਚਦਾ ਹੈ ਤਾਂ ਉਪਰੋਕਤ ਨਿਯਮ ਅਨੁਸਾਰ ਹਵਾ ਦਾ ਦਬਾਅ ਘਟਣ ਨਾਲ ਵਿਰਲੇ ਹੋਏ ਅਣੂੰ ਘਣਫਲ ਵਧਾ ਲੈਂਦੇ ਹਨ। ਜਦੋਂ ਇਹ ਕਿਰਿਆ ਫਾਊਂਟੇਨ ਪੈੱਨ ਦੀ ਸਿਆਹੀ ਨਾਲ ਭਰੀ ਰਬੜ ਦੀ ਲਚਕੀਲੀ ਟਿਊਬ ਦੇ ਆਲੇ ਦੁਆਲੇ ਦੇ ਭਾਗ ਵਿੱਚ ਵਾਪਰਦੀ ਹੈ ਤਾਂ ਹਵਾ ਨੂੰ ਜਿਆਦਾ ਖੇਤਰ ਵਿੱਚ ਫੈਲਣ ਲਈ ਥਾਂ ਨਹੀਂ ਮਿਲਦੀ। ਇਸ ਹਾਲਤ ਵਿੱਚ ਹਵਾ ਦੀ ਸਿਆਹੀ ਵਾਲੀ ਟਿਊਬ ਉੱਪਰ ਦਬਾਅ ਵਧ ਜਾਂਦਾ ਹੈ ਜਿਸ ਨਾਲ ਸਿਆਹੀ ਪੈੱਨ ਦੇ ਨਿੱਬ ਦੇ ਰਸਤੇ ਬਾਹਰ ਨਿਕਲ ਕੇ ਮੁਸਾਫ਼ਿਰ ਦੇ ਕੱਪੜੇ ਖਰਾਬ ਕਰ ਦਿੰਦੀ ਹੈ। ਇਸ ਲਈ ਹਵਾਈ ਸਫਰ ਸ਼ੁਰੂ ਕਰਨ ਤੋਂ ਪਹਿਲਾਂ ਫਾਊਂਟੇਨ ਪੈੱਨ ਦੀ ਸਾਰੀ ਸਿਆਹੀ ਕੱਢ ਦੇਣੀ ਚਾਹੀਦੀ ਹੈ।

**ਕਸ ਕੇ ਬੰਦ ਕੀਤਾ ਹੋਇਆ ਟੀਨ ਦਾ ਡੱਬਾ ਖੁਦ ਹੀ ਖੜਕਣ ਲੱਗਦਾ ਹੈ, ਕਿਉਂ ?**

ਤੁਸੀਂ ਅਕਸਰ ਹੀ ਘਰਾਂ ਵਿੱਚ ਬੰਦ ਪਏ ਟੀਨ ਦੇ ਡੱਬੇ ਜਾਂ ਤੇਲ ਵਾਲੇ ਗੈਲਨ, ਬਿਨਾਂ ਛੇੜੇ ਆਪਣੇ ਆਪ ਖੜਕਦੇ ਸੁਣੇ ਹੋਣਗੇ। ਕੀ ਕਦੇ ਤੁਸੀਂ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਅਜਿਹਾ ਕਿਉਂ ਵਾਪਰਦਾ ਹੈ? ਆਓ, ਵਿਗਿਆਨ ਦੀ ਇਸ ਰਮਜ਼ ਨੂੰ ਸਮਝਣ ਦਾ ਯਤਨ ਕਰੀਏ। ਜਿਸ ਟੀਨ ਦੇ ਡੱਬੇ ਜਾਂ ਗੈਲਨ ਨੂੰ ਅਸੀਂ ਖਾਲੀ ਸਮਝਦੇ ਹੋਏ ਬੰਦ ਕਰਕੇ ਰੱਖ ਦਿੰਦੇ ਹਾਂ, ਅਸਲ ਵਿੱਚ ਉਹ ਖਾਲੀ ਨਹੀਂ ਹੁੰਦਾ ਸਗੋਂ ਉਸ ਵਿੱਚ ਹਵਾ ਭਰੀ ਹੁੰਦੀ ਹੈ। ਸਖਤ ਸਰਦੀ ਦੀ ਰੁੱਤ ਵਿੱਚ ਹਵਾ ਦੇ ਅਣੂੰ ਸੰਘਣੇ ਹੋ ਕੇ ਡੱਬੇ ਦੇ ਅੰਦਰ ਕੁਝ ਖਲਾਅ ਪੈਦਾ ਕਰ ਦਿੰਦੇ ਹਨ ਤੇ ਇਸ ਖਲਾਅ ਨੂੰ ਭਰਨ ਵਾਸਤੇ ਡੱਬੇ ਦੇ ਬਾਹਰਲੀ ਹਵਾ ਦਬਾਅ ਪਾਉਣ ਲੱਗਦੀ ਹੈ। ਜਿਸ ਨਾਲ ਡੱਬਾ ਅੰਦਰ ਵੱਲ ਨੂੰ ਚਿੱਬਾ ਹੁੰਦਾ ਹੋਇਆ ਖੜਾਕ ਪੈਦਾ ਕਰਦਾ ਹੈ। ਇਸ ਦੇ ਉਲਟ, ਗਰਮੀ ਵਿੱਚ ਡੱਬੇ ਵਿਚਲੀ ਹਵਾ ਗਰਮ ਹੋ ਕੇ ਫੈਲਣ ਲਗਦੀ ਹੈ। ਪਰ ਡੱਬੇ ਦਾ ਮੂੰਹ ਬੰਦ ਹੋਣ ਕਰਕੇ ਇਸ ਨੂੰ ਫੈਲਣ ਵਾਸਤੇ ਜਗਹ ਨਹੀਂ ਮਿਲਦੀ ਤੇ ਇਹ ਇਸਦੀਆਂ ਕੰਧਾਂ ਨੂੰ ਅੰਦਰੋਂ ਬਾਹਰ ਵੱਲ ਧਕਦੀ ਹੋਈ ਆਵਾਜ਼ ਪੈਦਾ ਕਰਦੀ ਹੈ। ਇਸ ਕਿਰਿਆ ਨੂੰ ਸਮਝਣ ਲਈ ਤੁਸੀਂ ਖੁਦ ਵੀ ਪ੍ਰਯੋਗ ਕਰ ਸਕਦੇ ਹੋ। ਇੱਕ ਖਾਲੀ ਟੀਨ ਦਾ ਡੱਬਾ ਲਵੋ ਜਿਸ ਦੇ ਮੂੰਹ ’ਤੇ ਕੱਸ ਕੇ ਢੱਕਣ ਲਾਇਆ ਜਾ ਸਕੇ। ਡੱਬੇ ਵਿੱਚ ਥੋੜਾ ਜਿਹਾ ਪਾਣੀ ਪਾ ਕੇ ਇਸਨੂੰ ਅੱਗ ਉੱਪਰ ਰੱਖ ਦੇਵੋ। ਜਦੋਂ ਪਾਣੀ ਉਬਲਣ ਲੱਗੇ ਤਾਂ ਫੁਰਤੀ ਨਾਲ ਇਸਦੇ ਮੂੰਹ ’ਤੇ ਕਸ ਕੇ ਢੱਕਣ ਲਗਾ ਦਿਉ ਤੇ ਇਸਨੂੰ ਅੱਗ ਤੋਂ ਉਤਾਰ ਦੇਵੋ। ਗਰਮ ਕਰਨ ਨਾਲ ਡੱਬੇ ਵਿਚਲੀ ਕਾਫੀ ਹਵਾ ਫੈਲ ਕੇ ਬਾਹਰ ਨਿਕਲ ਚੁੱਕੀ ਹੋਵੇਗੀ। ਹੁਣ ਡੱਬੇ ਨੂੰ ਠੰਡਾ ਹੋਣ ਦਾ ਇੰਤਜ਼ਾਰ ਕਰੋ। ਕੁੱਝ ਸਮੇਂ ਬਾਅਦ ਡੱਬੇ ਅੰਦਰਲੀ ਹਵਾ ਠੰਡੀ ਹੋ ਕੇ ਸੁੰਗੜਨ ਲੱਗੇਗੀ ਤੇ ਇਸ ਤਰ੍ਹਾਂ ਪੈਦਾ ਹੋਏ ਖਲਾਅ ਨੂੰ ਪੂਰਨ ਵਾਸਤੇ ਬਾਹਰਲੀ ਹਵਾ ਦਾ ਦਬਾਅ ਵਧੇਗਾ ਤੇ ਡੱਬਾ ਖੜਕਣ ਦੀ ਅਵਾਜ਼ ਕਰਦਾ ਹੋਇਆ ਅੰਦਰ ਵੱਲ ਨੂੰ ਚਿੱਬਾ ਹੋ ਜਾਵੇਗਾ।

ਹਵਾ ਦਾ ਦਬਾਅ ਕਿੰਨਾ ਜੋਰਦਾਰ ਹੋ ਸਕਦਾ ਹੈ, ਇਸ ਦਾ ਪਤਾ ਕਰਨ ਵਾਸਤੇ ਲਗਦੇ ਹੱਥ ਇੱਕ ਹੋਰ ਤਜ਼ਰਬਾ ਕਰ ਲੈਂਦੇ ਹਾਂ। ਦੋ ਇੱਕੋ ਜਿਹੀਆਂ ਗੜਵੀਆਂ ਲਉ ਜਿਨ੍ਹਾਂ ਦੇ ਮੂੰਹ ਦੇ ਕਿਨਾਰੇ ਵਿੰਗੇ ਟੇਢੇ ਨਾ ਹੋਣ। ਇੱਕ ਅਜਿਹਾ ਰਬੜ ਰਿੰਗ ਲਓ ਜੋ ਗੜਵੀ ਦੇ ਮੂੰਹ ’ਤੇ ਪੂਰਾ ਆਉਂਦਾ ਹੋਵੇ। ਹੁਣ ਦੋਵਾਂ ਗੜਵੀਆਂ ਵਿੱਚ ਕਾਗਜ਼ ਦੇ ਕੁਝ ਟੁਕੜੇ ਰੱਖ ਕੇ ਅੱਗ ਬਾਲ ਦਿਉ। ਫਿਰ ਜਲਦੀ ਨਾਲ ਦੂਜੀ ਗੜਵੀ ਨੂੰ ਰਬੜ ਰਿੰਗ

***...ਬਾਕੀ ਪੰਨਾ 25 ’ਤੇ***

*ਲੜੀਵਾਰ*

*ਵਿਦਿਆਰਥੀ ਵਿਸ਼ੇਸ਼*

# ਜਾਨਣ ਵਾਲੀਆਂ ਗੱਲਾਂ



**ਦੇਵੀ ਪ੍ਰਸਾਦ ਚਟੋਪਾਧਿਆਏ**

**ਗ੍ਰਹਿਆਂ ਦੀ ਕਹਾਣੀ**

ਇਹ ਨੌਂ ਗ੍ਰਹਿ ਬਿਨਾਂ ਥੱਕੇ, ਬਿਨਾਂ ਰੁਕੇ, ਹਰ ਸਮੇਂ ਸੂਰਜ ਦੇ ਚਾਰੇ ਪਾਸੇ ਚੱਕਰ ਕੱਟਦੇ ਹਨ। ਇਹਨਾਂ ਦੇ ਘੁੰਮਣ ਵਾਲੇ ਰਾਹ ਦਾ ਘੇਰਾ ਆਂਡਾਕਾਰ ਹੈ। ਇੱਕ ਗੱਲ ਹੋਰ ਵੀ ਧਿਆਨ ਦੇਣ ਵਾਲੀ ਹੈ - ਇਹ ਪੱਛਮ ਤੋਂ ਪੂਰਬ ਵੱਲ ਘੁੰਮਿਆ ਕਰਦੇ ਹਨ।

ਸੂਰਜ ਦੇ ਸਭ ਤੋਂ ਜਿਆਦਾ ਨੇੜੇ ਬੁੱਧ ਹੈ। ਸੂਰਜ ਤੋਂ ਇਸਦੀ ਦੂਰੀ ਤਿੰਨ ਕਰੋੜ ਮੀਲ ਦੀ ਹੈ। ਸੂਰਜਮੁਖੀ ਦੇ ਫੁੱਲ ਵਾਂਗ ਇਸਦੀ ਇੱਕ ਪਿੱਠ ਹਮੇਸ਼ਾ ਸੂਰਜ ਵੱਲ ਝੁਕੀ ਰਹਿੰਦੀ ਹੈ। ਦੂਸਰੀ ਪਿੱਠ ਨਾ ਖਤਮ ਹੋਣ ਵਾਲੀ ਰਾਤ ਦੇ ਸੰਘਣੇ ਹਨੇਰੇ ਨਾਲ ਢਕੀ ਰਹਿੰਦੀ ਹੈ।



ਚਿੜਚਿੜੇ ਸੁਭਾਅ ਦੇ, ਗਰਮ ਮਿਜਾਜ ਦੇ ਆਦਮੀ ਜਿਵੇਂ ਕਿਸੇ ਨੂੰ ਵੇਖਦੇ ਹੀ ਚਿਲਾ ਉੱਠਦੇ ਹਨ, ਉਵੇਂ ਹੀ ਸੂਰਜ ਦੇ ਜਿਆਦਾ ਨੇੜੇ ਰਹਿਣ ਦੇ ਕਾਰਣ ਬੁੱਧ ਦਾ ਪਾਰਾ ਹਮੇਸ਼ਾ ਚੜ੍ਹਿਆ ਹੀ ਰਹਿੰਦਾ ਹੈ। ਮਜਾਲ ਨਹੀਂ ਕਿ ਕੋਈ ਜੀਵ ਜੰਤੂ ਉਸ ਦੇ ਕੋਲ ਫਟਕ ਵੀ ਜਾਵੇ। ਹਵਾ ਤੱਕ ਨਹੀਂ ਫਟਕਦੀ ਤਾਂ ਜੀਵ-ਜੰਤੂ ਕਿੱਥੇ। ਹਵਾ ਦੀ ਖਾਸ ਆਦਤ ਹੈ ਕਿ ਗਰਮੀ ਵਧੀ ਅਤੇ ਉਹ ਉੱਡ ਕੇ ਭੱਜਣ ਲਈ ਤਿਆਰ ਹੋ ਗਈ। ਕਦੇ ਤੁਸੀਂ ਵੇਖਿਆ ਜਰੂਰ ਹੋਵੇਗਾ ਕਿ ਅੱਗ ਲੱਗਣ 'ਤੇ ਹਵਾ ਕਿਸ ਕਦਰ ਭੱਜ ਦੌੜ ਸ਼ੁਰੂ ਕਰ ਦਿੰਦੀ ਹੈ। ਕਿਉਂਕਿ ਬੁੱਧ ਸੂਰਜ ਦੇ ਬਹੁਤ ਨੇੜੇ ਹੈ, ਇਸ ਲਈ ਉਸਦੀ ਗਰਮੀ ਵੀ ਬੇਹਿਸਾਬ ਹੈ। ਉਸ ਗਰਮੀ ਵਿੱਚ ਹੋਰ ਕਿਸੇ ਦੇ ਬਚਣ ਦੀ ਤਾਂ ਕੀ ਗੱਲ, ਹਵਾ ਵੀ ਟਿਕ ਨਹੀਂ ਪਾਉਂਦੀ।

ਬੁੱਧ ਤੋਂ ਬਾਅਦ ਵਾਲਾ ਰਾਹ ਸ਼ੁੱਕਰ ਦਾ ਹੈ। ਇਹ ਗ੍ਰਹਿ ਸਾਡਾ ਜਾਣਿਆ-ਪਛਾਣਿਆ ਹੈ। ਸਾਲ ਵਿੱਚ ਕੁੱਝ ਦਿਨ ਸੂਰਜ ਦੇ ਓਹਲੇ ਹੋ ਜਾਣ 'ਤੇ ਅਸੀਂ ਇਸ ਨੂੰ ਪੱਛਮ ਵਿੱਚ ਵੇਖਿਆ ਕਰਦੇ ਹਾਂ। ਉਦੋਂ ਇਸ ਨੂੰ ਕਹਿੰਦੇ ਹਨ-ਸੰਧਿਆ ਤਾਰਾ। ਸਾਲ ਦੇ ਇੱਕ ਹੋਰ ਸਮੇਂ ਸੂਰਜ ਵਿਖਾਈ ਦੇਣ ਤੋਂ ਪਹਿਲਾਂ ਇਹ ਸਾਨੂੰ ਪੂਰਬ ਵਿੱਚੋਂ ਵਿਖਾਈ ਦਿੰਦਾ ਹੈ। ਉਦੋਂ ਇਸ ਨੂੰ ਕਹਿੰਦੇ ਹਨ ਭੁਰਕਵਾ ਜਾਂ ਸ਼ੁੱਕਰ ਤਾਰਾ। ਸ਼ੁੱਕਰ ਨੂੰ ਅਸੀਂ ਤਾਰਾ ਕਹਿੰਦੇ ਤਾਂ ਹਾਂ, ਪਰ ਇਹ ਤਾਰਾ ਨਹੀਂ ਹੈ, ਗ੍ਰਹਿ ਹੈ। ਸ਼ੁੱਕਰ ਦੇ ਚਾਰੇ ਪਾਸੇ ਗਾੜ੍ਹੇ ਬੱਦਲਾਂ ਦਾ ਇੱਕ ਪਰਦਾ ਜਿਹਾ ਪਿਆ ਹੋਇਆ ਹੈ। ਉਸ ਪਰਦੇ ਦੇ ਪਿੱਛੇ ਕੀ ਹੈ, ਇਸ ਬਾਰੇ ਅੱਜ ਤੱਕ ਕੁੱਝ ਖਾਸ ਨਹੀਂ ਜਾਣਿਆ ਜਾ ਸਕਿਆ।

ਸ਼ੁੱਕਰ 'ਤੇ ਕੀ ਜੀਵ-ਜੰਤੂ ਦਾ ਵਾਸਾ ਹੈ? ਕਿਵੇਂ ਹੋਵੇਗਾ ਭਲਾ? ਆਕਸੀਜਨ ਤੋਂ ਬਿਨ੍ਹਾਂ ਕੋਈ ਵੀ ਜੀਵ ਜਿਉਂ ਨਹੀਂ ਸਕਦਾ, ਅਤੇ ਸ਼ੁੱਕਰ 'ਤੇ ਆਕਸੀਜਨ ਲਗਭਗ ਹੈ ਹੀ ਨਹੀਂ। ਹਾਂ, ਉੱਥੇ ਕਾਰਬਨ ਡਾਈਆਕਸਾਈਡ ਗੈਸ ਕਾਫੀ ਹੈ। ਵਿਗਿਆਨਕਾਂ ਦਾ ਕਹਿਣਾ ਹੈ, ਕਿਸੇ ਦਿਨ ਉੱਥੇ ਜੀਵਾਂ ਦਾ ਜਨਮ ਹੋ ਵੀ ਸਕਦਾ ਹੈ। ਸ਼ੁਰੂ-ਸ਼ੁਰੂ ਵਿੱਚ ਧਰਤੀ 'ਤੇ ਵੀ ਆਕਸੀਜਨ ਨਾ ਦੇ ਬਰਾਬਰ ਸੀ, ਕਾਰਬਨਡਾਈਆਕਸਾਈਡ ਗੈਸ ਹੀ ਜਿਆਦਾ ਸੀ। ਪੇੜ-ਪੌਦਿਆਂ ਦੀ ਬਦੌਲਤ ਇੱਥੇ ਆਕਸੀਜਨ ਦੀ ਪੂੰਜੀ ਅੱਗੇ ਚੱਲ ਕੇ ਕਾਫੀ ਵੱਡੀ ਹੋ ਗਈ।

ਸ਼ੁੱਕਰ ਤੋਂ ਬਾਅਦ ਆਉਂਦੀ ਹੈ, ਪ੍ਰਿਥਵੀ, ਜਿਸ ਦੀ ਚਰਚਾ ਅੱਗੇ ਕੀਤੀ ਜਾਵੇਗੀ। ਪ੍ਰਿਥਵੀ ਦੇ ਉਸ ਪਾਰ ਹੈ ਮੰਗਲ। ਲਾਲ ਰੰਗ ਦਾ ਇਹ ਗ੍ਰਹਿ ਪ੍ਰਿਥਵੀ ਦੇ ਸਭ ਤੋਂ ਨੇੜੇ ਹੈ। ਮੰਗਲ 'ਤੇ ਜਿਉਂਦਾ-ਜਾਗਦਾ ਕੁੱਝ ਹੈ ਵੀ ਜਾਂ ਨਹੀਂ, ਇਸ ਸਵਾਲ 'ਤੇ ਵਿਗਿਆਨਕਾਂ 'ਚ ਕਈ ਤਰ੍ਹਾਂ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਹਨ। ਧਰਤੀ 'ਤੇ ਜਿਵੇਂ ਨਹਿਰਾਂ ਹਨ, ਮੰਗਲ 'ਤੇ ਵੀ ਉਵੇਂ ਨਹਿਰਾਂ ਹਨ। ਪਰ ਉਹ ਨਹਿਰਾਂ ਧਰਤੀ ਵਰਗੀਆਂ ਟੇਢੀਆਂ-ਮੇਢੀਆਂ ਨਹੀਂ-ਬਿਲਕੁਲ ਸਿੱਧੀਆਂ ਹਨ। ਗਰਮੀ ਦੇ ਦਿਨਾਂ ਵਿੱਚ ਜਦ ਬਰਫ ਪਿਘਲਦੀ ਹੈ ਤਾਂ ਇਹ ਨਹਿਰਾਂ ਨੱਕੋ-ਨੱਕ ਭਰ ਜਾਂਦੀਆਂ ਹਨ। ਨਹਿਰਾਂ ਦੇ ਸਿੱਧੀਆਂ ਹੋਣ ਕਰਕੇ ਕੁੱਝ ਦਾ ਖਿਆਲ ਹੈ ਕਿ ਉੱਥੇ ਆਦਮੀ ਜਰੂਰ ਹੈ। ਆਦਮੀ ਤੋਂ ਬਿਨਾਂ ਸਿੱਧੀਆਂ ਨਹਿਰਾਂ ਕਿਸ ਨੇ ਤਿਆਰ ਕੀਤੀਆਂ? ਪਰ ਬਹੁਤੇ ਇਸ ਗੱਲ ਨੂੰ ਨਹੀਂ ਮੰਨਦੇ। ਉਹਨਾਂ ਦੀ ਰਾਇ ਅਨੁਸਾਰ ਦਰਅਸਲ ਨਹਿਰਾਂ ਸਿੱਧੀਆਂ ਨਹੀਂ, ਅੱਖਾਂ ਦੇ ਧੋਖੇ ਨਾਲ ਸਿੱਧੀਆਂ ਦਿਖਾਈ ਦਿੰਦੀਆਂ ਹਨ।

ਮੰਗਲ ਨੂੰ ਪਿੱਛੇ ਛੱਡਕੇ ਦੂਰਬੀਨ ਨਾਲ ਅੱਖਾਂ ਜਦੋਂ ਅੱਗੇ ਵਧਦੀਆਂ ਹਨ ਤਾਂ ਰਾਹ ਵਿੱਚ ਦਪਦਪ ਕਰਦੀਆਂ ਅਣਗਿਣਤ ਟੁਕੜੀਆਂ ਵਿਖਾਈ ਦਿੰਦੀਆਂ ਹਨ। ਕਹਿੰਦੇ ਹਨ, ਉਹ ਸ਼ਾਇਦ ਟੁੱਟੇ ਹੋਏ ਗ੍ਰਹਿਆਂ ਦਾ ਜਮਾਅ ਹੈ। ਹਨ ਤਾਂ ਉਹ ਗ੍ਰਹਿ ਹੀ, ਪਰ ਕਿਉਂਕਿ ਉਹ ਬਹੁਤ ਛੋਟੇ ਹਨ, ਇਸ ਲਈ ਉਹਨਾਂ ਨੂੰ ਕਹਿੰਦੇ ਹਨ, ਗ੍ਰਹਿਕਾ।

ਉਹਨਾਂ ਬਹੁਤ ਹੀ ਛੋਟੇ ਗ੍ਰਹਿਆਂ ਦੀ ਦੁਨੀਆਂ ਤੋਂ ਦੂਰ

ਨਿਕਲ ਜਾਣ 'ਤੇ ਸਭ ਤੋਂ ਛੋਟੇ ਗ੍ਰਹਿ ਬ੍ਰਹਿਸਪਤੀ ਨਾਲ ਮੁਲਾਕਾਤ ਹੋਵੇਗੀ। ਬ੍ਰਹਿਸਪਤੀ ਨੂੰ ਗ੍ਰਹਿਆਂ ਦਾ ਰਾਜਾ ਵੀ ਕਹਿ ਦਿੰਦੇ ਹਨ। ਪੁਰਾਣਾਂ ਵਿੱਚ ਬ੍ਰਹਿਸਪਤੀ ਨੂੰ ਅਖੌਤੀ ਦੇਵਤਿਆਂ ਦਾ ਗੁਰੂ ਕਿਹਾ ਗਿਆ ਹੈ- ਭਾਵ ਸਫੈਦ ਪੱਕੇ ਵਾਲਾਂ ਵਾਲਾ ਕੋਈ ਬੁੱਢਾ 'ਪੰਡਤ'। ਇਸ 'ਬੁਢਾਪੇ' ਦੇ ਕਾਰਣ ਹੀ ਸ਼ਾਇਦ ਇਹ ਠੰਡਾ ਪੈ ਗਿਆ ਹੈ। ਜੇ ਕਿਸੇ ਦਿਨ ਕੋਈ ਉੱਥੇ ਪਹੁੰਚ ਜਾਵੇ ਤਾਂ ਰੋਂਦੇ-ਰੋਂਦੇ ਉਸਦੀ ਗਤ ਹੋ ਜਾਵੇਗੀ ਕਿਉਂਕਿ ਇੱਥੇ ਅਮੋਨੀਆ ਹੀ ਅਮੋਨੀਆ ਗੈਸ ਹੈ। ਇਹ ਗੈਸ ਰਵਾਉਂਦੀ ਹੈ।

ਬ੍ਰਹਿਸਪਤੀ ਤੋਂ ਬਾਅਦ ਸ਼ਨੀ ਦੀ ਵਾਰੀ ਹੈ। ਇਸ ਦੀ ਸ਼ਕਲ-ਸੂਰਤ ਕੁੱਝ ਅਜਿਹੀ ਬਣੀ ਹੈ ਕਿ ਵੇਖੇ ਬਿਨ੍ਹਾਂ ਰਿਹਾ ਨਹੀਂ ਜਾ ਸਕਦਾ। ਇਸ ਦੇ ਚਾਰੇ ਪਾਸੇ ਕੋਈ ਚੀਜ ਹਰਦਮ ਘੁੰਮਦੀ ਰਹਿੰਦੀ ਹੈ ਜੋ ਵੇਖਣ ਵਿੱਚ ਤਿੰਨ ਲੜੀ ਮਾਲਾ ਵਰਗੀ ਹੈ। ਅਸਲ ਵਿੱਚ ਇਹ ਕੁੱਝ ਛੋਟੀਆਂ ਚੀਜਾਂ ਦੀਆਂ ਜੰਮੀਆਂ ਪਰਤਾਂ ਦਾ ਪਹੀਆ ਹੈ।

ਹੁਣ ਤੱਕ ਜਿੰਨਾਂ ਛੇ ਗ੍ਰਹਿਆਂ ਨਾਲ ਜਾਣ-ਪਛਾਣ ਹੋਈ ਹੈ, ਉਹ ਅੱਖਾਂ ਨਾਲ ਵੀ ਵੇਖੇ ਜਾ ਸਕਦੇ ਹਨ। ਪਰ ਇਸ ਤੋਂ ਬਾਅਦ ਯੂਰੇਨਸ ਹੈ, ਜਿਸ ਨੂੰ ਬਗੈਰ ਦੂਰਬੀਨ ਤੋਂ ਵੇਖਿਆ ਨਹੀਂ ਜਾ ਸਕਦਾ। ਯੂਰੇਨਸ ਦੀ ਛਾਣਬੀਣ ਕਰਦੇ ਹੋਏ ਨੈਪਚੂਨ ਦਾ ਪਤਾ ਲੱਗਿਆ। ਫਿਰ ਇੱਕ ਹੋਰ ਗ੍ਰਹਿ ਦੀ ਖਬਰ ਮਿਲੀ। ਉਸਦਾ ਨਾਮ ਹੈ ਪਲੂਟੋ। ਇਸ ਤਰ੍ਹਾਂ ਕੁੱਲ ਮਿਲਾ ਕੇ ਇਹ ਗ੍ਰਹਿਆਂ ਦੀ ਜਾਣ-ਪਛਾਣ ਹੈ। ਬਾਕੀ ਰਹਿ ਗਈ- ਪ੍ਰਿਥਵੀ।

ਜਿੰਨੇ ਵੀ ਗ੍ਰਹਿ ਹਨ, ਉਹ ਸਭ ਸੂਰਜ ਤੋਂ ਪੈਦਾ ਹੋਏ ਹਨ। ਇਹ ਹੋਰ ਕੁਝ ਨਹੀਂ, ਸੂਰਜ ਦੇ ਸਰੀਰ ਦਾ ਇੱਕ-ਇੱਕ ਅੰਸ਼ ਹਨ। ਕੋਈ ਵੱਡਾ, ਕੋਈ ਛੋਟਾ। ਇਹਨਾਂ ਸਾਰਿਆਂ ਦੀ ਬਨਾਵਟ ਵਿੱਚ ਘੱਟ ਜਾਂ ਵੱਧ ਉਹੀ ਚੀਜ਼ਾਂ ਹਨ, ਜਿਹਨਾਂ ਤੋਂ ਸੂਰਜ ਬਣਿਆ ਹੈ। ਕਿਸੇ ਗ੍ਰਹਿ ਦੀਆਂ ਉਹ ਚੀਜ਼ਾਂ ਅੱਜ ਵੀ ਜਲਦੀਆਂ-ਉਬਲਦੀਆਂ ਹਨ ਅਤੇ ਕਿਸੇ ਕਿਸੇ ਦੀਆਂ ਠੰਡੀਆਂ ਹੋ ਕੇ ਜੰਮ ਗਈਆਂ।

ਸੂਰਜ ਤੋਂ ਜਿਸ ਤਰ੍ਹਾਂ ਗ੍ਰਹਿਆਂ ਦਾ ਜਨਮ ਹੋਇਆ, ਉਸੇ ਤਰ੍ਹਾਂ ਸੂਰਜ ਦੇ ਦੁਆਲੇ ਘੁੰਮਣ ਵਾਲੇ ਗ੍ਰਹਿਆਂ ਤੋਂ ਉੱਪ-ਗ੍ਰਹਿਆਂ ਦੀ ਪੈਦਾਇਸ਼ ਹੋਈ। ਸਾਡੀ ਪ੍ਰਿਥਵੀ ਗ੍ਰਹਿ ਹੈ, ਚੰਦ ਉਸਦਾ ਉਪ ਗ੍ਰਹਿ ਹੈ। ਸਾਰੇ ਗ੍ਰਹਿਆਂ ਦੇ ਉਪਗ੍ਰਹਿ ਨਹੀਂ ਹਨ। ਮੰਗਲ ਦੇ ਦੋ ਹਨ, ਬ੍ਰਹਿਸਪਤੀ ਦੇ ਗਿਆਰਾਂ, ਸ਼ਨੀ ਦੇ ਨੌ, ਯੂਰੇਨਸ ਦੇ ਪੰਜ, ਨੈਪਚੂਨ ਦਾ ਇੱਕ ਅਤੇ ਪ੍ਰਿਥਵੀ ਦਾ ਵੀ ਸਿਰਫ ਇੱਕ-ਚੰਦਰਮਾ।

ਧਰਤੀ ਵਾਂਗ ਕੀ ਕਿਸੇ ਹੋਰ ਹੋਰ ਗ੍ਰਹਿ 'ਤੇ ਵੀ ਜੀਵਨ ਹੈ? ਸਿਰਫ਼ ਮੰਗਲ 'ਤੇ ਹੀ ਜੀਵਨ ਹੋਣ ਨਾ ਹੋਣ ਦਾ ਵਿਵਾਦ ਵਿਗਿਆਨਕਾਂ ਵਿੱਚ ਚੱਲ ਰਿਹਾ ਹੈ। ਹੋਰ ਗ੍ਰਹਿਆਂ ਬਾਰੇ ਸਭ ਇੱਕੋ ਰਾਇ ਹੈ ਕਿ ਕਿਸੇ ਜੀਵ ਦੇ ਜਿਉਣ ਲਈ ਜਿਸ ਹੱਦ ਤੱਕ ਗਰਮੀ ਅਤੇ ਹਵਾ ਵਿੱਚ ਆਕਸੀਜਨ ਦੀ ਲੋੜ ਹੈ, ਉਹ ਕਿਸੇ ਦੂਸਰੇ ਗ੍ਰਹਿ 'ਤੇ ਨਹੀਂ ਹੈ। ਪਰ ਅਜਿਹੀ ਉਮੀਦ ਹੈ ਕਿ ਬਹੁਤ ਸਮੇਂ ਬਾਅਦ ਕਦੇ ਸ਼ੁੱਕਰ ਗ੍ਰਹਿ 'ਤੇ ਜੀਵਾਂ ਦਾ ਜਨਮ ਸੰਭਵ ਹੋ ਸਕਦਾ ਹੈ।

## ਆਰਥਿਕ ਸਹਾਇਤਾ

*ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ 'ਤੇ ਪ੍ਰਾਪਤ ਆਰਥਿਕ ਸਹਾਇਤਾ*

| | | |
|---|---|---|
| 1. | ਇਕੱਤਰ ਸੋਢੀ, ਪ੍ਰੇਮ ਸਮਾਲਸਰ | 5000 |
| 2. | ਇਕਾਈ ਸ਼ਾਹਕੋਟ | 2000 |
| 3. | ਰਜਿੰਦਰ ਭਦੌੜ | 1000 |
| 4. | ਰਾਮ ਸਵਰਨ ਲੱਖੇਵਾਲੀ | 1000 |
| 5. | ਰਜਿੰਦਰ ਕੌਰ ਬਰਗਾੜੀ | 5000 |
| 6. | ਰਾਮ ਕੁਮਾਰ ਭਦੌੜ | 1000 |
| 7. | ਮੱਖਣ ਸਿੰਘ ਮੰਡੀ | 1000 |
| 8. | ਅਜੈਬ ਜਲਾਲਆਣਾ | 500 |
| 9. | ਮਾਸਟਰ ਲਾਭ ਸਿੰਘ ਡੋਡ | 500 |
| 10. | ਭੀਮ ਚੰਦ ਲੁਧਿਆਣਾ | 500 |
| 11. | ਬਿਕਰਮਜੀਤ ਬਠਿੰਡਾ | 500 |
| 12. | ਮਾਸਟਰ ਲਛਮਣ ਸਿੰਘ ਚੀਮਾ | 500 |
| 13. | ਨਰਿੰਦਰ ਪਾਲ ਬਰਨਾਲਾ | 500 |

**ਇਕਾਈਆਂ ਨੂੰ ਪ੍ਰਾਪਤ ਸਹਾਇਤਾ**

**ਇਕਾਈ ਲੁਧਿਆਣਾ**

1. ਮਾ. ਜਸਵੰਤ ਸਿੰਘ ਜੱਸੜ ਵੱਲੋਂ ਆਪਣੀ ਪਤਨੀ ਅਜੀਤ ਕੌਰ ਜੱਸੜ ਦੇ ਸ਼ਰਧਾਂਜਲੀ ਸਮਾਗਮ 'ਤੇ 1000
2. ਮਾ. ਸੁਰਜੀਤ ਸਿੰਘ ਵੱਲੋਂ ਆਪਣੇ ਭਰਾ ਸ਼ਹੀਦ ਬਖਸ਼ੀਸ ਸਿੰਘ ਮੋਰਕਰੀਮਾ ਦੀ ਸਲਾਨਾ ਬਰਸੀ 'ਤੇ 500

**ਇਕਾਈ ਭਦੌੜ**

ਰੂਪ ਸਿੰਘ ਸੁਖਪੁਰਾ (ਹੈਲਥ ਸੁਪਰਵਾਈਜ਼ਰ) ਵੱਲੋਂ ਆਪਣੀ ਮਾਤਾ ਬਚਨ ਕੌਰ ਦੀ ਯਾਦ ਵਿੱਚ 2000

**ਇਕਾਈ ਬਠਿੰਡਾ**

ਵਰਿੰਦਰ ਕਾਲੜਾ ਲੰਡਨ 500

ਰਾਜ ਕੁਮਾਰ ਗਿਆਨੀ, ਬਠਿੰਡਾ 1000

**ਇਕਾਈ ਅੰਮ੍ਰਿਤਸਰ**

ਮਨਜੀਤ ਬਾਸਰਕੇ (ਇਕਾਈ ਆਗੂ) 500

---

ਪਰਮਜੀਤ ਦੀਵਾਨਾ ਵੱਲੋਂ ਆਪਣੇ ਪਿਤਾ ਗਿਰਧਾਰੀ ਲਾਲ (ਨੇਤਰ ਪ੍ਰਦਾਨੀ) ਦੀ ਯਾਦ ਵਿੱਚ ਤਰਕਸ਼ੀਲ ਭਵਨ ਨੂੰ 1000

# ਕੋਰੋਨਾ ਖਿਲਾਫ਼ ਜੰਗ ਅਤੇ ਵਿਗਿਆਨਕ ਚੇਤਨਾ



**ਡਾ. ਸ਼ਿਆਮ ਸੁੰਦਰ ਦੀਪਤੀ**

ਇਹ ਨਹੀਂ ਹੈ ਕਿ ਕੋਰੋਨਾ ਵਾਇਰਸ ਨਾਲ ਜੁੜੀ ਮਹਾਂਮਾਰੀ ਵਰਗੀ ਸਮੱਸਿਆ ਦਾ ਸਾਹਮਣਾ ਇਸ ਧਰਤੀ ’ਤੇ ਪਹਿਲੀ ਵਾਰ ਮਨੁੱਖ ਦੇਖ-ਭੋਗ ਰਿਹਾ ਹੈ। ਸਾਡੇ ਆਪਣੇ ਸਮੇਂ ਵਿੱਚ ਨਹੀਂ ਤਾਂ, ਅਸੀਂ ਆਪਣੇ ਬਜ਼ੁਰਗਾਂ ਤੋਂ ਪਲੇਗ, ਹੈਜ਼ਾ, ਚੇਚਕ ਵਰਗੀਆਂ ਮਹਾਂਮਾਰੀਆਂ ਬਾਰੇ ਸੁਣਿਆ ਹੋਵੇਗਾ, ਜਦੋਂ ਪਿੰਡਾਂ ਦੇ ਪਿੰਡ ਇਨ੍ਹਾਂ ਬੀਮਾਰੀਆਂ ਦੀ ਮਾਰ ਹੇਠ ਆ ਜਾਂਦੇ ਸੀ। ਉਂਝ ਸਵਾਈਨ ਫਲੂ, ਡੇਂਗੂ-ਮਲੇਰੀਆ ਵਰਗੀਆਂ ਬੀਮਾਰੀਆਂ ਨੇ ਵੀ ਸਾਨੂੰ ਭਾਜੜਾਂ ਪਾਈਆਂ ਹਨ ਜਿਨ੍ਹਾਂ ਦੇ ਅਸੀਂ ਗਵਾਹ ਹਾਂ।

ਇਨ੍ਹਾਂ ਬੀਮਾਰੀਆਂ ਨੇ ਭਾਵੇਂ ਮਨੁੱਖ ਦੇ ਸ਼ੁਰੂਆਤੀ ਦੌਰ, ਵਿਗਿਆਨ ਦੇ ਉਦੈ ਹੋਣ ਤੋਂ ਪਹਿਲਾਂ, ਵੱਡੀ ਗਿਣਤੀ ਵਿੱਚ ਸਾਡਾ ਨੁਕਸਾਨ ਕੀਤਾ ਹੈ, ਪਰ ਨਾਲ ਹੀ ਅਸੀਂ ਆਪਣੀ ਸਿਆਣਪ ਅਤੇ ਵਰਤਾਰਿਆਂ ਨੂੰ ਨੀਝ ਨਾਲ ਦੇਖਣ ਅਤੇ ਸਮਝਣ ਸਦਕਾ, ਇਨ੍ਹਾਂ ਵਰਤਾਰਿਆਂ ਦੇ ਭੇਤ ਜਾਨਣ ਵਿੱਚ ਕਾਮਯਾਬ ਹੋਏ ਹਾਂ। ਸਿਰਫ ਬੀਮਾਰੀਆਂ ਹੀ ਨਹੀਂ, ਹੜ੍ਹਾਂ, ਤੂਫ਼ਾਨਾਂ, ਭੂਚਾਲ ਅਤੇ ਸੁਨਾਮੀ ਬਾਰੇ ਜਾਣ ਕੇ, ਅਸੀਂ ਅਜਿਹੀਆਂ ਆਪਦਾਵਾਂ ਨੂੰ ਸਮੇਂ ਸਿਰ ਕਾਬੂ ਕਰਨ ਜਾਂ ਇਨ੍ਹਾਂ ਦਾ ਪ੍ਰਭਾਵ ਘੱਟ ਕਰਨ ਵਿੱਚ ਕਾਮਯਾਬ ਹੋਏ ਹਾਂ। ਇਸੇ ਸਮਝ ਸਦਕਾ ਹੀ, ਆਪਣੀ ਵਿਸ਼ਲੇਸ਼ਣੀ ਸਮਰੱਥਾ ਕਰਕੇ, ਅਸੀਂ ਹਰ ਨਵੀਂ ਚੁਣੌਤੀ ਨੂੰ ਛੇਤੀ ਸਮਝ ਕੇ, ਸਫਲਤਾ ਹਾਸਿਲ ਕੀਤੀ ਹੈ ਅਤੇ ਅਸੀਂ ਦਵਾਈਆਂ ਦੀ ਕਾਢ ਕੱਢੀ ਅਤੇ ਵੈਕਸੀਨ (ਹਿਫਾਜਤੀ ਟੀਕਿਆਂ) ਦੀ ਖੋਜ ਵਾਲੇ ਰਾਹ ’ਤੇ ਪਏ।

ਕੋਰੋਨਾ ਦੇ ਸੰਦਰਭ ਵਿੱਚ ਗੱਲ ਕਰੀਏ ਤਾਂ ਪਹਿਲਾ ਕੇਸ, ਦੁਨੀਆਂ ਵਿੱਚ 31 ਦਸੰਬਰ 2019 ਨੂੰ, ਚੀਨ ਦੇ ਸ਼ਹਿਰ ਵੂਹਾਨ ਤੋਂ ਰਿਪੋਰਟ ਹੋਇਆ ਦੱਸਿਆ ਜਾ ਰਿਹਾ ਹੈ, ਭਾਵੇਂ ਕਿ ਇਸ ਦੀ ਭਿਣਕ ਮੱਧ ਨਵੰਬਰ ਵਿੱਚ ਪੈ ਗਈ ਸੀ। ਉਸ ਤੋਂ ਬਾਅਦ ਇਹ ਯੂਰੋਪ ਵਿੱਚ ਦਾਖਲ ਹੋ ਗਿਆ, ਜਿੱਥੇ ਸ਼ੁਰੂ ਵਿੱਚ ਉਨ੍ਹਾਂ ਨੇ ਗੰਭੀਰਤਾ ਨਹੀਂ ਦਿਖਾਈ, ਕਿਉਂ ਜੋ ਉਨ੍ਹਾਂ ਦੇ ਮੁਤਾਬਕ ਸਾਹ ਅਤੇ ਨਿਮੋਨੀਆ ਵਰਗੀਆਂ ਲਾਗ ਦੀਆਂ ਬੀਮਾਰੀਆਂ ਵਿਕਾਸਸ਼ੀਲ ਦੇਸ਼ਾਂ ਦੀਆਂ ਹਨ। ਪਰ ਤੇਜ਼ ਰਫਤਾਰ ਨਾਲ ਵਧੀ ਕੇਸਾਂ ਦੀ ਗਿਣਤੀ ਤੇ ਗੰਭੀਰ ਹਾਲਤ ਵਿੱਚ ਪਹੁੰਚੇ ਮਰੀਜਾਂ ਦੀ ਤਦਾਦ ਨੇ ਉਨ੍ਹਾਂ ਦੇਸ਼ਾਂ ਨੂੰ ਸੰਜੀਦਾ ਹੋਣ ਦੇ ਸੰਕੇਤ ਦਿੱਤੇ। ਫਿਰ ਵੀ ਸਾਡੀ ਆਪਣੀ ਵਿਕਸਿਤ ਹੋਈ ਸਮਝ ਤਹਿਤ, ਬੀਮਾਰੀ ਨੇ ਭਾਵੇਂ ਆਪਣੇ ਘਾਤਕ ਰੂਪ ਦਿਖਾਇਆ, ਪਰ ਨਾਲ ਹੀ ਇਸ ਨੂੰ ਫੈਲਣ ਅਤੇ ਬਚਾਅ ਦੇ ਤਰੀਕੇ ਵੀ ਸਾਰੀ ਦੁਨੀਆਂ ਵਿੱਚ ਪਹੁੰਚੇ ਤੇ ਉਨ੍ਹਾਂ ਮੁਤਾਬਕ ਇਸ ਨੂੰ ਠੱਲ ਪਾਉਣ ਲਈ ਉਪਰਾਲੇ ਹੋਏ। ਕਹਿਣ ਤੋਂ ਭਾਵ ਦੋ-ਢਾਈ ਮਹੀਨਿਆਂ ਵਿੱਚ ਹੀ ਇਸ ਬੀਮਾਰੀ ਦੇ ਵਿਵਹਾਰ, ਇਲਾਜ ਅਤੇ ਉਸ ਦੇ ਬਚਾਅ ਲਈ ਕੋਈ ਵੈਕਸੀਨ ਵਿਕਸਿਤ ਕਰਨ ਦੀ ਸੂਝ ਪ੍ਰਾਪਤ ਹੋਈ ਜਦੋਂ ਕਿ ਪਹਿਲਾਂ ਮਹਾਂਮਾਰੀਆਂ ਨੂੰ ਸਮਝਣ ਵਿੱਚ ਕਈ-ਕਈ ਵਰ੍ਹੇ ਲੱਗੇ।

ਭਾਰਤ ਵਿੱਚ ਇਸ ਦਾ ਪਹਿਲਾ ਕੇਸ ਤੀਹ ਜਨਵਰੀ ਨੂੰ ਆਇਆ। ਇਨ੍ਹਾਂ ਕੇਸਾਂ ਤੋਂ ਬਾਅਦ ਜੋ ਵੀ ਕੇਸ ਆਏ, ਉਨ੍ਹਾਂ ਸਭਨਾਂ ਦਾ ਪਿਛੋਕੜ ਵਿਦੇਸ਼ ਸਫ਼ਰ ਵਾਲੇ, ਖਾਸ ਕਰ ਚੀਨ ਅਤੇ ਯੂਰੋਪ ਤੋਂ ਆਉਣ ਵਾਲੇ ਲੋਕ ਹੀ ਸਨ।

ਅਸੀਂ ਤਕਰੀਬਨ ਇੱਕ ਮਹੀਨਾ ਇਸ ਪਾਸੇ ਧਿਆਨ ਨਹੀਂ ਦਿੱਤਾ, ਸਗੋਂ ਵਿਦੇਸ਼ਾਂ ਦੀਆਂ ਤਸਵੀਰਾਂ ਵੇਖ ਵੇਖ ਕੇ ਮਜਾਕ ਕਰਦੇ ਰਹੇ। ਅਸੀਂ ਇਹ ਵੀ ਪ੍ਰਭਾਵ ਦਿੰਦੇ-ਲੈਂਦੇ ਰਹੇ ਕਿ ਸਾਡੇ ਵਰਗੇ ਪ੍ਰਦੂਸ਼ਿਤ ਵਸਤੂਆਂ (ਹਵਾ ਪਾਣੀ, ਖੁਰਾਕ ਆਦਿ) ਇਸਤੇਮਾਲ ਕਰਨ ਵਾਲੇ ਲੋਕਾਂ ਵਿੱਚ, ਇਹ ਕੀ ਕਰ ਸਕੇਗਾ। ਨਾਲ-ਨਾਲ ਸਾਡੇ ਮੁਲਕ ਦੀ ਮਾਨਸਿਕਤਾ ਦਾ ਇੱਕ ਹੋਰ ਪੱਖ ਕਿ ‘33 ਕਰੋੜ ਦੇਵਤਿਆਂ ਵਾਲੇ ਦੇਸ਼’ ਦਾ ਇਹ ਕੀ ਵਿਗਾੜ ਲਵੇਗਾ। ਬਿਆਨ ਚਲਣ ਲੱਗਿਆ ਕਿ ਇੱਕੋ ਦੇਵਤੇ ਦੇ ਹਿੱਸੇ ਚਾਰ ਕੁ ਵਿਅਕਤੀ ਹੀ ਆਉਂਦੇ ਹਨ।

ਬਹੁਤੇ ਉਪਰਾਲੇ ਸਰਕਾਰਾਂ ਨੇ ਕਰਨੇ ਹੁੰਦੇ ਹਨ ਤੇ ਪਹਿਲੀ ਕੇਂਦਰੀ ਵਜਾਰਤ ਦੀ ਮੀਟਿੰਗ 4 ਮਾਰਚ ਨੂੰ ਹੋਈ ਅਤੇ ਅਸੀਂ ਵਿਦੇਸ਼ਾਂ ਨਾਲ ਜੁੜੀ ਬੀਮਾਰੀ ਕਹਿ ਕਿ ਅਵੇਸਲੇ ਪਇਆਂ ਨੇ 9 ਮਾਰਚ ਨੂੰ ਅੰਤਰਰਾਸ਼ਟਰੀ ਹਵਾਈ ਅੱਡਿਆਂ ’ਤੇ ਸਕਰੀਨਿੰਗ ਸ਼ੁਰੂ ਕੀਤੀ ਤੇ ਨਾਲ ਹੀ 13 ਮਾਰਚ ਨੂੰ ਕਿਹਾ ਕਿ ਇਹ ਸਾਡੇ ਮੁਲਕ ਲਈ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਹੈ। ਤੇ ਹਫਤਾ ਵੀ ਨਹੀਂ ਬੀਤਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੇ ਨਾਂ ਸੰਦੇਸ਼ ਵਿੱਚ 22 ਮਾਰਚ ਦਾ ਇੱਕ ਰੋਜ਼ਾ ਜਨਤਾ ਕਰਫਿਊ ਲਗਾਉਣ ਦੀ ਅਪੀਲ ਕੀਤੀ ਤੇ ਦੋ ਦਿਨ ਬਾਅਦ ਸਾਰਾ ਦੇਸ਼ ਲਾਕਡਾਊਨ ਵਿੱਚ ਚਲਾ ਗਿਆ ਤੇ ਪੰਜਾਬ ਨੇ ਤਾਂ ਕਰਫਿਊ ਹੀ ਲਗਾ ਦਿੱਤਾ।

ਜ਼ਿੰਦਗੀ ਵਿੱਚ ਕਿਸੇ ਵੀ ਸਮੱਸਿਆ ਨੂੰ ਸਮਝਣ ਦਾ ਇੱਕ ਵਿਗਿਆਨਕ ਤਰੀਕਾ ਵਿਕਸਿਤ ਹੋਇਆ ਹੈ, ਉਹ ਸਮੱਸਿਆ

ਚਾਹੇ ਕਿਸੇ ਵੀ ਖੇਤਰ ਦੀ ਹੋਵੇ। ਉਹ ਹੈ 'ਕਾਰਨ ਅਤੇ ਇਲਾਜ' ਦਾ ਸਿਧਾਂਤ। ਇੱਥੇ ਵੀ ਸਹੀ ਕਾਰਨ ਹੀ, ਸਹੀ ਇਲਾਜ ਦੀ ਗਵਾਹੀ ਭਰਦਾ ਹੈ, ਦੀ ਗੱਲ ਵਧੇਰੇ ਠੀਕ ਢੰਗ ਨਾਲ ਸਮਝਣ ਵਾਲੀ ਹੈ। ਸਹੀ ਕਾਰਨ 'ਤੇ ਪਹੁੰਚਣ ਲਈ, ਇੱਕ ਰਾਹ ਹੈ ਕਿ ਕਾਰਨਾਂ ਨੂੰ ਪਰਖਿਆ ਜਾਵੇ ਨਾ ਕਿ ਅੱਖਾਂ ਬੰਦ ਕਰਕੇ ਮੰਨ ਲਿਆ ਜਾਵੇ। ਅਸੀਂ ਬੀਮਾਰੀਆਂ ਦੇ ਇਤਿਹਾਸ ਤੋਂ ਸਮਝ ਸਕਦੇ ਹਾਂ ਕਿ ਚੇਚਕ ਦੀ ਬੀਮਾਰੀ ਨੂੰ ਲੈ ਕੇ, ਸੀਤਲਾ ਮਾਤਾ ਦਾ ਨਾਂ ਲਿਆ ਜਾਂਦਾ ਹੈ। ਕਿਸੇ ਸਮੇਂ ਅਜਿਹੀ ਮਹਾਂਮਾਰੀਂ ਲਈ, ਇੱਕ ਕਿਆਸ ਲਾਇਆ ਗਿਆ ਹੋਵੇਗਾ ਕਿ ਕੋਈ ਦੈਵੀ ਸ਼ਕਤੀ ਹੈ ਜਿਸ ਦੇ ਪ੍ਰਕੋਪ ਕਾਰਨ ਇਹ ਵਾਪਰ ਰਿਹਾ ਹੈ। ਮਤਲਬ ਕਿ ਉਹ ਦੇਵੀ-ਦੇਵਤਾ ਨਾਰਾਜ ਹੈ ਤੇ ਗੁੱਸਾ ਕੱਢ ਰਿਹਾ ਹੈ, ਬਦਲਾ ਲੈ ਰਿਹਾ ਹੈ। ਕਾਰਨ ਅਸੀਂ ਤਲਾਸ਼ ਲਿਆ ਹੈ। ਇਸ ਕਾਰਨ ਦੇ ਮੱਦੇ ਨਜ਼ਰ ਹੁਣ ਹੱਲ ਕੀ ਹੋਵੇਗਾ? ਨਿਸ਼ਚਿਤ ਹੀ ਉਸ ਦੇ ਗੁੱਸੇ ਨੂੰ ਠੰਡਾ ਕਰੋ, ਉਸ ਦੇ ਚਰਨੀਂ ਪਵੋ, ਪੂਜਾ ਕਰੋ, ਮਿੰਨਤਾਂ ਕਰੋ।

ਇਹੀ ਚੇਚਕ ਦੀ ਬੀਮਾਰੀ, ਜਦੋਂ ਵਿਗਿਆਨੀਆਂ ਦੇ ਅਧਿਐਨ ਵਿੱਚ ਆਈ। ਪਤਾ ਚੱਲਿਆ ਕਿ ਇਹ ਵਾਇਰਸ ਨਾਲ ਹੋਣ ਵਾਲੀ ਬੀਮਾਰੀ ਹੈ ਤਾਂ ਉਸ ਦੇ ਇਲਾਜ ਲਈ ਉਪਰਾਲੇ ਹੋਏ। ਉਸ ਦੇ ਖਾਤਮੇ ਲਈ ਵੈਕਸੀਨ ਬਣਿਆ ਤੇ ਇਸ ਨੂੰ ਦੁਨੀਆਂ ਦੇ ਵਿੱਚੋਂ ਹੀ ਖਤਮ ਕਰ ਦਿੱਤਾ ਗਿਆ। ਮਤਲਬ ਸਾਨੂੰ ਸਹੀ ਕਾਰਨ ਮਿਲ ਗਿਆ ਤੇ ਸਹੀ ਇਲਾਜ ਦਾ ਰਾਹ ਵੀ।

ਕੋਰੋਨਾ ਵਾਇਰਸ ਨੇ ਜਦੋਂ ਸਾਡੇ ਦੇਸ਼ ਵਿੱਚ ਦਸਤਕ ਦਿੱਤੀ ਤੇ ਇਹ ਹੌਲੀ-ਹੌਲੀ, ਵੱਖ ਵੱਖ ਰਾਜਾਂ ਵਿੱਚ ਫੈਲਦਾ ਰਿਹਾ ਤਾਂ ਉਸ ਵੇਲੇ ਸਾਡੇ ਕੋਲ ਵਿਦੇਸ਼ੀ ਮੁਲਕਾਂ ਦਾ ਤਜ਼ਰਬਾ ਸੀ। ਉਨ੍ਹਾਂ ਦੇਸ਼ਾਂ ਵਿੱਚ ਹੋ ਰਹੀਆਂ ਮੌਤਾਂ ਦੇ ਕਿੱਸੇ ਸਨ। ਅਸੀਂ ਪੜਾਅ ਵਾਰ ਲੋਕਾਂ ਨੂੰ ਸੁਚੇਤ ਜਰੂਰ ਕਰਨਾ ਸ਼ੁਰੂ ਕੀਤਾ, ਪਰ ਨਾਲ ਹੀ ਸਾਡੇ ਸਮਾਜ ਵਿੱਚ ਮੌਜੂਦ ਟੋਟਕੇ ਅਤੇ ਤਾਂਤਰਿਕ ਵਿੱਦਿਆ ਨੇ ਵੀ ਆਪਣੀ ਰਾਏ ਦੇਣ ਵਿੱਚ ਢਿੱਲ ਨਹੀਂ ਕੀਤੀ। ਗਊ-ਮੂਤਰ ਪਾਰਟੀ, ਪਿੰਡ ਨੂੰ ਵਾਇਰਸ ਮੁਕਤ ਕਰਨ ਲਈ ਧੂਣੀ, ਘਰ ਦੇ ਅੰਦਰ ਕਪੂਰ ਦਾ ਦੀਵਾ ਜਗਾ ਕੇ ਸਾਰੇ ਘਰ ਵਿੱਚ ਉਸ ਦੇ ਧੂੰਏ ਨਾਲ ਫੇਰੀ ਅਤੇ ਹੋਰ ਕਈ ਖੁਲਾਸੇ ਹੋਏ ਜਿਵੇਂ ਕਿ ਨਾਰਦ ਪੁਰਾਣ ਅਨੁਸਾਰ ਬੀਮਾਰੀ ਦੇ ਪ੍ਰਕੋਪ ਦਾ 25 ਮਾਰਚ ਤੋਂ ਬਾਅਦ ਘੱਟ ਹੋਣਾ, ਕਿਉਂ ਜੋ ਸੰਵਤ ਦੀ ਸ਼ੁਰੂਆਤ ਹੋ ਜਾਵੇਗੀ।

ਇਸ ਤਰ੍ਹਾਂ ਦੀ ਗੈਰ-ਵਿਗਿਆਨਕ ਜਾਣਕਾਰੀ ਨੂੰ ਫੈਲਾਉਣ ਦਾ ਮਾਹੌਲ ਆਪੇ ਨਹੀਂ ਬਣਦਾ। ਇੱਕ ਤਾਂ ਪਹਿਲਾਂ ਹੀ ਲੋਕ ਸੁਨਣ-ਮੰਨਣ ਵਾਲੇ ਹੁੰਦੇ ਹਨ ਤੇ ਦੂਸਰਾ ਦੇਸ਼ ਦਾ ਰਾਜ ਪ੍ਰਬੰਧ ਵੀ ਮੂਕ ਸਵੀਕਾਰਤਾ ਦਿੰਦਾ ਹੈ।

ਸਭ ਤੋਂ ਅਹਿਮ ਗੱਲ, ਕੋਰੋਨਾ ਵਾਇਰਸ ਨੂੰ ਲੈ ਕੇ ਦੇਸ਼ ਦੇ ਮੁਖੀ ਪ੍ਰਧਾਨ ਮੰਤਰੀ ਨੇ ਆਪਣੇ ਦੋ ਸੁਨੇਹਿਆਂ ਵਿੱਚ ਜੋ ਕਿਹਾ, ਉਹ ਵੀ ਇਸ ਸਾਰੀ ਵਿਗਿਆਨ ਪ੍ਰਕ੍ਰਿਆ 'ਤੇ ਸਵਾਲ ਖੜੇ ਕਰਨ ਵਾਲਾ ਹੈ।

ਪਹਿਲੇ ਸੰਦੇਸ਼ ਵਿੱਚ, ਜਨਤਾ ਕਰਫਿਊ ਦੌਰਾਨ, ਘਰਾਂ ਦੀਆਂ ਬਾਲਕੋਨੀਆਂ ਜਾਂ ਦਰਵਾਜੇ 'ਤੇ ਪੰਜ ਮਿੰਟ ਤਾੜੀਆਂ ਵਜਾਉਣ ਜਾਂ ਥਾਲੀ ਖੜਕਾਉਣ ਦਾ ਸੀ ਤੇ ਦੂਸਰਾ ਪੰਜ ਅਪ੍ਰੈਲ ਨੂੰ ਰਾਤੀ ਨੌਂ ਵਜੇ, ਨੌਂ ਮਿੰਟ ਲਈ ਘਰਦੀਆਂ ਬੱਤੀਆਂ ਬੁਝਾ ਕੇ, ਦੀਵੇ ਮੋਮਬੱਤੀਆਂ ਜਗਾਉਣ ਦਾ ਸੀ। ਪ੍ਰਧਾਨ ਮੰਤਰੀ ਨੇ ਇਸ ਦਾ ਮਕਸਦ ਸਿਹਤ ਕਾਮਿਆਂ ਦਾ ਸ਼ੁਕਰਾਨਾ ਅਤੇ ਮੋਮਬੱਤੀਆਂ ਜਗਾ ਕੇ ਦੇਸ ਦੀ ਇੱਕਜੁੱਟਤਾ ਦਿਖਾਉਣਾ ਦੱਸਿਆ ਸੀ, ਪਰ ਮਕਸਦ ਹੋਰ ਹੈ।

ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਵਿੱਚ ਪਿਆ ਅੰਧਵਿਸ਼ਵਾਸ ਅਤੇ ਸਾਡੇ 'ਗੌਰਵਸ਼ਾਲੀ' ਕਹੇ ਜਾ ਰਹੇ ਵਿਰਸੇ ਅਤੇ ਗਿਆਨ ਮੁਤਾਬਕ, ਇਨ੍ਹਾਂ ਦੋਹਾਂ ਹੀ ਘਟਨਾਵਾਂ ਨੂੰ ਇਸ ਤਰੀਕੇ ਨਾਲ ਸਮਝਾਇਆ ਗਿਆ। ਤਾਲੀ-ਥਾਲੀ ਨਾਲ ਪੈਦਾ ਹੋਣ ਵਾਲੀਆਂ ਧੁਨੀਆਂ ਨਾਲ ਵਾਇਰਸ ਦੀ ਬਾਹਰਲੀ ਪਰਤ ਫੁੱਟ ਆਵੇਗੀ ਤੇ ਉਹ ਨਕਾਰਾ ਹੋ ਜਾਵੇਗੀ। ਇਸ ਨੂੰ ਭੌਤਿਕ ਵਿਗਿਆਨ ਦੇ ਨਿਯਮ ਨਾਲ ਜੋੜਿਆ ਗਿਆ। ਪਰ ਹੋਇਆ ਇਹ ਕਿ ਤਾੜੀ, ਥਾਲੀ, ਸੰਖ, ਪਟਾਕੇ, ਨਾਅਰੇ ਅਤੇ ਜੋ ਵੀ ਭਾਂਡਾ ਹੱਥ ਵਿੱਚ ਆਇਆ ਉਸ ਨਾਲ ਇੱਕ ਸ਼ੋਰ ਪੈਦਾ ਕੀਤਾ ਗਿਆ। 'ਕੋਰੋਨਾ ਗੋ ਬੈਕ' ਦੇ ਨਾਅਰੇ ਲੱਗੇ। ਜੇਕਰ ਨੇਮ ਦੀ ਕੋਈ ਅਮਲੀਅਤ ਹੈ ਤਾਂ ਉਹ ਸ਼ੋਰ ਅਤੇ ਸੰਗੀਤ ਵਿੱਚ ਫਰਕ ਹੁੰਦਾ ਹੈ।

ਦੂਸਰੀ ਘਟਨਾ ਨੂੰ ਵੀ ਜੋਤਿਸ਼ ਵਿਗਿਆਨ ਦੇ ਤਹਿਤ ਸਮਝਾਇਆ ਗਿਆ ਤੇ ਨੌਂ ਦੇ ਅੰਕ ਨੂੰ, ਪੰਜ ਤਰੀਖ ਚੌਥਾ ਮਹੀਨਾ, ਨੌਂ ਵਜੇ ਨੌਂ ਮਿੰਟ ਇਸ ਦਾ ਤਿਗੁਣਾ ਪ੍ਰਭਾਵ ਸੀ ਮੰਗਲ ਗ੍ਰਹਿ ਲਈ ਅਤੇ ਰੋਸ਼ਨੀ ਕਰਨਾ ਸੀ ਰਾਹੂ ਦੇ ਪ੍ਰਭਾਵ ਨੂੰ ਘੱਟ ਕਰਨ ਲਈ।

ਜੇਕਰ ਇਸ ਤੰਤਰ-ਮੰਤਰ, ਜੁਮਲੇ ਬਾਜੀ ਅਤੇ ਇਸ ਦੀ ਵੈਦਿਕ ਵਿਆਖਿਆ ਦੇ ਨਾਲ ਨਾਲ ਦੇਸ਼ ਵਿੱਚ ਹਸਪਤਾਲਾਂ ਦੀ, ਮੌਜੂਦਾ ਸਿਹਤ ਸਹੂਲਤਾਂ ਦੀ ਘਾਟ, ਪੀ.ਪੀ.ਪੀ. (ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ) ਜਿਸ ਵਿੱਚ ਸਿਰ ਦੀ ਟੋਪੀ ਤੋਂ ਪੈਰਾਂ ਤੱਕ ਗਾਊਣ, ਮਾਸਕ, ਦਸਤਾਨੇ, ਬੂਟ ਸ਼ਾਮਿਲ ਹਨ ਅਤੇ ਵੈਂਟੀਲੇਟਰ ਆਦਿ ਖਰੀਦੇ ਜਾਣ ਦੀ ਗੱਲ ਚੱਲ ਰਹੀ ਹੈ।

ਤਾਂ ਇਹ ਦੋ ਪੱਖੀ ਵਿਵਹਾਰ ਦੁਚਿੱਤੀ ਪੈਦਾ ਕਰਨਾ ਹੈ। ਇੱਕ ਪਾਸੇ ਲੋਕ ਇਸ ਬੀਮਾਰੀ ਪ੍ਰਤੀ ਸੰਜੀਦਗੀ ਨਾਲ ਲੜ ਰਹੇ ਹਨ। ਇਸ ਨੂੰ ਇੱਕ ਜੰਗ ਵਰਗੀ ਆਪਦਾ ਕਹਿ ਕੇ

ਤਿਆਰ ਰਹਿਣ ਲਈ ਕਿਹਾ ਜਾਂਦਾ ਹੈ ਤੇ ਦੂਸਰੇ ਪਾਸੇ ਦੇਸ਼ ਦੀ ਬਹੁਗਿਣਤੀ, ਵਿਗਿਆਨਕ ਚੇਤਨਾ ਤੋਂ ਸਖਣੀ, ਰਾਤ ਦੀਵੇ ਜਗਾ ਕੇ ਜਾਂ ਤਾਲੀਆਂ ਖੜਕਾ ਕੇ ਸੌਂਦੀ ਹੈ ਤੇ ਸਵੇਰੇ ਸੋਚਦੀ ਹੈ ਕਿ ਵਾਇਰਸ ਮੁਕ ਗਿਆ ਹੈ। ਇਸ ਤਰ੍ਹਾਂ ਭੰਬਲਭੂਸਾ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ, ਸਗੋਂ ਉਲਝਣ ਵਿੱਚ ਪਾਉਂਦਾ ਹੈ ਤੇ ਚੱਲ ਰਹੀਆਂ ਕੋਸ਼ਿਸ਼ਾਂ ਦੇ ਅਸਰ ਨੂੰ ਘੱਟ ਕਰਦਾ ਹੈ ਜਾਂ ਪੇਤਲਾ ਪਾ ਦਿੰਦਾ ਹੈ।

ਇਸ ਬੀਮਾਰੀ ਨਾਲ ਨਜਿੱਠਣ ਲਈ, ਸਾਰੇ ਦੇਸ਼ ਵਾਸੀਆਂ ਕੋਲ ਆਪਣੇ ਆਪਣੇ ਨੁਸਖੇ ਟੋਟਕੇ ਹਨ ਜੋ ਬੜੇ ਧੜੱਲੇ ਨਾਲ ਲੋਕਾਂ ਦੀ ਭਲਾਈ ਲਈ ਪਹੁੰਚਾਏ ਜਾ ਰਹੇ ਹਨ ਤੇ ਨਾਲ ਹੀ ਦੇਸ਼ ਦੀ ਵਿਵਸਥਾ, ਵਿਸ਼ਵ ਸਿਹਤ ਸੰਸਥਾ ਦੀਆਂ ਹਿਦਾਇਤਾਂ ਤਹਿਤ ਅਤੇ ਹੋਰ ਮੁਲਕਾਂ ਦੀ ਕਾਰਜ ਪ੍ਰਣਾਲੀ ਦੇ ਮੁਤਾਬਿਕ ਵੀ ਕਾਰਜਸ਼ੀਲ ਹੈ। ਸਭ ਤੋਂ ਅਹਿਮ ਹੈ ਕਿ ਕੋਈ ਵੀ ਇਨ੍ਹਾਂ ਧਾਰਨਾਵਾਂ ਦੀ ਨਿਖੇਧੀ ਨਹੀਂ।

ਮਾਸਕ, ਹੱਥ ਧੋਣ ਜਾਂ ਸੈਨੇਟਾਈਜ਼ਰ ਦਾ ਇਸਤੇਮਾਲ ਅਤੇ ਸਮਾਜਿਕ ਦੂਰੀ ਦੀ ਗੱਲ ਤਾਂ ਸ਼ੁਰੂ ਤੋਂ ਹੋਈ ਹੈ, ਪਰ ਇਸ ਦਿਸ਼ਾ ਵਿੱਚ ਅਹਿਮ ਫੈਸਲਾ ਲਾਕਡਾਊਨ ਦਾ ਲਿਆ ਗਿਆ। ਇਸ ਬਾਰੇ ਵੀ ਜੇਕਰ ਕੁਝ ਵਿਸ਼ਲੇਸ਼ਣ ਕਰੀਏ ਤਾਂ ਲੋਕਾਂ ਵਿੱਚ ਸੰਵੇਦਨਸ਼ੀਲਤਾ ਦੀ ਘਾਟ ਸਾਫ ਦਿਖਦੀ ਹੈ। ਇਹ ਮਾਨਸਿਕ ਹਾਲਤ ਵੀ ਸਾਡੀ ਬਣਾਈ ਗਈ ਗੈਰ-ਤਾਰਕਿਕ ਸਖਸ਼ੀਅਤ ਦਾ ਸਿੱਟਾ ਹੈ।

ਪਹਿਲੀ ਗੱਲ ਤਾਂ ਲਾਕਡਾਊਨ, ਰਾਤ ਨੂੰ ਅੱਠ ਵਜੇ ਲਗਾਉਣ ਦੀ ਤੁੱਕ ਵੀ ਸਮਝ ਤੋਂ ਬਾਹਰ ਹੈ। ਦੂਸਰਾ ਕਿਸੇ ਵੀ ਤਰ੍ਹਾਂ ਦੀ ਤਿਆਰੀ ਨਾ ਹੋਣੀ ਸਾਫ ਝਲਕਦੀ ਹੈ। ਇਸ ਨੂੰ ਇਹ ਕਹਿਣਾ ਕਿ ਇਹ ਐਮਰਜੈਂਸੀ ਵਿੱਚ ਲਿਆ ਜਾਣ ਵਾਲਾ ਫੈਸਲਾ ਸੀ, ਜਦੋਂ ਕਿ ਹਾਲਾਤ ਤੋਂ ਅਸੀਂ ਤਕਰੀਬਨ ਦੋ ਮਹੀਨੇ ਤੋਂ ਵਾਕਫ ਸੀ ਕਿਸੇ ਵੀ ਤਰ੍ਹਾਂ ਜਚਦਾ ਨਹੀਂ। ਕਿਸੇ ਵੀ ਪ੍ਰਸ਼ਾਸਨਿਕ ਵਿਅਕਤੀ ਤੋਂ ਇਹ ਅੰਦਾਜਾ ਨਹੀਂ ਲਗਵਾਇਆ ਗਿਆ ਕਿ ਲੱਖਾਂ ਹੀ ਦਿਹਾੜੀਦਾਰ ਲੋਕ, ਰੋਜ਼ਾਨਾ ਕਮਾ ਕੇ ਖਾਣ ਵਾਲੇ ਲੋਕ ਮਹੀਨਿਆਂ ਬੱਧੀ ਕਿਵੇਂ ਗੁਜਾਰਾ ਕਰਨਗੇ। ਲੋਕਾਂ ਨੂੰ ਘਰ ਵਿੱਚ ਤਾਲਾਬੰਦੀ ਦੇ ਆਦੇਸ਼ ਦਿੱਤੇ ਗਏ, ਪਰ ਸਾਨੂੰ ਪਤਾ ਹੈ ਕਿ ਕਰੋੜਾਂ ਲੋਕਾਂ ਕੋਲ ਛੱਤ ਹੀ ਨਹੀਂ ਹੈ।

ਇਸਦੇ ਅਗਲੇ ਪੜਾਅ ਵਿੱਚ ਵਿਗਿਆਨਕ ਚੇਤਨਾ ਤੋਂ ਵੀ ਅੱਗੇ, ਅਨਮਨੁੱਖੀ ਘਟਨਾ ਦਾ ਵਾਪਰਨਾ, ਜਦੋਂ ਇਹਨਾਂ ਲੋਕਾਂ ’ਤੇ ਸੈਨੇਟਾਈਜ਼ਰ ਦਾ ਛਿੜਕਾਅ ਕੀਤਾ ਗਿਆ, ਜਿਵੇਂ ਇਹ ਮੱਖੀਆਂ ਮੱਛਰ ਹੋਣ। ਪੁਲਿਸ ਵੱਲੋਂ ਇਨ੍ਹਾਂ ਨੂੰ ਆਪਣੇ ਰਹਿਣ ਵਾਲੀ ਥਾਂ ਛੱਡਣ ਦੇ ਦੋਸ਼ ਵਿੱਚ, ਸੜਕ ਉੱਪਰ ਪੇਟ ਜਾਂ ਗੋਡਿਆਂ ਦੇ ਭਾਰ ਰੇਂਗ ਰੇਂਗ ਕੇ ਚਲਵਾਇਆ ਗਿਆ। ਇਹ ਵੀ ਸਾਡੀ ਅਗਿਆਨਤਾ ਤੋਂ ਵੱਧ, ਅੰਗਰੇਜ਼ੀ ਹਕੂਮਤ ਵਾਲੀ ਪੁਲਸੀਆ ਮਾਨਸਿਕਤਾ ਹੈ।

ਇਨ੍ਹਾਂ ਘਟਨਾਵਾਂ ਦਾ ਵਾਪਰਨਾ, ਇਸ ਲਈ ਵੀ ਹੈ ਕਿ ਹੱਥ ਧੋਣ ਜਾਂ ਛੇ ਫੁੱਟ ਦੀ ਦੂਰੀ ਬਣਾਉਣ ਅਤੇ ਫਿਰ ਲਾਕਡਾਊਨ ਦਾ ਵਿਗਿਆਨਕ ਅਧਾਰ ਕੀ ਹੈ, ਇਹ ਕਿਸੇ ਨੇ ਵੀ ਦੱਸਣ ਦੀ ਕੋਸ਼ਿਸ਼ ਨਹੀਂ ਕੀਤੀ। ਪ੍ਰਧਾਨ ਮੰਤਰੀ ਦੇ ਦੇਸ਼ ਨੂੰ ਤਿੰਨ ਸੰਦੇਸ਼, ਇੱਕ ਵਾਰੀ ‘ਮਨ ਕੀ ਬਾਤ’ ਅਤੇ ਇੱਕ ਵਾਰੀ ਆਪਣੇ ਸੰਸਦੀ ਖੇਤਰ ਵਾਰਾਨਸੀ ਦੇ ਲੋਕਾਂ ਨਾਲ ਵੀਡੀਓ ’ਤੇ ਸੁਨੇਹਾ। ਇਨ੍ਹਾਂ ਸਾਰਿਆਂ ਦਾ ਤੱਤਸਾਰ ਹੈ, ਕੋਰੋਨਾ ਨੂੰ ਕਰੁਣਾ ਨਾਲ ਹਰਾਣਾ ਹੈ। ਸੰਜਮ ਅਤੇ ਅਨੁਸ਼ਾਸਨ ਨਾਲ ਅਸੀਂ ਜਿੱਤਾਂਗੇ। ਇਹ ਜ਼ੁਮਲੇਬਾਜੀ ਕਰਨ ਦਾ ਅੰਦਾਜ਼, ਭਾਸ਼ਣ ਨੂੰ ਸੁਣਨ ਦੇ ਯੋਗ ਤਾਂ ਬਣਾਉਂਦਾ ਹੈ, ਪਰ ਇਹ ਸਮਾਂ ਲੋਕਾਂ ਨੂੰ ਸਹੀ ਅਤੇ ਤੱਥਾਂ ਅਧਾਰਿਤ ਸੰਦੇਸ਼ ਦੇਣ ਦਾ ਹੈ।

ਇਹ ਠੀਕ ਹੈ ਕਿ ਹਮਦਰਦੀ (ਕਰੁਣਾ) ਦੀ ਲੋੜ ਹੁੰਦੀ ਹੈ। ਅਨੁਸ਼ਾਸਨ ਅਤੇ ਸੰਜਮ ਦੀ ਵੀ, ਪਰ ਬੀਮਾਰੀ ਸਾਨੂੰ ਪਤਾ ਹੈ, ਵਾਇਰਸ ਦੀ ਸ਼ਕਲ ਦੇਸ਼ ਦੇ ਬੱਚੇ-ਬੱਚੇ ਨੂੰ ਯਾਦ ਹੋ ਗਈ ਹੈ ਤੇ ਉਸ ਕੰਡਿਆਲੇ ਬਾਲ ਵਾਲੀ ਤਸਵੀਰ ਡਰਾ ਰਹੀ ਹੈ। ਇਸ ਸਮੇਂ ਜੋ ਦੱਸਣ ਦੀ ਲੋੜ ਹੈ-

★ ਛੇ ਫੁੱਟ ਦੀ ਦੂਰੀ ਦਾ ਮਤਲਬ ਹੈ ਕਿ ਖਾਂਸੀ ਜਾਂ ਛਿੱਕ ਰਾਹੀਂ ਬਾਹਰ ਆਉਣ ਵਾਲੀਆਂ ਤਰਲ ਬੂੰਦਾਂ ਵਿੱਚ ਮੌਜੂਦ ਵਾਇਰਸ ਛੇ ਫੁੱਟ ਤੱਕ ਹਵਾ ਵਿੱਚ ਆਉਂਦਾ/ਫੈਲਦਾ ਹੈ, ਫਿਰ ਹੌਲੀ ਹੌਲੀ ਥੱਲੇ ਬੈਠ ਜਾਂਦਾ ਹੈ।

★ ਇਸੇ ਤਰ੍ਹਾਂ ਲਾਕਡਾਊਨ, ਇਸ ਤੱਥ ’ਤੇ ਅਧਾਰਿਤ ਹੈ ਕਿ ਜੇਕਰ ਵਾਇਰਸ ਕਿਸੇ ਦੇ ਸਰੀਰ ਵਿੱਚ ਚਲਾ ਜਾਂਦਾ ਹੈ ਤਾਂ ਉਹ 2 ਤੋਂ 14 ਦਿਨ ਦੇ ਅੰਦਰ ਆਪਣਾ ਪ੍ਰਭਾਵ ਦਿਖਾ ਦਿੰਦਾ ਹੈ ਤੇ ਬੀਮਾਰੀ ਦੇ ਲੱਛਣ ਪੈਦਾ ਹੋ ਜਾਂਦੇ ਹਨ। ਆਪਣੇ ਆਪ ਨੂੰ ਦੋ-ਤਿੰਨ ਹਫਤੇ ਅੱਡ ਰੱਖਕੇ, ਦੂਰੀ ਬਣਾ ਕੇ, ਇਕ ਤਾਂ ਬੀਮਾਰੀ ਹੋਣ ਦੀ ਖਬਰ ਪਤਾ ਚੱਲ ਜਾਵੇਗੀ ਤੇ ਦੂਸਰਾ ਉਹ ਵਿਅਕਤੀ, ਬਾਹਰ ਨਾ ਘੁੰਮ ਕੇ ਬੀਮਾਰੀ ਨਹੀਂ ਫੈਲਾ ਸਕੇਗਾ। ਸਾਡੀ ਵਿਗਿਆਨਕ ਸੋਚ ਦੀ ਘਾਟ ਦਾ ਹੀ ਨਤੀਜਾ ਹੈ ਕਿ ਬੇਟੇ ਆਪਣੀ ਮਾਤਾ ਦੀ ਮ੍ਰਿਤਕ ਦੇਹ ਲੈਣ ਤੋਂ ਮੁਨਕਰ ਹੋ ਰਹੇ ਹਨ ਅਤੇ ਸੰਸਕਾਰ ਕਰਨ ਲਈ ਸ਼ਮਸ਼ਾਨਘਾਟ ’ਤੇ ਤਾਲੇ ਲਗਦੇ ਹਨ।

ਅਸੀਂ ਇਸ ਤਰ੍ਹਾਂ ਦੀ ਜਾਣਕਾਰੀ, ਵੱਧ ਤੋਂ ਵੱਧ ਲੋਕਾਂ ਨੂੰ ਮੁਹੱਈਆ ਕਰਵਾਉਣ ਦੀ ਬਜਾਏ, ਆਪਣੇ ਹਸਪਤਾਲਾਂ ਵਿੱਚ ਸਿਹਤ ਅਮਲੇ ਅਤੇ ਸਾਜੋ ਸਮਾਨ ਦੀ ਘਾਟ ਦਾ ਜਾਇਜਾ ਲੈਣ ਅਤੇ ਉਨ੍ਹਾਂ ਨੂੰ ਕਾਰਗਰ ਬਨਾਉਣ ਲਈ ਸਰਗਰਮੀ

*...ਬਾਕੀ ਪੰਨਾ 17 ’ਤੇ*

# ਇਤਿਹਾਸਕ ਦਿਨ

1 ਮਈ : ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ
3 ਮਈ : ਪ੍ਰੈੱਸ-ਆਜ਼ਾਦੀ ਦਿਵਸ
5 ਮਈ : ਜਨਮ ਦਿਵਸ ਪ੍ਰਸਿੱਧ ਦਾਰਸ਼ਨਿਕ, ਕ੍ਰਾਂਤੀਕਾਰੀ ਅਤੇ ਕਮਿਊਨਿਸਟ ਵਿਚਾਰਧਾਰਾ ਦੇ ਸੰਸਥਾਪਕ ਕਾਰਲ ਮਾਰਕਸ (1818)
5 ਮਈ : ਜਨਮ ਦਿਵਸ ਚਟਗਾਉ ਵਿਦਰੋਹ ਦੀ ਨਾਇਕਾ – ਪ੍ਰੀਤੀਲਤਾ ਵਾਡੇਕਰ (1911)
6 ਮਈ : ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)
7 ਮਈ : ਜਨਮ ਦਿਵਸ ਪ੍ਰਸਿੱਧ ਲੇਖਕ ਰਵਿੰਦਰ ਨਾਥ ਟੈਗੋਰ (1861)
8 ਮਈ : ਹਾਰਡਿੰਗ ਬੰਬ ਕੇਸ (ਸ਼ਹੀਦ ਅਵਧ ਬਿਹਾਰੀ, ਅਮੀਰ ਚੰਦ ਨੂੰ ਫਾਂਸੀ) (1918)
9 ਮਈ : ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਦੀ ਮੌਤ (1938)
10 ਮਈ : ਤਾਰਾ ਵਿਗਿਆਨ ਦਿਵਸ
10 ਮਈ : ਮੇਰਠ ਵਿੱਚ ਅੰਗਰੇਜ਼ਾਂ ਖਿਲਾਫ 1857 ਦੇ ਗ਼ਦਰ ਦੀ ਸ਼ੁਰੂਆਤ
13 ਮਈ : ਬੱਬਰ ਕਰਤਾਰ ਸਿੰਘ ਕਿਰਤੀ ਅਤੇ ਗੁਰਦਿੱਤ ਸਿੰਘ ਦਲੇਰ ਨੂੰ ਫਾਂਸੀ (1939)
17 ਮਈ : ਕਾਲੇਪਾਣੀ ਜੇਲ੍ਹ 'ਚ ਸ਼ਹੀਦ ਮਹਾਂਵੀਰ ਸਿੰਘ ਦੀ ਭੁੱਖ ਹੜਤਾਲ ਦੌਰਾਨ ਸ਼ਹਾਦਤ (1933)
17 ਮਈ : ਮਹਾਨ ਗਣਿਤ-ਸ਼ਾਸਤਰੀ ਅਤੇ ਚਿੰਤਕ ਬਰਟਰਨਡ ਰਸੇਲ ਦਾ ਜਨਮ ਦਿਵਸ (1872)
19 ਮਈ : ਵੀਅਤਨਾਮ ਦੇ ਮਹਾਨ ਕ੍ਰਾਂਤੀਕਾਰੀ ਨੇਤਾ ਹੋ ਚੀ ਮਿਨ ਦਾ ਜਨਮ ਦਿਵਸ (1890)
24 ਮਈ : ਜਨਮ ਦਿਵਸ ਸ਼ਹੀਦ ਗ਼ਦਰੀ ਕਰਤਾਰ ਸਿੰਘ ਸਰਾਭਾ (1896)
25 ਮਈ : ਮਹਾਨ ਬੰਗਲਾ ਕਵੀ ਕਾਜੀ ਨਜ਼ਰੁਲ ਇਸਲਾਮ ਦਾ ਜਨਮ ਦਿਵਸ (1899)
28 ਮਈ : ਸ਼ਹੀਦ ਭਗਵਤੀ ਚਰਣ ਵੋਹਰਾ ਦੀ ਬੰਬ ਪਰਖ ਸਮੇਂ ਬੰਬ ਫਟਣ ਕਾਰਣ ਸ਼ਹਾਦਤ (1930)
5 ਜੂਨ : ਵਿਸ਼ਵ ਵਾਤਾਵਰਣ ਦਿਵਸ
7 ਜੂਨ : ਭਾਰਤ ਦਾ ਦੂਸਰਾ ਉਪਗ੍ਰਹਿ 'ਭਾਸਕਰ' ਪੁਲਾੜ ਵਿੱਚ ਛੱਡਿਆ ਗਿਆ (1979)
9 ਜੂਨ : ਸ਼ਹੀਦੀ ਕ੍ਰਾਂਤੀਕਾਰੀ ਹਰੀ ਕ੍ਰਿਸ਼ਨ (1931)
11 ਜੂਨ : ਮਹਾਨ ਕ੍ਰਾਂਤੀਕਾਰੀ ਕਾਕੋਰੀ ਕੇਸ ਦੇ ਸ਼ਹੀਦ ਰਾਮ ਪ੍ਰਸਾਦ ਬਿਸਮਿਲ ਦਾ ਜਨਮ ਦਿਵਸ (1897)
14 ਜੂਨ : ਵਿਸ਼ਵ ਖ਼ੂਨਦਾਨ ਦਿਵਸ
14 ਜੂਨ : ਜਨਮ ਦੱਖਣੀ ਅਮਰੀਕਾ ਦੇ ਇਨਕਲਾਬੀ ਅਰਨੈਸਟੋ ਚੀ ਗੁਵੇਰਾ (1928)

*ਪੰਨਾ 4 ਦਾ ਬਾਕੀ...*

ਕਰਦਾ ਹੈ ਕਿ ਨਵੇ ਨਵੇਂ ਵਾਇਰਸ ਪੈਦਾ ਹੁੰਦੇ ਰਹਿਣਗੇ। ਹਾਲ ਦੀ ਘੜੀ ਵਿਗਿਆਨ ਵੈਕਸੀਨੇਸ਼ਨਜ਼ ਕਰਕੇ, ਬਿਮਾਰ ਨੂੰ ਡਾਕਟਰੀ ਸਹੂਲਤਾਂ ਦੇ ਕੇ ਬਿਮਾਰੀ ਦਾ ਟਾਕਰਾ ਕਰਨ ਦੇ ਸਮਰੱਥ ਬਣਾਉਣ ਅਤੇ ਵਾਇਰਸ ਦੀ ਲਾਗ ਦੂਸਰੇ ਮਨੁੱਖਾਂ ਤੀਕ ਨਾ ਪਹੁੰਚਣ ਦੇਣ ਵਰਗੇ ਉਪਾਵਾਂ ਉੱਤੇ ਨਿਰਭਰ ਕਰ ਰਿਹਾ ਹੈ। ਇਸ ਨਾਲ ਉਸ ਨੇ ਵਾਇਰਸ ਮਹਾਂਮਾਰੀਆਂ ਦੀ ਮਾਰੂ ਸਮਰੱਥਾ ਕਾਫੀ ਘਟਾ ਦਿੱਤੀ ਹੈ। ਆਉਣ ਵਾਲੇ ਸਮੇਂ ਵਿੱਚ ਆਸ ਹੈ ਕਿ ਵਿਗਿਆਨ ਮਨੁੱਖ ਵਿੱਚ ਰੋਗ-ਪ੍ਰਤੀਰੋਧੀ ਸ਼ਕਤੀ (Immune System) ਨੂੰ ਐਨਾ ਸਮਰੱਥ ਕਰ ਦੇਵੇਗਾ ਕਿ ਉਹ ਕਿਸੇ ਵੀ ਨਵੇਂ ਪੁਰਾਣੇ ਵਾਇਰਸ ਦਾ ਮੁਕਾਬਲਾ ਕਰ ਸਕੇ। ਰੋਗਾਣੂਆਂ, ਵਿਸ਼ਾਣੂਆਂ ਉਤੇ ਵਿਗਿਆਨ ਪਹਿਲਾਂ ਵੀ ਜਿੱਤ ਪ੍ਰਾਪਤ ਕਰਦਾ ਰਿਹਾ ਹੈ ਅਤੇ ਹੁਣ ਵੀ ਕਰੇਗਾ, ਹੋਰ ਕੋਈ ਸੋਚ, ਢੰਗ-ਤਰੀਕਾ, ਪੂਜਾ-ਪਾਠ ਇਸਦਾ ਹੱਲ ਨਹੀਂ ਕਰ ਸਕਦਾ।

**98767-10809**

*ਪੰਨਾ 6 ਦਾ ਬਾਕੀ...*

ਗਿਆਨ ਤੋਂ ਵਾਂਝੇ ਲੇਖਕਾਂ ਵਲੋਂ ਇਸ ਬਾਰੇ ਲਿਖਣਾ, ਸਾਧਾਰਨ ਲੋਕਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਕਰਕੇ ਉਨ੍ਹਾਂ ਨੂੰ ਮਾਨਸਿਕ ਰੋਗੀ ਬਣਾ ਸਕਦਾ ਹੈ। ਕਰੋਨਾ ਵਾਇਰਸ ਤੋਂ ਪਹਿਲਾਂ ਕਈ ਕਿਸਮ ਦੀਆਂ ਵਾਇਰਸਾਂ ਜਿਵੇਂ, ਏਡਜ਼, ਈਬੋਲਾ, ਸਾਰਸ, ਆਦਿ ਆ ਚੁਕੀਆਂ ਹਨ। ਵਿਗਿਆਨੀਆਂ ਨੇ ਇਨ੍ਹਾਂ ਦੇ ਇਲਾਜ ਲੱਭੇ ਹਨ। ਕਰੋਨਾ ਵਾਰਿਸ ਦਾ ਇਲਾਜ ਵੀ ਜਰੂਰ ਲੱਭ ਲਿਆ ਜਾਵੇਗਾ। ਜੇਕਰ ਉੱਪਰ ਦਿੱਤੇ ਉਪਾਅ ਕਰੋਗੇ ਤਾਂ ਤੁਹਾਨੂੰ ਕੁੱਝ ਨਹੀਂ ਹੋਣ ਲੱਗਾ । ਜੇਕਰ ਕਰੋਨਾ ਵਾਇਰਸ ਲੱਗ ਵੀ ਜਾਵੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੌਤ ਹੋ ਜਾਵੇਗੀ।

**(ਵੈਨਕੂਵਰ ਦੀ 'ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ' ਤੋਂ ਮਾਈਕ੍ਰੋਬੀਅਲ ਜੈਨੇਟਿਕ ਦੇ ਖੇਤਰ ਵਿੱਚ ਪੀ.ਐੱਚ.ਡੀ.)**

# ਸ਼ਿਕਾਗੋ ਦੀ ਹੜਤਾਲ

**ਅਲੇਕਜੇਂਡਰ ਟ੍ਰੈਕਨਨਬਰਗ**

ਪਹਿਲੀ ਮਈ 1886 ਨੂੰ ਸ਼ਿਕਾਗੋ ਦੀ ਹੜਤਾਲ ਦਾ ਰੂਪ ਵਧੇਰੇ ਜੋਸ਼ੀਲਾ ਸੀ। ਸ਼ਿਕਾਗੋ ਉਸ ਸਮੇਂ ਮਜ਼ਦੂਰ-ਸੰਘਰਸ਼ ਦਾ ਕੇਂਦਰ-ਬਿੰਦੂ ਸੀ। ਭਾਵੇਂ ਕਿ ਇਹ ਅੰਦੋਲਨ ਮਜ਼ਦੂਰਾਂ ਦੀਆਂ ਸਮੱਸਿਆਵਾਂ 'ਤੇ ਪੂਰਾ-ਸੂਰਾ ਰਾਜਨੀਤਕ ਰੁਖ ਨਹੀਂ ਰਖਦਾ ਸੀ, ਫਿਰ ਵੀ ਇਹ ਇੱਕ ਲੜਾਕੂ ਅਤੇ ਜੁਝਾਰੂ ਅੰਦੋਲਨ ਸੀ। ਮਜ਼ਦੂਰਾਂ ਦੀਆਂ ਜੀਵਨ ਸਥਿਤੀਆਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਵਿੱਚ ਸੁਧਾਰ ਲਈ ਇਹ ਲਗਾਤਾਰ ਅੱਗੇ ਵਧ ਰਿਹਾ ਸੀ।



ਪਾਰਸਨਸ ਸਪਾਈਸ ਫਿਸ਼ਰ ਏਂਜੇਲ

ਸ਼ਿਕਾਗੋ ਵਿੱਚ ਸਾਰੇ ਮਜ਼ਦੂਰ ਸੰਗਠਨਾਂ ਦੇ ਇਸ ਵਿੱਚ ਭਾਗ ਲੈਣ ਕਰਕੇ ਹੜਤਾਲ ਵੱਡੇ ਪੈਮਾਨੇ 'ਤੇ ਹੋਈ। 'ਅੱਠ ਘੰਟਾ ਐਸੋਸੀਏਸ਼ਨ' ਬਹੁਤ ਪਹਿਲਾਂ ਹੀ ਇਸ ਹੜਤਾਲ ਦੀ ਤਿਆਰੀ ਲਈ ਬਣ ਗਈ ਸੀ। ਖੱਬੇ ਪੱਖੀ ਮਜ਼ਦੂਰ ਜਥੇਬੰਦੀਆਂ ਦੀ ਏਕਤਾ ਨਾਲ ਬਣੀ 'ਸੈਂਟਰਲ ਲੇਬਰ ਯੂਨੀਅਨ', ਨੇ ਇਸ ਐਸੋਸੀਏਸ਼ਨ ਦਾ ਪੂਰਾ ਸਾਥ ਦਿੱਤਾ, ਜੋ ਇੱਕ ਸੰਯੁਕਤ ਮੋਰਚਾ ਸੀ, ਜਿਸ ਵਿੱਚ 'ਨਾਈਟਸ ਆਫ ਲੇਬਰ' ਅਤੇ 'ਸੋਸ਼ਲਿਸਟ ਲੇਬਰ ਪਾਰਟੀ' ਤੱਕ ਸ਼ਾਮਲ ਸਨ। ਸੋਸ਼ਲਿਸਟ ਲੇਬਰ ਪਾਰਟੀ ਅਮਰੀਕਾ ਦੇ ਮਜ਼ਦੂਰ ਵਰਗ ਦੀ ਪਹਿਲੀ ਸੰਗਠਿਤ ਸਮਾਜਵਾਦੀ ਰਾਜਨੀਤਕ ਪਾਰਟੀ ਸੀ। ਪਹਿਲੀ ਮਈ ਤੋਂ ਪਿਛਲੇ ਐਤਵਾਰ ਨੂੰ ਇਸ ਯੂਨੀਅਨ ਵੱਲੋਂ ਇੱਕ ਲਾਮਬੰਦੀ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ 25000 ਮਜ਼ਦੂਰਾਂ ਨੇ ਹਿੱਸਾ ਲਿਆ।

ਪਹਿਲੀ ਮਈ ਨੂੰ ਸ਼ਿਕਾਗੋ ਵਿੱਚ ਮਜ਼ਦੂਰਾਂ ਦਾ ਇੱਕ ਵਿਸ਼ਾਲ ਸੈਲਾਬ ਉਮੜਿਆ। ਇਸ ਸੰਗਠਿਤ ਮਜ਼ਦੂਰ ਅੰਦੋਲਨ ਦੇ ਸੱਦੇ 'ਤੇ ਸ਼ਹਿਰ ਦੇ ਸਾਰੇ ਔਜ਼ਾਰ ਚਲਣੇ ਬੰਦ ਹੋ ਗਏ। ਮਜ਼ਦੂਰ ਅੰਦੋਲਨ ਨੂੰ ਇਸ ਤੋਂ ਪਹਿਲਾਂ ਕਦੇ ਜਮਾਤੀ-ਏਕਤਾ ਦੇ ਐਨੇ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਦਾ ਅਹਿਸਾਸ ਨਹੀਂ ਹੋਇਆ ਸੀ। ਅੱਠ ਘੰਟੇ ਦੇ ਕੰਮ ਦਿਨ ਦੇ ਮਹੱਤਵ ਅਤੇ ਹੜਤਾਲ ਦੇ ਸਰੂਪ ਵਿੱਚ ਵਿਸਥਾਰ ਨੇ ਪੂਰੇ ਅੰਦੋਲਨ ਨੂੰ ਇੱਕ ਵਿਸ਼ੇਸ਼ ਰਾਜਨੀਤਕ ਅਰਥ ਦੇ ਦਿੱਤਾ।

ਇਸ ਦੌਰਾਨ ਮਜ਼ਦੂਰਾਂ ਦੇ ਦੁਸ਼ਮਣ ਵੀ ਚੁੱਪ ਨਹੀਂ ਬੈਠੇ ਰਹੇ। ਸ਼ਿਕਾਗੋ ਵਿੱਚ ਉਦਯੋਗ ਮਾਲਕਾਂ ਅਤੇ ਸ਼ਹਿਰ ਦੇ ਪ੍ਰਸ਼ਾਸਨ ਦੀਆਂ ਮਿਲੀਆਂ ਜੁਲੀਆਂ ਸ਼ਕਤੀਆਂ ਨੇ, ਜੋ ਜੁਝਾਰੂ ਨੇਤਾਵਾਂ ਨੂੰ ਖਤਮ ਕਰਨ ਲਈ ਅਤੇ ਇਸ ਦੇ ਜ਼ਰੀਏ ਸ਼ਿਕਾਗੋ ਦੇ ਸਮੁੱਚੇ ਮਜ਼ਦੂਰ ਅੰਦੋਲਨ ਨੂੰ ਮਸਲਣ ਲਈ ਤਰਲੋ-ਮੱਛੀ ਹੋ ਰਹੀਆਂ ਸਨ, ਮਜ਼ਦੂਰਾਂ ਦੇ ਮੁਜ਼ਾਹਰੇ ਨੂੰ ਗ੍ਰਿਫਤਾਰ ਕਰ ਲਿਆ।

3 ਅਤੇ 4 ਮਈ ਦੀਆਂ ਘਟਨਾਵਾਂ ਜੋ 'ਹੇ ਮਾਰਕੀਟ ਕਾਂਡ' ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ, ਸਾਫ ਤੌਰ 'ਤੇ ਪਹਿਲੀ ਮਈ ਦੀ ਹੜਤਾਲ ਦਾ ਸਿੱਟਾ ਸਨ। 4 ਮਈ ਨੂੰ ਹੇ ਮਾਰਕੀਟ ਵਿੱਚ ਹੋਏ ਪ੍ਰਦਰਸ਼ਨ ਵਿੱਚ, 3 ਮਈ ਨੂੰ 'ਮੈਕਕਾਰਮਿਕ ਰੀਪਰ ਵਰਕਸ' ਦੇ ਮਜ਼ਦੂਰਾਂ ਦੇ ਇੱਕ ਇਕੱਠ 'ਤੇ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀਆਨਾ ਹਮਲੇ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਸ ਕਰੂਰ ਹਮਲੇ ਵਿੱਚ 6 ਮਜ਼ਦੂਰ ਮਾਰੇ ਗਏ ਸੀ ਅਤੇ ਕਈ ਜ਼ਖਮੀ ਹੋਏ ਸੀ।

ਇਹ ਪ੍ਰਦਰਸ਼ਨ, ਜੋ ਹੇ ਮਾਰਕੀਟ ਵਿੱਚ ਖਤਮ ਹੋਣ ਹੀ ਵਾਲਾ ਸੀ, 'ਤੇ ਪੁਲਿਸ ਨੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਸੁੱਟੇ ਬੰਬ ਨਾਲ ਚਾਰ ਮਜ਼ਦੂਰ ਅਤੇ ਸੱਤ ਪੁਲਿਸ ਵਾਲੇ ਮਾਰੇ ਗਏ। ਹੇ ਮਾਰਕੀਟ ਦਾ ਇਹ ਭਿਆਨਕ ਖ਼ੂਨ-ਖਰਾਬਾ - ਮਜ਼ਦੂਰ ਨੇਤਾਵਾਂ ਪਾਰਸਨਸ, ਸਪਾਈਸ, ਫਿਸ਼ਰ ਅਤੇ ਏਂਜੇਲ ਨੂੰ ਫਾਂਸੀ ਅਤੇ ਸ਼ਿਕਾਗੋ ਦੇ ਸਾਰੇ ਜੁਝਾਰੂ ਮਜ਼ਦੂਰ ਨੇਤਾਵਾਂ ਨੂੰ ਕੈਦ-ਸ਼ਿਕਾਗੋ ਦੇ ਪੂੰਜੀਪਤੀ ਉਦਯੋਗ ਮਾਲਕਾਂ ਦਾ ਸੰਘਰਸ਼ਸ਼ੀਲ ਲੋਕਾਂ ਨੂੰ ਜਵਾਬ ਸੀ।

ਸ਼ਿਕਾਗੋ ਦੇ ਮਜ਼ਦੂਰ ਨੇਤਾਵਾਂ ਨੂੰ ਫਾਂਸੀ ਤੋਂ ਬਾਅਦ ਅਮਰੀਕਨ ਫੈਡਰੇਸ਼ਨ ਆਫ ਲੇਬਰ ਨੇ ਸੇਂਟ ਲੂਈ ਵਿੱਚ ਸੰਮੇਲਨ ਕਰਕੇ ਇਸ ਅੰਦੋਲਨ ਨੂੰ ਨਵੇਂ ਸਿਰੇ ਤੋਂ ਜੀਵਤ ਕਰਨ ਦਾ ਸੰਕਲਪ ਲਿਆ। ਮਈ ਦਾ ਇਹ ਦਿਨ ਮਜ਼ਦੂਰ ਸੰਘਰਸ਼ ਦਾ ਪ੍ਰਤੀਕ ਬਣ ਗਿਆ।

**ਸ੍ਰੋਤ : ਕਿਤਾਬ 'ਮਈ ਦਿਵਸ ਦਾ ਇਤਿਹਾਸ'**

**ਪੰਜਾਬੀ ਅਨੁਵਾਦ : ਅਦਾਰਾ**

# ਸਰਕਾਰੀ ਫਰਮਾਨ



**ਜਸਵੰਤ ਜੀਰਖ**

ਅੱਜ ਕਰੋਨਾ ਵਾਇਰਸ ਦੇ ਨਾਮ ਦੀ ਹਾਹਾਕਾਰ ਪੂਰੀ ਦੁਨੀਆਂ ਵਿੱਚ ਮੱਚੀ ਹੋਈ ਹੈ। ਚੀਨ ਜਿੱਥੋਂ ਇਸ ਵਾਇਰਸ ਦੇ ਫੈਲਣ ਬਾਰੇ ਪ੍ਰਚਾਰਿਆ ਜਾ ਰਿਹਾ ਹੈ, ਨੇ ਆਪਣੇ ਦੇਸ਼ ਵਿੱਚ ਇਸ 'ਤੇ ਕੰਟਰੋਲ ਕਰ ਲਿਆ ਹੈ ਅਤੇ 10-12 ਦਿਨਾਂ ਵਿੱਚ ਹੀ ਇਕ ਵਿਸ਼ੇਸ਼ ਹਸਪਤਾਲ ਉਸਾਰ ਲੈਣ ਬਾਰੇ ਵੀ ਚਰਚਾ ਆਮ ਹੈ। ਇਸੇ ਤਰ੍ਹਾਂ ਕੋਰੀਆ , ਕਿਊਬਾ ਆਦਿ ਦੇਸ਼ਾਂ ਨੇ ਵੀ ਇਸ ਉੱਪਰ ਕਾਬੂ ਪਾ ਲਿਆ ਹੈ।ਇਹ ਤੱਥ ਵੀ ਸਾਹਮਣੇ ਆਏ ਹਨ ਕਿ ਜਿਹੜੇ ਮੁਲਕਾਂ ਵਿੱਚ ਸਮਾਜਵਾਦੀ ਸਰਕਾਰਾਂ ਦੀ ਕਿਸੇ ਵੇਲੇ ਵੀ ਭੂਮਿਕਾ ਰਹੀ, ਉਹਨਾਂ ਨੇ ਤੁਰੰਤ ਹੀ ਇਸ ਆਫ਼ਤ ਉੱਪਰ ਕਾਬੂ ਪਾਉਣ ਵਿੱਚ ਅਹਿਮ ਕਾਰਗੁਜ਼ਾਰੀ ਵਿਖਾਈ ਹੈ। ਉਪਰੋਕਤ ਮੁਲਕਾਂ ਨੇ ਬਿਨਾ ਕੋਈ ਧਾਰਮਿਕ ਅਡੰਬਰ ਕੀਤਿਆਂ ਵਿਗਿਆਨਿਕ ਪਹੁੰਚ ਰਾਹੀਂ ਇਸ ਆਫ਼ਤ ਨੂੰ ਕਾਬੂ ਕੀਤਾ ਹੈ, ਕਿਉਂਕਿ ਇਹ ਦੇਸ਼ ਨਾ ਤਾਂ ਕਿਸੇ ਅਗੰਮੀ ਸ਼ਕਤੀ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਨਾ ਹੀ ਕਿਸੇ ਪੂਜਾ, ਪਾਠ, ਹਵਨ, ਅਰਦਾਸ ਆਦਿ ਰਾਹੀਂ ਕਿਸੇ ਦੇਵੀ ਦੇਵਤੇ ਦੀ ਅਰਾਧਨਾ ਕਰਦੇ ਹਨ।

ਪਰ ਜਦੋਂ ਅਸੀਂ ਭਾਰਤ ਜਾਂ ਇਸ ਵਰਗੇ ਹੋਰ ਪਿਛਾਖੜੀ ਮੁਲਕਾਂ ਵੱਲ ਝਾਤੀ ਮਾਰਦੇ ਹਾਂ, ਤਾਂ ਉੱਥੇ ਤਰ੍ਹਾਂ ਤਰ੍ਹਾਂ ਦੇ ਗ਼ੈਰ ਵਿਗਿਆਨਿਕ ਧਾਰਮਿਕ ਅਡੰਬਰਾਂ ਰਾਹੀਂ ਇਸ ਆਫ਼ਤ ਤੋਂ ਛੁਟਕਾਰਾ ਪਾਉਣ ਦੀਆਂ ਰਸਮਾਂ ਕਰਕੇ , ਵਿਗਿਆਨ ਦੀ ਖਿੱਲੀ ਉਡਾਈ ਜਾ ਰਹੀ ਹੈ। ਭਾਰਤ ਵਿੱਚ ਤਾਂ ਕਈ ਅਖੌਤੀ 'ਬੁੱਧੀਮਾਨ' ਇਹ ਵੀ ਉਪਦੇਸ਼ ਦਿੰਦੇ ਹਨ ਕਿ ਜਿੱਥੇ ਵਿਗਿਆਨ ਖਤਮ ਹੁੰਦਾ ਹੈ, ਉੱਥੋਂ ਧਰਮ ਸ਼ੁਰੂ ਹੁੰਦਾ ਹੈ। ਇਹ ਵਿਚਾਰ ਰੱਖਣ ਵਾਲੇ ਵਿਆਖਿਆਕਾਰ, ਇਕ ਪਾਸੇ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਦਿਨ ਰਾਤ ਮਾਣ ਵੀ ਰਹੇ ਹਨ, ਪਰ ਦੂਜੇ ਪਾਸੇ ਉਸਨੂੰ ਛੁਟਿਆਉਣ ਲਈ ਹਰ ਵਕਤ ਤੱਤਪਰ ਰਹਿੰਦੇ ਹਨ। ਜਦੋਂ ਅਸੀਂ ਭਾਰਤੀ ਇਤਿਹਾਸ ਉੱਪਰ ਨਿਗ੍ਹਾ ਮਾਰਦੇ ਹਾਂ ਇਕ ਗੱਲ ਸਾਫ਼ ਵੇਖੀ ਜਾ ਸਕਦੀ ਹੈ ਕਿ ਸੋਨੇ ਦੀ ਚਿੜੀ ਕਹਾਉਣ ਵਾਲੇ ਮੁਲਕ ਨੂੰ ਗੁਲਾਮ ਬਣਾਉਣ ਵਿੱਚ, ਹੋਰ ਕਾਰਣਾਂ ਦੇ ਨਾਲ ਧਾਰਮਿਕ ਪਿਛੜੇਪਣ ਦੇ ਝੂਠੇ ਅਡੰਬਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ।

ਅੱਜ ਸਾਡਾ ਦੇਸ਼, ਕਹਿਣ ਨੂੰ ਭਾਵੇਂ ਇੱਕੀਵੀਂ ਸਦੀ ਦੇ ਵਿਗਿਆਨਕ ਯੁੱਗ 'ਚ ਪਹੁੰਚ ਜਾਣ ਦਾ ਦਾਅਵਾ ਕਰ ਰਿਹਾ ਹੈ, ਪਰ ਸਾਡੀਆਂ ਸਰਕਾਰਾਂ ਜੋ ਕਿ ਕਰੋਨਾ ਵਰਗੀ ਬਿਮਾਰੀ ਨਾਲ ਲੜਨ ਲਈ, ਉਪਰੋਕਤ ਸਫਲ ਹੋਏ ਮੁਲਕਾਂ ਵਰਗੇ ਵਿਗਿਆਨਕ ਢੰਗ ਅਪਨਾਉਣ ਦੀ ਬਜਾਏ, ਮੱਧ ਯੁੱਗ ਵਾਲੇ ਮੰਤਰਾਂ - ਤੰਤਰਾਂ ਜਿਹੇ ਢੰਗ ਵਰਤਣ ਨੂੰ, ਆਪਣੀ ਸੰਸਕ੍ਰਿਤੀ 'ਤੇ ਪਹਿਰਾ ਦੇਣਾ ਕਹਿਕੇ, ਬੜਾ ਫ਼ਖ਼ਰ ਕਰ ਰਹੀਆਂ ਹਨ। ਇਨ੍ਹਾਂ ਨੇ ਉਹਨਾਂ ਮੁਲਕਾਂ ਤੋਂ ਸੇਧ ਲੈਣ ਦੀ ਬਜਾਏ ਇਹ ਦਾਅਵੇ ਕੀਤੇ ਕਿ ਜਿੱਥੇ 33 ਕਰੋੜ ਦੇਵੀ ਦੇਵਤਿਆਂ ਦਾ ਵਾਸਾ ਹੋਵੇ, ਉੱਥੇ ਕਰੋਨਾ ਕੁੱਝ ਨਹੀਂ ਕਰ ਸਕਦਾ।ਹੁਣ ਜਦੋਂ ਦੇਸ਼ ਵਿੱਚ ਇਹ ਆਫ਼ਤ ਪ੍ਰਵੇਸ਼ ਕਰ ਗਈ ਹੈ ਤਾਂ ਦੇਸ਼ ਵਾਸੀਆਂ ਨੂੰ ਗਊ ਮੂਤਰ ਪੀਣ, ਗਊ ਗੋਹੇ ਦਾ ਇਸ਼ਨਾਨ ਕਰਨ ਦੇ ਉਪਦੇਸ ਦਿੱਤੇ ਜਾ ਰਹੇ ਹਨ। ਇਸ ਦੇਸ਼ ਦੀ ਕੇਂਦਰੀ ਸਰਕਾਰ ਵਿੱਚ ਮੰਤਰੀ ਪਦਾਂ ਤੇ ਬੈਠੇ ਅਜਿਹੇ 'ਮਹਾਂ ਵਿਗਿਆਨੀ' ਇਹੋ ਜਿਹੇ ਬਿਆਨਾਂ ਰਾਹੀਂ ਦੇਸ਼ ਨੂੰ ਕਿੱਧਰ ਲੈਕੇ ਜਾਣਾ ਚਾਹੁੰਦੇ ਹਨ ? ਸਾਡੇ ਸਾਹਮਣੇ ਇਹ ਬਹੁਤ ਹੀ ਅਹਿਮ ਸਵਾਲ ਹਨ।

ਇੱਥੇ ਹੀ ਬੱਸ ਨਹੀਂ, ਕਰਫਿਊ ਲਗਾਕੇ ਲੋਕਾਂ ਨੂੰ ਆਪਣੇ ਘਰਾਂ ਅੰਦਰ ਡੱਕਣ ਦੇ ਫੁਰਮਾਨਾਂ ਨਾਲ ਪੁਲੀਸ ਨੂੰ ਮਨ ਮਾਨੀਆਂ ਕਰਨ ਦੀ ਖੁੱਲ੍ਹ ਨੇ, ਜੋ ਲੋਕਾਂ ਨਾਲ ਵਰਤਾਓ ਕੀਤਾ, ਉਹ ਹਰ ਇਕ ਨੇ ਮੀਡੀਆ/ ਸ਼ੋਸਲ ਮੀਡੀਆ ਰਾਹੀਂ ਸ਼ਰੇਆਮ ਵੇਖਿਆ, ਜਿਸ ਨੇ ਤੁਗਲਕੀ ਦੌਰ ਦੀ ਯਾਦ ਤਾਜਾ ਕਰਵਾ ਦਿੱਤੀ। ਪਰ ਇਸੇ ਦੌਰ ਦੌਰਾਨ ਦੂਜੇ ਪਾਸੇ ਉਹ ਤਸਵੀਰਾਂ ਵੀ ਸਾਹਮਣੇ ਆਈਆਂ ਜਿਹਨਾਂ ਵਿੱਚ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਇੱਕ ਮੰਦਰ ਵਿੱਚ ਪੁਜਾਰੀਆਂ ਦੀ ਭੀੜ ਨਾਲ ਪੂਜਾ ਕਰਦੇ ਨਜ਼ਰ ਆਏ। ਭਾਜਪਾ ਆਗੂਆਂ ਵੱਲੋਂ ਗਊ ਮੂਤਰ ਪੀਣ ਦੀਆਂ ਪਾਰਟੀਆਂ ਕਰਨ ਵਾਲੀਆਂ ਤਸਵੀਰਾਂ ਵੀ ਵੇਖੀਆਂ ਗਈਆਂ ਅਤੇ ਸ਼ਰੇਆਮ ਪੂਜਾ ਪਾਠ ਤੇ ਹਵਨ ਕਰਨ ਦੇ ਦ੍ਰਿਸ਼ਾਂ ਵਿੱਚ ਤਾਲਾ ਬੰਦੀ ਅਤੇ ਆਪਸੀ ਨਿਯਮਤ ਦੂਰੀ ਰੱਖਣ ਦੀ ਪ੍ਰਵਾਹ ਨਾ ਕਰਦੇ ਹੋਏ, ਵੱਡੀ ਗਿਣਤੀ ਵਿਚ ਸਰਕਾਰੀ ਮੰਤਰੀ ਆਦਿ ਸ਼ਾਮਲ ਵੇਖੇ ਗਏ।ਅਜਿਹੇ ਕਾਰਨਾਮਿਆਂ ਦੀਆਂ ਹੋਰ ਵੀ ਕਈ ਉਦਾਹਰਨਾਂ ਹਨ। ਇਹ ਸਭ ਕੁੱਝ ਪੁਲਿਸ ਦੀ ਹਾਜ਼ਰੀ ਵਿੱਚ ਹੁੰਦਾ ਰਿਹਾ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕਰਫਿਊ ਅਜਿਹੇ ਕਰਮ ਕਾਂਡ ਕਰਨ ਵਾਲਿਆਂ ਲਈ ਨਹੀਂ ਸੀ ? ਜੇ ਸਭ ਲਈ ਸੀ ਤਾਂ ਇਨ੍ਹਾਂ ਖ਼ਿਲਾਫ਼ ਪੁਲਿਸ ਦਾ ਡੰਡਾ ਕਿੱਥੇ ਸੀ, ਜਿਹੜਾ

ਆਮ ਲੋਕਾਂ 'ਤੇ ਕਹਿਰ ਢਾਹ ਰਿਹਾ ਸੀ ? ਕਿਉਂ ਕੋਈ ਕਾਨੂੰਨੀ ਕਾਰਵਾਈ ਅਜੇ ਤੱਕ ਵੀ ਇਹਨਾਂ ਸਰਕਾਰ 'ਚ ਬੈਠੇ ਮੰਤਰੀਆਂ ਖਿਲਾਫ ਨਹੀਂ ਹੋਈ ? ਜਦੋਂ ਕਿ ਆਮ ਲੋਕਾਂ ਖ਼ਿਲਾਫ਼ ਸੈਂਕੜੇ ਪੁਲਿਸ ਕੇਸ ਦਰਜ ਕੀਤੇ ਜਾ ਚੁੱਕੇ ਹਨ ਭਾਵੇਂ ਉਹ ਕਿਸੇ ਮਜਬੂਰੀ ਕਾਰਣ ਹੀ ਘਰੋਂ ਬਾਹਰ ਆਏ ਹੋਣ। ਦਿੱਲੀ ਵਿੱਚ ਭੁੱਖ ਦੇ ਸਤਾਏ ਲੋਕ ਜਦੋਂ ਹਜਾਰਾਂ ਦੀ ਗਿਣਤੀ ਵਿੱਚ ਸੜਕਾਂ 'ਤੇ ਆ ਗਏ ਅਤੇ ਪੈਦਲ ਹੀ ਆਪਣੇ ਘਰਾਂ ਨੂੰ ਚੱਲ ਪਏ ਜੋ ਵੱਖੋ ਵੱਖ ਸੂਬਿਆਂ ਵਿਚ 200 ਤੋਂ 600 ਕਿ.ਮੀ. ਤੋਂ ਵੀ ਵੱਧ ਦੂਰੀ 'ਤੇ ਸਨ। ਇਹਨਾਂ ਵਿਚੋਂ ਕਈਆਂ ਦੇ ਰਸਤੇ ਵਿਚ ਜਾਂਦਿਆਂ ਮਰਨ ਦੀਆਂ ਵੀ ਖਬਰਾਂ ਆਈਆਂ ਹਨ ਅਤੇ ਬਹੁਤਿਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਵੀ ਕੀਤਾ ਗਿਆ । ਪਰ ਦੂਜੇ ਪਾਸੇ ਇਸੇ ਤਾਲਾਬੰਦੀ ਦੌਰਾਨ ਹਰਦੁਆਰ ਵਿੱਚ ਫਸੇ 1800 ਗੁਜਰਾਤੀ ਯਾਤਰੀਆਂ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰਾਜ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਦੇ ਹੁਕਮਾਂ ਨਾਲ ਉਤਰਾ ਖੰਡ ਦੀਆਂ ਸਰਕਾਰੀ ਲਗਜਰੀ ਬੱਸਾਂ ਦਾ ਪ੍ਰਬੰਧ ਕਰਨ ਦੀਆਂ ਖਬਰਾਂ ਵੀ ਸਾਹਮਣੇ ਆਈਆਂ ਹਨ। ਇਹਨਾਂ ਬੱਸਾਂ ਰਾਹੀਂ 1200 ਕਿ.ਮੀ. ਦਾ ਸਫਰ ਤਹਿ ਕਰਕੇ ਇਹਨਾਂ 1800 ਯਾਤਰੀਆਂ ਨੂੰ ਤਾਂ ਅਹਿਮਦਾਬਾਦ ਉਹਨਾਂ ਦੇ ਘਰੀਂ ਪਹੁੰਚਾਇਆ ਗਿਆ ਪਰ ਦਿੱਲੀ ਦੇ ਮਜਦੂਰਾਂ ਨੂੰ ਸੜਕਾਂ 'ਤੇ ਰੁਲਣ ਲਈ ਛੱਡ ਦੇਣਾ ਕਿੱਧਰ ਦੀ ਰਾਸ਼ਟਰ ਭਗਤੀ ਹੈ ? ਕੀ ਕੋਈ ਜਵਾਬ ਦੇਵੇਗਾ ?

ਇਸ ਨਾਲ ਮਸਲੇ ਦਾ ਦੂਜਾ ਪੱਖ ਵੀ ਵਿਚਾਰਨ ਯੋਗ ਹੈ, ਜੋ ਕਿ 'ਸਦਮਾ ਮੱਤ' ਨਾਂ ਦੀ ਕਿਤਾਬ ਵਿੱਚ, ਇਸ ਦੀ ਲੇਖਕਾ ਨੈਓਮੀ ਕਲੇਨ ਨੇ ਪੇਸ਼ ਕੀਤਾ ਹੈ । ਇਸ ਕਿਤਾਬ ਵਿੱਚ ਕਾਰਪੋਰੇਟਾਂ ਜਾਂ ਵੱਡੇ ਪੂੰਜੀਪਤੀਆਂ ਬਾਰੇ ਸੱਚ, ਬਾਖੂਬੀ ਬਿਆਨੇ ਗਏ ਹਨ। ਇਸ ਵਿੱਚ ਲੇਖਕਾ ਨੇ ਕਾਰਪੋਰੇਟਾਂ ਵੱਲੋਂ, ਪਹਿਲਾਂ ਲੋਕਾਂ ਲਈ ਖ਼ੌਫ਼ (ਸਦਮੇ) ਪੈਦਾ ਕਰਕੇ ਅਤੇ ਬਾਅਦ ਵਿੱਚ ਉਸ ਖ਼ੌਫ਼ ਨੂੰ ਹੱਲ ਕਰਨ ਦੇ ਬਹਾਨੇ, ਲੋਕਾਂ ਦੀ ਵੱਡੀ ਪੱਧਰ 'ਤੇ ਲੁੱਟ ਕਰਨ ਰਾਹੀਂ ਅਰਬਾਂ -ਖਰਬਾਂ ਰੁਪਿਆ ਕਮਾਉਣਾ, ਨੂੰ ਸਿੱਧ ਕੀਤਾ ਹੈ। ਇਸ ਵਿੱਚ ਉਹਨਾਂ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਨਾਲ ਦਰਜ ਹੈ, ਜ਼ਿਹਨਾਂ ਵੱਖ ਵੱਖ ਬਿਮਾਰੀਆਂ ਦੀਆਂ ਦਵਾਈਆਂ ਪੇਟੈਂਟ ਕਰਵਾਕੇ ਅੰਨ੍ਹੇ ਵਾਹ ਦੁਨੀਆਂ ਭਰ ਵਿੱਚ ਵੇਚਕੇ ਲੁੱਟ ਮਚਾਈ। ਇਸੇ ਤਰ੍ਹਾਂ ਕਈ ਹੜ੍ਹਾਂ-ਤੂਫਾਨਾਂ ਵਰਗੀਆਂ ਕੁਦਰਤੀ ਆਫਤਾਂ ਨਾਲ ਤਬਾਹ ਹੋਏ ਮਨੁੱਖੀ ਵਸੀਲਿਆਂ ਨੂੰ ਆਪਣੇ ਹੀ ਢੰਗ ਨਾਲ ਹੱਲ ਕਰਨ ਦੇ ਬਹਾਨੇ ਆਪਣੀ ਕਮਾਈ ਦੇ ਸਾਧਨ ਵਿਕਸਿਤ ਕੀਤੇ। ਕਈ ਗੈਰ ਕੁਦਰਤੀ ਖੌਫ਼ ਆਪ ਹੀ ਪੈਦਾ ਕਰਕੇ, ਫਿਰ ਉਸ ਸਬੰਧੀ ਸ਼ਰਤਾਂ ਅਧੀਨ ਦਿੱਤੀ ਸਹਾਇਤਾ ਦੇ ਨਾਂ ਹੇਠ ਵੱਡੀ ਪੱਧਰ 'ਤੇ ਸਰਮਾਇਆ ਕਮਾਇਆ। ਸਾਮਰਾਜੀਆਂ ਵੱਲੋਂ ਸੰਸਾਰ ਪੱਧਰ 'ਤੇ, ਕਰੋਨਾ ਦੇ ਕੁਦਰਤੀ ਕਹਿਰ ਨੂੰ ਪਹਿਲਾਂ ਲੋਕਾਂ ਦੇ ਮਨਾਂ 'ਚ ਵੱਡਾ ਖ਼ੌਫ਼ ਬਣਾਉਣਾ ਅਤੇ ਬਾਅਦ ਵਿੱਚ ਇਸ ਦੇ ਇਲਾਜ ਲਈ ਦਵਾਈਆਂ ਰਾਹੀਂ ਵੱਡੀ ਪੱਧਰ 'ਤੇ ਲੋਕਾਂ ਦੀ ਲੁੱਟ ਕਰਨ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਅਜਿਹੇ ਸਾਮਰਾਜੀਆਂ ਲਈ ਮੰਡੀ ਵਜੋਂ ਸਾਡਾ ਦੇਸ਼ ਵੀ ਸ਼ਾਮਲ ਹੈ ਅਤੇ ਸਾਡੀਆਂ ਸਰਕਾਰਾਂ ਵੀ ਦੇਸ਼ ਦੀ ਲੋਕ ਭਲਾਈ ਦੀ ਬਜਾਏ, ਸਾਮਰਾਜੀ ਹਿੱਤਾਂ ਅਨੁਸਾਰ ਹੀ ਪ੍ਰਬੰਧ ਚਲਾਉਂਦੀਆਂ ਹਨ । ਸਾਡੀ ਸਰਕਾਰ ਦੀ ਦੇਸ਼ ਦੇ ਲੋਕਾਂ ਪ੍ਰਤੀ ਗੈਰ ਜ਼ੁੰਮੇਵਾਰਾਨਾ ਨੀਤੀ ਇਸ ਗੱਲ ਤੋਂ ਸਾਫ ਜਾਹਰ ਹੈ ਕਿ ਇਕ ਪਾਸੇ ਦੇਸ਼ ਕਰੋਨਾ ਵਾਇਰਸ ਨਾਲ ਜੂਝ ਰਿਹਾ ਹੈ ਅਤੇ ਇੱਥੇ ਹਸਪਤਾਲਾਂ ਵਿੱਚ ਡਾਕਟਰ ਅਤੇ ਸਿਹਤ ਕਾਮੇ ਸਮੇਤ ਲੋਕਾਂ ਦੇ, ਆਪਣਾ ਬਚਾਓ ਕਰਨ ਵਾਲੇ ਸੁਰੱਖਿਅਤ ਸਾਜੋ ਸਮਾਨ ਦੀ ਵੱਡੀ ਥੁੜ ਦੀ ਦੁਹਾਈ ਦੇ ਰਹੇ ਹਨ ਪਰ ਸਰਕਾਰ ਇਹ ਸਾਜੋ ਸਮਾਨ ਖਰੀਦਣ ਦੀ ਬਜਾਏ, ਹਜ਼ਾਰਾਂ ਕਰੋੜ ਰੁ. ਸੰਸਦ ਭਵਨ ਦੀ ਇਮਾਰਤ ਉੱਪਰ ਖਰਚ ਕਰਨ ਨੂੰ ਪਹਿਲ ਦੇ ਰਹੀ ਹੈ। ਇਸਰਾਇਲ ਨਾਲ ਹਥਿਆਰ ਖਰੀਦਣ ਦੇ ਸੌਦੇ ਕਰਨ ਦੀਆਂ ਵੀ ਖ਼ਬਰਾਂ ਹਨ। ਪ੍ਰਧਾਨ ਮੰਤਰੀ ਇਸ ਦੌਰ ਵਿੱਚ ਜਿੰਨੀ ਵਾਰੀ ਵੀ ਟੀਵੀ 'ਤੇ ਆਕੇ ਲੋਕਾਂ ਨੂੰ ਸੰਬੋਧਤ ਹੋਏ ਹਨ, ਉਹਨਾਂ ਕਦੀ ਵੀ ਲੋਕਾਂ ਦੀ ਰੋਟੀ ਰੋਜੀ ਜਾਂ ਜ਼ਿੰਦਗੀ 'ਚ ਦਰਪੇਸ ਤੰਗੀਆਂ ਤੁਰਸੀਆਂ ਨੂੰ ਹੱਲ ਕਰਨ ਦੀ ਗੱਲ ਨਹੀਂ ਕੀਤੀ। ਜਿਹੜੇ ਗਰੀਬ ਮਜ਼ਦੂਰਾਂ, ਬੱਚਿਆਂ, ਬਜੁਰਗਾਂ ਦੇ ਢਿੱਡ ਭੁੱਖੇ ਹੋਣਗੇ, ਉਹਨਾਂ ਦਾ ਮਨੋਬਲ ਥਾਲੀਆਂ, ਤਾੜੀਆਂ, ਘੰਟੀਆਂ ਬਜਾਕੇ ਤੇ ਮੋਮਬੱਤੀਆਂ ਜਗਾਉਣ ਨਾਲ ਉੱਚਾ ਨਹੀਂ ਹੋਣਾ। ਉਹਨਾਂ ਲਈ ਤੁਰੰਤ ਹੀ ਸਾਰਥਿਕ ਕਦਮ ਚੁੱਕਣ ਦੀ ਲੋੜ ਹੈ।

**98151-69825**

---

*ਪੰਨਾ 13 ਦਾ ਬਾਕੀ...*

ਦਿਖਾਉਣ ਦੀ ਬਜਾਏ, ਅਜਿਹਾ ਕੋਈ ਵੀ ਮੌਕਾ ਛੱਡਣ ਤੋਂ ਨਹੀਂ ਖੁੰਝਦੇ ਕਿ ਵਿਸ਼ੇ ਨੂੰ ਹਿੰਦੂ-ਮੁਸਲਮਾਨ ਜਾਂ ਕਾਂਗਰਸ ਰਾਜ ਅਤੇ ਬੀਜੇਪੀ ਸ਼ਾਸਨ ਵਿੱਚ ਤੁਲਨਾਤਮਕ ਬਹਿਸ ਵਿੱਚ ਪਿਆ ਜਾਵੇ। ਸੱਠ ਸਾਲਾਂ ਵਿੱਚ ਦੇਸ਼ ਬਰਬਾਦ ਕਰ ਦਿੱਤਾ, ਇਸ ਕਰਕੇ ਸਾਜੋ ਸਮਾਨ ਘੱਟ ਹੈ ਅਤੇ ਤਬਲੀਗੀ ਜਮਾਤ ਹੀ ਪੂਰੀ ਦੀ ਪੂਰੀ ਤਰ੍ਹਾਂ ਦੇਸ਼ ਵਿੱਚ ਕੋਰੋਨਾ ਫੈਲਾਉਣ ਲਈ ਜਿੰਮੇਵਾਰ ਹੈ। ਇਹ ਸਭ ਜੋ ਦਰਸਾਉਂਦਾ ਹੈ, ਉਸ ਨਾਲ ਸਾਡੇ ਦੇਸ਼ ਦੀ ਅਗਿਆਨਤਾ, ਅਨਪੜ੍ਹਤਾ ਤੋਂ ਵੱਧ ਸਾਡੀ ਵਿਗਿਆਨਕ ਚੇਤਨਾ ਅਤੇ ਮਾਨਵੀ ਸੋਚ ਦੀ ਘਾਟ ਵੱਧ ਝਲਕਦੀ ਹੈ ਜਿਸ ਬਾਰੇ ਦੇਸ਼ ਦੇ ਵਿੱਦਿਅਕ ਪ੍ਰਬੰਧ ਵੱਲੋਂ ਕਦੇ ਕੋਸ਼ਿਸ਼ ਨਹੀਂ ਹੋਈ।

**98158-08506**

# ਮੇਰੀ ਨਰਸ ਧੀ



**ਨਵਤੇਜ ਸੰਧੂ, ਕੈਨੇਡਾ**

*ਵਿਗਿਆਨਕ ਚੇਤਨਾ ਨੂੰ ਪ੍ਰਣਾਏ ਕੈਨੇਡਾ ਵਸਦੇ ਪਰਵਾਸੀ ਪੰਜਾਬੀ ਨਵਤੇਜ ਸੰਧੂ ਦੀ ਫੇਸ ਬੁੱਕ ਵਾਲ ਤੋਂ ਕੋਰੋਨਾ ਵਾਇਰਸ ਦੀ ਵਿਸ਼ਵ ਵਿਆਪੀ ਮਹਾਂਮਾਰੀ ਵਿੱਚ ਇੱਕ ਸਿਹਤ ਕਰਮੀ ਦੇ ਬੁਲੰਦ ਜ਼ਜ਼ਬੇ ਨੂੰ ਪ੍ਰਗਟਾਉਂਦੀ ਪ੍ਰੇਰਨਾਮਈ ਲਿਖਤ ਆਪਣੇ ਸੁਹਿਰਦ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ..... ਅਦਾਰਾ)*

ਮੇਰੀ ਲੜਕੀ ਨਰਸ ਹੈ। ਅੱਜ ਕੋਈ 20-22 ਦਿਨ ਹੋ ਗਏ ਨੇ ਡਬਲ ਸ਼ਿਫਟ ਕੰਮ ਕਰਦੀ ਨੂੰ। ਡਬਲ ਸਿਫਟ ਤਾਂ ਕੀ ਕਈ ਵਾਰ ਉਹ ਡਬਲ ਸ਼ਿਫਟ ਕੰਮ ਕਰਕੇ ਹਾਲੇ ਥੱਕੀ ਟੁਟੀ ਘਰੇ ਆ ਕੇ ਪਾਣੀ ਹੀ ਪੀਣ ਲੱਗਦੀ ਹੈ ਉਸ ਨੂੰ ਉਸੇ ਵੇਲੇ ਫੋਨ ਆ ਜਾਂਦਾ ਹੈ ਕਿ ਘੰਟਾ,ਦੋ ਘੰਟੇ ਆਰਾਮ ਕਰਕੇ ਮੁੜ ਸ਼ਿਫਟ ਉੱਪਰ ਆ ਜਾ। ਮੈਂ ਕਈ ਵਾਰ ਕਿਹਾ ਕਿ "ਤੂੰ ਪੁੱਤ, ਜਵਾਬ ਦੇ ਦੇ। ਕਹਿ ਦੇ ਕਿ ਮੈਂ ਕੱਲ੍ਹ ਨੂੰ ਜਾਂ 8 ਘੰਟੇ ਬਾਅਦ ਆਵਾਂਗੀ।' ਉਹ ਕਹਿ ਦਿੰਦੀ ਹੈ- ਡੈਡ ਏਹ ਤਾਂ ਹੌਸਪਿਟਲ ਅਤੇ ਮਰੀਜਾਂ ਨਾਲ ਚੀਟ, ਧੋਖਾ ਕਰਨਾ ਹੋਵੇਗਾ। ਮੇਰੀ ਬੇਟੀ ਕਹਿੰਦੀ ਡੈਡੀ ਇਹੋ ਜਿਹੀਆਂ ਸੀਰੀਅਸ ਬਿਮਾਰੀਆਂ ਅਤੇ ਜੌਬਾਂ (ਨੌਕਰੀਆਂ) ਵਿੱਚ ਕੁਤਾਹੀ ਨਹੀਂ ਹੋਣੀ ਚਾਹੀਦੀ। ਇਹ ਤੁਹਾਡੀ ਡਿਊਟੀ ਹੈ।

ਬੇਟੀ ਕਹਿਣ ਲੱਗੀ, "ਡੈਡੀ, ਜਿਸ ਵੇਲੇ ਮੈਂ ਇਸ ਜੌਬ ਦੀ ਟਰੇਨਿੰਗ ਲਈ ਸੀ, ਉਸ ਵੇਲੇ ਹੀ ਮੈਨੂੰ ਪਤਾ ਸੀ ਕਿ ਮੈਂ ਇਹੋ ਜਹੀ ਜੌਬ ਵਿੱਚ ਬਹਾਨੇ ਨਹੀਂ ਮਾਰ ਸਕਦੀ। ਅਜਿਹੀ ਸੀਰੀਅਸ ਜੌਬ ਵਿੱਚ ਬਹਾਨਾ ਮਾਰਨਾ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨਾ ਤੇ ਆਪਣੇ ਆਪ ਨਾਲ ਧੋਖਾ ਕਰਨਾ ਹੈ। ਬਹਾਨੇ ਮਾਰਨੇ ਸਨ ਤਾਂ ਮੈਨੂੰ ਪਹਿਲਾਂ ਹੀ ਸੋਚ ਸਮਝ ਕੇ ਚੱਲਣਾ ਚਾਹੀਦਾ ਸੀ।"

ਮੈਂ ਕਿਤੇ ਹੱਸਦੇ ਨੇ ਕਹਿ ਦਿੱਤਾ ਕਿ 'ਪੁੱਤਰ ਪੈਸੇ ਤਾਂ ਤੇਰੇ ਕੋਲ ਪਹਿਲਾਂ ਹੀ ਖਰਚਣ ਜੋਗੇ ਹੈ ਸੀ, ਫੇਰ ਆਹ ਓਵਰ ਟਾਈਮ ਕਿਉਂ ਲਾਈ ਜਾ ਰਹੇ ਹੋ?'

ਅੱਗੋਂ ਬੇਟੀ ਕਹਿਣ ਲੱਗੀ, 'ਡੈਡ ਪੈਸੇ ਖਰਚਣ ਦਾ ਕਿਸ ਕੋਲ ਟਾਈਮ ਹੈ। ਬੱਸ ਰੋਟੀ ਤੇ ਆਹ ਦੋ ਹੌਸਪੀਟਲ ਵਾਲੇ ਕੱਪੜੇ ਚਾਹੀਦੇ ਨੇ। ਡੈਡੀ ਮੈਂ ਤੁਹਾਨੂੰ ਇੱਕ ਗੱਲ ਹੋਰ ਦੱਸਾਂ, ਜਿਹੜੇ ਵਿਗਿਆਨੀ ਸਪੇਸ ਵਿੱਚ ਸਟਲ 'ਤੇ ਉੱਪਰ ਜਾਂਦੇ ਨੇ, ਉਹ ਸਾਰੇ ਦੇ ਸਾਰੇ ਸਪੈਸ਼ਲਿਸਟ ਹੁੰਦੇ ਨੇ। ਉਨ੍ਹਾਂ ਕੋਲ ਬਹੁਤ ਪੈਸਾ ਹੁੰਦਾ ਹੈ ਪਰ ਉਹ ਸਪੇਸ ਵਿੱਚ ਚੰਨ ਤਾਰੇ ਕੋਲ ਪੈਸਾ ਭਾਲਣ ਵਾਸਤੇ ਨਹੀਂ ਜਾਂਦੇ ਸਗੋ ਮਨੁੱਖਾਂ ਅਤੇ ਮਨੁੱਖਤਾ ਨੂੰ ਸੌਖਾਲਾ ਕਰਨ ਲਈ ਰਿਸਰਚਾਂ (ਖੋਜਾਂ) ਕਰਨ ਵਾਸਤੇ ਜਾਂਦੇ ਨੇ। ਹਾਲਾਂ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਨੇ ਏਸੇ ਧਰਤੀ ਤੇ ਮੁੜ ਕੇ ਆਉਣਾ ਹੈ ਜਾਂ ਨਹੀ। ਫਿਰ ਪੈਸਾ ਉਨ੍ਹਾਂ ਨੇ ਕੀ ਕਰਨਾ ਹੈ?'

'ਡੈਡ ਇਹੋ ਜਿਹੀਆਂ ਨੌਕਰੀਆਂ ਪੈਸਿਆਂ ਕਰਕੇ ਨਹੀਂ ਕੀਤੀਆਂ ਜਾਂਦੀਆਂ। ਜੇ ਸਾਡੇ ਵਰਗਿਆਂ ਦੀ ਨੌਕਰੀ ਅੱਜ ਮਨੁੱਖਤਾ 'ਤੇ ਬਣੀ ਭੀੜ ਦੇ ਕੰਮ ਨਾ ਆਈ ਤਾਂ ਫੇਰ ਅਜਿਹੀਆਂ ਨੌਕਰੀਆਂ ਕਰਨ ਦਾ ਕੀ ਫਾਇਦਾ? ਕਿਸੇ ਹੋਰ ਵਾਸਤੇ ਨੌਕਰੀ ਛੱਡ ਦੇਣੀ ਚਾਹੀਦੀ ਹੈ, ਐਵੇਂ ਜਗ੍ਹਾ ਕਿਉਂ ਮੱਲੀ ਰੱਖਣੀ ਹੈ?' ਕਹਿੰਦੀ, 'ਡੈਡ ਤੁਹਾਡੇ ਤਾਂ ਖਿਆਲ ਮਨੁੱਖਤਾ ਪੱਖੀ ਨੇ ਫਿਰ ਆਹ ਖਿਆਲ ਤੁਹਾਨੂੰ ਕਿਵੇਂ ਆ ਗਿਆ?

ਮੈਂ ਅੰਦਰ ਹੀ ਅੰਦਰ ਸ਼ਰਮਿੰਦਾ ਜਿਹਾ ਹੋ ਕੇ ਕਿਹਾ, "ਪੁੱਤਰ! ਮੈਂ ਤਾਂ ਤੇਰਾ ਹੌਸਲਾ ਵੱਡਾ ਕਰਨ ਵਾਸਤੇ ਐਵੇਂ ਕਿਹਾ ਸੀ ਕਿ ਤੂੰ ਏਹ ਨਾ ਸੋਚੇ ਕਿ ਮੇਰੇ ਮੰਮੀ ਡੈਡੀ ਨੇ ਕਦੇ ਮੈਨੂੰ ਇਹ ਨਹੀਂ ਕਿਹਾ ਕਿ ਪੁੱਤਰ ਆਰਾਮ ਵੀ ਕਰ ਲਿਆ ਕਰ।" ਉਸ ਦੀਆਂ ਤਿੰਨ ਮਹੀਨੇ ਦੀਆਂ ਛੁੱਟੀਆਂ ਪੈਂਡਿੰਗ ਪਈਆਂ ਹੋਈਆਂ ਨੇ। ਉਸ ਦਾ ਕਹਿਣਾ ਹੈ ਕਿ 'ਡੈਡੀ, ਮੈਂ ਕਿਹੜਾ ਕਿਤੇ ਜਾਣਾ ਹੈ ਛੁੱਟੀਆਂ ਲੈ ਕੇ ਵੀ ਘਰੇ ਰਹਿਣਾ ਹੈ। ਫ਼ਿਰ ਕਿਉਂ ਨਾ ਸਾਥੀ ਵਰਕਰਾਂ ਨਾਲ ਮੈਂ ਆਪਣਾ ਹੱਥ ਵਟਾਵਾਂ। ਡੈਡੀ ਤੁਸੀ ਫਿਕਰ ਨਾ ਕਰਿਆ ਕਰੋ, ਸਭ ਠੀਕ ਠਾਕ ਹੈ। ਆਹ ਸੰਸਾਰ 'ਚ ਸਾਰਾ ਕੁਝ ਠੀਕ ਹੋ ਜਾਵੇ ਫਿਰ ਵਿਹਲੇ ਹੀ ਵਿਹਲੇ ਹਾ। ਇਹ ਆਖਦਿਆਂ ਉਹ ਮੁੜ ਹੌਸਪੀਟਲ ਨੂੰ ਕੰਮ 'ਤੇ ਚਲੀ ਗਈ। **(ਨੋਟ : ਮੇਰੇ ਸਾਰੇ ਬੱਚੇ ਨਾਸਤਕ ਨੇ)**

## ਸਿਹਰਾ

ਇਹ ਕਿਤਾਬਾਂ ਹੀ ਹਨ ਜਿਹਨਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦਾ ਹਾਂ। ਮੈਂ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲੋਂ ਜ਼ਿਆਦਾ ਖੁੱਲਦਿਲੀ ਹੁੰਦੀ ਹੈ। ਮੈਂ ਪੁਸਤਕ-ਪ੍ਰੇਮੀ ਹਾਂ; ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ, ਅਤੇ ਲੇਖਕ ਇੱਕ ਜਾਦੂਗਰ।

**ਮੈਕਸਿਮ ਗੋਰਕੀ**

*ਹੱਡ ਬੀਤੀ*

# ਅੰਧਵਿਸ਼ਵਾਸਾਂ ਵਿੱਚ ਗੁਆਚੇ ਸਾਲ



**ਡਾ. ਬਿੱਕਰਜੀਤ ਸਿੰਘ ਸਾਧੂ ਵਾਲਾ**

ਇੱਕ ਵਿਦਵਾਨ ਦੀਆਂ ਲਿਖੀਆਂ ਸਤਰਾਂ ਮਨ ਨੂੰ ਟੁੰਬਦੀਆਂ ਹਨ। ਉਸ ਨੇ ਲਿਖਿਆ ਹੈ, 'ਜੇ ਮੈਂ ਨਾਸਤਿਕ ਨਾ ਬਣਦਾ ਤਾਂ ਮੇਰੀ ਜ਼ਿੰਦਗੀ ਨੂੰ ਅੰਧ ਵਿਸ਼ਵਾਸਾਂ ਦੀ ਉੱਲੀ ਨੇ ਕਦੋਂ ਦਾ ਖਾ ਜਾਣਾ ਸੀ।' ਇਹ ਪੜ੍ਹਦਿਆਂ ਮੈਨੂੰ ਆਪਣਾ ਅਤੀਤ ਯਾਦ ਆਉਂਦਾ ਹੈ। ਜਦ ਤੋਂ ਸੁਰਤ ਸੰਭਲੀ ਘਰ ਵਿੱਚ ਅੰਧ ਵਿਸ਼ਵਾਸ਼ਾਂ ਦਾ ਬੋਲਬਾਲਾ ਸੀ। ਇੱਥੋਂ ਤੱਕ ਕਿ ਮੇਰੇ ਜਨਮ ਨੂੰ ਵੀ ਇੱਕ ਡੇਰੇ ਵੱਲੋਂ ਹੋਈ ਬਖਸ਼ਿਸ ਮੰਨਿਆ ਗਿਆ। ਘਰ ਵਿੱਚ ਵਾਪਰਨ ਵਾਲੀ ਕਿਸੇ ਵੀ ਅਣਸੁਖਾਵੀਂ ਘਟਨਾ ਦਾ ਸੰਬੰਧ ਕਿਸੇ ਦੇ ਕੁੱਝ 'ਕੀਤੇ ਕਰਾਏ' ਹੋਣ ਨਾਲ ਜੋੜ ਲਿਆ ਜਾਂਦਾ ਸੀ। ਕੁੱਝ ਮਹੀਨਿਆਂ ਬਾਅਦ ਘਰ ਕੀਲਣ ਲਈ ਕਿਸੇ ਅਖੌਤੀ ਸਿਆਣੇ ਦਾ ਆ ਕੇ ਕਰਮ ਕਾਂਡ ਕਰਨਾ ਆਮ ਵਰਤਾਰਾ ਸੀ। ਅਜਿਹੇ ਮਾਹੌਲ ਵਿੱਚ ਰਹਿੰਦਿਆਂ ਮੇਰੇ ਮਨ 'ਤੇ ਅੰਧ ਵਿਸ਼ਵਾਸਾਂ ਦੀ ਡੂੰਘੀ ਛਾਪ ਪੈਣੀ ਕੁਦਰਤੀ ਸੀ।

ਹਰ ਘਟਨਾ ਦਾ ਅਸਰ ਮੇਰੇ ਮਨ 'ਤੇ ਡੂੰਘਾ ਹੁੰਦਾ। ਕੁੱਝ ਸਮੇਂ ਬਾਅਦ ਮਾਤਾ ਜੀ ਤਵੀਤ ਘੋਲ ਕੇ ਮੈਨੂੰ ਵੱਡੇ ਭਾਂਡੇ ਵਿੱਚ ਬਿਠਾ ਕੇ ਨਹਾਉਂਦੇ। ਪਾਣੀ ਦਾ ਇਕ ਤੁਪਕਾ ਵੀ ਬਾਹਰ ਨਹੀਂ ਸਨ ਡੁੱਲ੍ਹਣ ਦਿੰਦੇ। ਫਿਰ ਉਹ ਪਾਣੀ ਘਰ ਤੋਂ ਬਾਹਰ ਡੋਲ੍ਹ ਦਿੱਤਾ ਜਾਂਦਾ। ਪਰਿਵਾਰ ਸਮਝਦਾ ਸੀ ਕਿ ਉਸ ਪਾਣੀ ਉੱਪਰੋਂ ਲੰਘਣ ਵਾਲਿਆਂ ਨੂੰ 'ਗੈਬੀ ਸ਼ਕਤੀ' ਦੇ 'ਕਹਿਰ' ਦਾ ਸ਼ਿਕਾਰ ਬਣਨਾ ਪਵੇਗਾ। ਮੈਨੂੰ ਘਰ ਵਿੱਚ ਇਹ ਸਿਖਾਇਆ ਗਿਆ ਸੀ ਕਿ ਡੁੱਲ੍ਹੇ ਪਾਣੀ ਦੇ ਉੱਪਰ ਦੀ ਨਹੀਂ ਲੰਘਣਾ। ਸੱਤਵੀਂ ਕਲਾਸ ਵਿੱਚ ਪੜ੍ਹਦਿਆਂ ਇੱਕ ਦਿਨ ਸਕੂਲ ਜਾਣ ਸਮੇਂ ਗੁਆਂਢੀਆਂ ਦੀ ਮੱਝ ਗਲੀ ਵਿੱਚ ਮੇਰੇ ਸਾਈਕਲ ਨਾਲ ਟਕਰਾ ਗਈ। ਮੈਂ ਡਿੱਗ ਪਿਆ ਅਤੇ ਮੇਰਾ ਸਿਰ ਧਰਤੀ ਨਾਲ ਵੱਜਿਆ। ਕੁਦਰਤੀ ਉੱਥੇ ਗਾਰਾ ਹੋਣ ਕਾਰਨ ਮੈਂ ਬਚ ਗਿਆ। ਮਾਪਿਆਂ ਨੇ ਇਸ ਘਟਨਾ ਨੂੰ ਕਿਸੇ 'ਪ੍ਰੇਤ' ਵੱਲੋਂ ਧੱਕਾ ਮਾਰਨ ਨਾਲ ਜੋੜ ਲਿਆ। ਫਿਰ ਇਹ ਡਰ ਵੀ ਮੇਰੇ ਅੰਦਰ ਬੈਠ ਗਿਆ। ਮੈਨੂੰ ਚੱਕਰ ਆਉਂਦੇ, ਘਬਰਾਹਟ ਹੁੰਦੀ। ਮੈਂ ਅਵਾ ਤਵਾ ਬੋਲਦਾ। ਪਰਿਵਾਰ ਵਾਲੇ ਕਦੇ ਕਿਸੇ ਸਿਆਣੇ ਕੋਲ ਕਦੇ ਕਿਸੇ ਡਾਕਟਰ ਕੋਲ ਲੈ ਕੇ ਜਾਂਦੇ । ਸਿਰ ਵਿੱਚ ਕੋਈ ਸਮੱਸਿਆ ਸਮਝਦੇ ਹੋਏ ਇੱਕ ਵਾਰੀ ਮੌੜ ਮੰਡੀ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰ ਕੋਲ ਲੈ ਕੇ ਗਏ। ਉਸ ਨੇ ਮਿਰਗੀ ਦਾ ਸ਼ੱਕ ਦੱਸਿਆ ਅਤੇ ਮੈਨੂੰ ਇੱਕ ਗੋਲੀ ਮੌਕੇ ਤੇ ਦੇ ਦਿੱਤੀ। ਗੋਲੀ ਲੈਣ ਤੋਂ ਬਾਅਦ ਮੇਰੀ ਘਬਰਾਹਟ ਹੋਰ ਵਧ ਗਈ। ਇਸ ਕਰਕੇ ਮੈਂ ਬੱਸ ਦੇ ਵਿੱਚ ਚੜ੍ਹਨ ਦੀ ਥਾਂ ਉਸਦੀ ਛੱਤ ਉੱਪਰ ਚੜ੍ਹ ਗਿਆ। ਅਸੀਂ ਮਾਨਸਾ ਦੇ ਇੱਕ ਮਸ਼ਹੂਰ ਐੱਮ.ਡੀ. ਡਾਕਟਰ ਕੋਲ ਪਹੁੰਚ ਗਏ। ਮੇਰੀ ਬੇਚੈਨੀ ਤੋਂ ਅੱਕੇ ਉਸ ਡਾਕਟਰ ਨੇ ਮੇਰੇ ਜ਼ੋਰ ਦੀ ਇੱਕ ਥੱਪੜ ਜੜ੍ਹ ਦਿੱਤਾ। ਮੇਰੇ ਫੁੱਫੜ ਜੀ ਨੇ ਗੁੱਸੇ ਵਿੱਚ ਉਸ ਡਾਕਟਰ ਨੂੰ ਕਾਫੀ ਬੁਰਾ ਭਲਾ ਕਿਹਾ ਅਤੇ ਉਸ ਤੋਂ ਛੁੱਟੀ ਲੈ ਲਈ। ਇਸ ਸਮੇਂ ਦੌਰਾਨ ਮੇਰੇ ਅੱਠਵੀਂ ਦੇ ਪੇਪਰ ਆ ਗਏ। ਪੇਪਰ ਤੋਂ ਦੋ ਦਿਨ ਪਹਿਲਾਂ ਹਾਲਤ ਖਰਾਬ ਹੋਣ ਕਾਰਨ ਲੋਕਲ ਡਾਕਟਰ ਦੇ ਕਹਿਣ 'ਤੇ ਮੈਨੂੰ ਲੁਧਿਆਣੇ ਸੀ.ਐੱਮ.ਸੀ. ਲੈ ਗਏ। ਉੱਥੇ ਪੂਰੇ ਅੱਠ ਦਿਨ ਮੇਰੇ ਟੈਸਟ ਤੇ ਟੈਸਟ ਹੁੰਦੇ ਰਹੇ। ਹਰ ਟੈਸਟ ਦੀ ਰਿਪੋਰਟ ਵਿੱਚੋਂ ਨਿਕਲਦਾ ਕੁੱਝ ਵੀ ਨਾ। ਉਨ੍ਹਾਂ ਨੇ ਕੋਈ ਦਵਾਈ ਵੀ ਸ਼ੁਰੂ ਨਾ ਕੀਤੀ। ਜਦੋਂ ਮੈਂ ਹਸਪਤਾਲ ਵਿੱਚ ਦਾਖ਼ਲ ਸੀ ਤਾਂ ਪਿੱਛੇ ਪਿੰਡ ਮੇਰੇ ਫੁੱਫੜ ਜੀ ਨੂੰ ਮਾਨਸਾ ਦੇ ਬਾਰਾਂ ਹੱਟਾ ਚੌਕ ਵਿੱਚ ਰਮਦਿੱਤੇ ਵਾਲਾ ਪਿੰਡ ਦੇ ਇੱਕ ਸਿਆਣੇ ਦੀ ਦੱਸ ਪਈ। ਉਹ ਘਰੋਂ ਮੇਰੇ ਕੱਪੜਿਆਂ ਉੱਤੋਂ ਕਣ ਛੁਹਾ ਕੇ ਉਸ ਕੋਲ ਲੈ ਗਏ। ਇਸ ਸਿਆਣੇ ਨੇ ਦੱਸਿਆ ਕਿ ਤੁਹਾਡੇ ਮੁੰਡੇ ਨੂੰ ਕੋਈ ਬਿਮਾਰੀ ਨਹੀਂ ਐਵੇਂ ਡਾਕਟਰਾਂ ਕੋਲ ਲਈ ਫਿਰਦੇ ਹੋ। ਉਸ ਨੇ ਮੇਰੇ ਲਈ ਇੱਕ ਤਵੀਤ ਦਿੱਤਾ ਅਤੇ ਹਸਪਤਾਲ ਵਿੱਚ ਹੀ ਧੂਫ਼ ਦੇ ਕੇ ਮੇਰੇ ਗਲ ਵਿੱਚ ਪਾਇਆ ਗਿਆ। ਸਿਆਣੇ ਦੁਆਰਾ ਕਹੀਆਂ ਗੱਲਾਂ ਨੂੰ ਠੀਕ ਮੰਨਦਿਆਂ ਤਵੀਤ ਪਾਉਣ ਸਾਰ ਮੇਰੀ ਹਾਲਤ ਵਿੱਚ ਸੁਧਾਰ ਹੋਣ ਲੱਗਾ। ਬਾਬੇ ਦੇ ਤਵੀਤਾਂ ਪ੍ਰਤੀ ਮੇਰਾ ਵਿਸ਼ਵਾਸ ਹੋਰ ਵੀ ਵਧ ਗਿਆ। 'ਸਿਆਣੇ' ਦੇ ਕਹੇ ਅਨੁਸਾਰ ਇਸ ਤਵੀਤ ਦੀ ਮਿਆਦ ਸਵਾ ਮਹੀਨੇ ਤੱਕ ਸੀ, ਉਸ ਤੋਂ ਬਾਅਦ ਮੈਂ ਫੇਰ ਬਿਮਾਰ ਹੋਇਆ ਤਾਂ ਉਸ ਸਿਆਣੇ ਕੋਲੋਂ ਗੱਲ ਨਾ ਬਣੀ। ਫੇਰ ਮੈਨੂੰ ਰੋੜਾਂ ਵਾਲੀ ਰਾਜਸਥਾਨ ਦੇ ਮੌਲਵੀ ਕੋਲ ਲੈ ਗਏ ਜਿਹੜਾ ਸਿਰਫ ਚਾਨਣੇ ਸ਼ਨੀਵਾਰ ਨੂੰ ਤਵੀਤ ਦਿੰਦਾ ਸੀ। ਉਸ ਨੇ ਤਵੀਤ ਦੇ ਨਾਲ ਨਾਲ ਇੱਕ ਬੱਤੀ ਜਲਾ ਕੇ ਮੇਰੇ ਨੱਕ ਨੂੰ ਧੂੰਆਂ ਦਿੱਤਾ। ਉਸ ਨੇ ਸ਼ਰਾਬ ਦਾ ਪੱਕਾ ਬੰਨ੍ਹਣ ਕੀਤਾ ਸੀ। ਹੁਣ ਮੇਰੇ ਲਈ ਨਵੀਂ ਸਮੱਸਿਆ ਇਹ ਖੜ੍ਹੀ ਹੋ ਗਈ ਜਦੋਂ ਮੈਂ ਕਿਸੇ ਵੀ ਸ਼ਰਾਬ ਪੀਤੀ ਵਾਲੇ ਬੰਦੇ ਕੋਲੋਂ ਲੰਘਦਾ ਤੇ ਮੈਨੂੰ ਪਤਾ ਲੱਗ ਜਾਂਦਾ ਕਿ ਇਸ ਦੀ ਸ਼ਰਾਬ ਪੀਤੀ ਹੈ, ਇਹ ਸੋਚ ਕੇ ਮੇਰਾ ਤਵੀਤ ਝੂਠਾ ਪੈ ਗਿਆ ਹੈ ਮੈਂ ਫੇਰ ਬਿਮਾਰ ਹੋ ਜਾਂਦਾ।

ਸਾਡੇ ਖੇਤ ਨੂੰ ਜਾਂਦੀ ਪਹੀ ਉੱਤੇ ਰੂੜੀ ਮਾਰਕਾ ਸਰਾਬ ਬਲੈਂਡਰ ਵਿਚ ਪਾ ਕੇ ਲਾਗਲੇ ਪਿੰਡੋਂ ਆਉਂਦੀ ਸੀ। ਇਹ ਜਹਾਜ਼ ਸ਼ਾਮ ਨੂੰ ਚਾਰ ਵਜੇ ਦੇ ਕਰੀਬ ਉੱਤਰਦਾ ਸੀ। ਉੱਥੇ ਸ਼ਰਾਬ ਪੀਣ ਵਾਲਿਆਂ ਦੀ ਭੀੜ ਲੱਗ ਜਾਂਦੀ ਸੀ। ਮੈਂ ਪਹੀ ਤੋਂ ਖੇਤ ਜਾਣ ਦੀ ਬਿਜਾਏ ਖੇਤਾਂ ਦੀਆਂ ਵੱਟਾਂ ਤੋਂ ਹੋ ਕੇ ਖੇਤ ਜਾਂਦਾ ਸੀ। ਇਸ ਤਰ੍ਹਾਂ ਬਚਪਨ ਤੋਂ ਲੈ ਕੇ ਸਤਾਰਾਂ ਅਠਾਰਾਂ ਸਾਲ ਦੀ ਉਮਰ ਤੱਕ ਇਹ ਸਿਲਸਿਲਾ ਚੱਲਦਾ ਰਿਹਾ। ਦਸਵੀਂ ਕਲਾਸ ਵਿੱਚ ਪੜ੍ਹਦਿਆਂ ਇੱਕ ਅਧਿਆਪਕ ਨੇ ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ ਜਿਸ ਨਾਲ ਮੇਰੇ ਅੰਧ ਵਿਸ਼ਵਾਸ ਦੇ ਜਾਲੇ ਲਹਿਣੇ ਸ਼ੁਰੂ ਹੋਏ। ਫ਼ਿਰ ਕਿਤੋਂ ਡਾ.ਅਬਰਾਹਮ ਟੀ. ਕਾਵੂਰ ਦੀ ਕਿਤਾਬ 'ਤੇ ਦੇਵ ਪੁਰਸ ਹਾਰ ਗਏ' ਹੱਥ ਲੱਗੀ ।

ਮੇਰੇ ਘਰਦਿਆਂ ਨੂੰ ਕਿਸੇ ਸਿਆਣੇ ਨੇ ਪਹਿਲਾਂ ਹੀ ਦੱਸ ਰੱਖਿਆ ਸੀ ਕਿ ਅਠ੍ਹਾਰਵਾਂ ਸਾਲ ਇਸ 'ਤੇ ਬਹੁਤ ਭਾਰੂ ਹੋਵੇਗਾ। ਇਸ ਲਈ ਮੇਰੇ ਲਈ ਤਵੀਤਾਂ ਧਾਗਿਆਂ ਦਾ ਉਚੇਚਾ ਪ੍ਰਬੰਧ ਵੀ ਕੀਤਾ ਗਿਆ ਸੀ। ਪਰ ਇਸ ਸਾਲ ਤਾਂ ਮੇਰੇ ਅੰਦਰ ਨਵੇਂ ਵਿਚਾਰਾਂ ਨੇ ਆਪਣੀ ਥਾਂ ਮੱਲ ਲਈ ਸੀ। ਮਨ ਮਸਤਕ ਵਿੱਚ ਤਰਕ ਦਾ ਦੀਪ ਬਲਣ ਲੱਗਾ ਸੀ। ਫੇਰ ਵੀ ਮਨ ਵਿਚ ਧੁੜਕੂ ਜਿਹਾ ਸੀ। ਘਰਦਿਆਂ ਦੇ ਦਬਾਅ ਕਾਰਣ ਅਠ੍ਹਾਰਵਾਂ ਸਾਲ ਪੂਰਾ ਹੋਣ ਤੱਕ ਤਵੀਤ ਮੇਰੇ ਗਲ ਵਿੱਚ ਰਿਹਾ। ਅਠ੍ਹਾਰਵਾਂ ਪੂਰਾ ਹੋਣ ਤੋਂ ਅਗਲੇ ਦਿਨ ਹੀ ਮੈਂ ਤਵੀਤ ਦੇ ਧਾਗੇ ਨੂੰ ਇੱਕੋ ਝਟਕੇ ਨਾਲ ਤੋੜ ਕੇ ਗਲ ਵਿਚੋਂ ਲਾਹ ਕੇ ਵਗਾਹ ਮਾਰਿਆ। ਮੁੜ ਕਦੇ ਵੀ ਇਸ ਪਾਸੇ ਨਾ ਤੱਕਿਆ। ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋ ਚੁੱਕੀ ਸੀ। ਸਾਰੀਆਂ ਮਾਨਸਿਕ ਉਲਝਣਾਂ ਉੱਡ ਪੁੱਡ ਗਈਆਂ ਸਨ। ਫਿਰ ਧਾਗੇ ਤਵੀਤ ਤਾਂ ਕੀ, ਕੋਈ ਹੋਰ ਧਾਰਮਿਕ ਸਰਗਰਮੀ ਵੀ ਮੇਰੇ ਨੇੜੇ ਨਾ ਢੁੱਕੀ। ਉਮਰ ਦੇ 46ਵੇਂ ਵਰ੍ਹੇ ਵਿੱਚ ਵਿਚਰਦਿਆਂ ਭਾਵੇਂ ਉਹ ਸਭ ਕੁਝ ਬਹੁਤ ਪਿੱਛੇ ਰਹਿ ਗਿਆ ਹੈ ਪਰ ਅੰਧ ਵਿਸ਼ਵਾਸ ਵਾਲੇ ਉਨ੍ਹਾਂ ਸਾਲਾਂ ਦੇ ਮੇਰੇ ਨੁਕਸਾਨ ਦੀ ਪੂਰਤੀ ਕਦੇ ਵੀ ਨਹੀਂ ਹੋ ਸਕੇਗੀ। ਅੱਠਵੀਂ ਵਾਲਾ ਸਾਲ ਮਾਰਿਆ ਗਿਆ। ਦਸਵੀਂ ਕੀਤੀ ਤਾਂ ਪ੍ਰੈਪ ਦੀ ਥਾਂ ਤੇ ਪਲੱਸ ਵਨ ਪਲੱਸ ਟੂ ਕਰਨੀ ਪਈ। ਮੇਰੇ ਬਚਪਨ ਅਤੇ ਪੜ੍ਹਾਈ ਦੇ ਕੀਮਤੀ ਵਰ੍ਹੇ ਇਸ ਖਲਜਗਣ ਵਿੱਚ ਚਲੇ ਗਏ।

ਭਾਵੇਂ ਹੁਣ ਮੈਂ ਪੀ.ਐੱਚ.ਡੀ. ਤੱਕ ਪੜ੍ਹਾਈ ਕਰਕੇ ਸਰਕਾਰੀ ਨੌਕਰੀ 'ਤੇ ਹਾਂ ਪਰ ਉਸ ਘਾਟੇ ਦੀ ਚੀਸ ਅੱਜ ਵੀ ਮਹਿਸੂਸ ਕਰਦਾ ਹਾਂ। ਕੋਸ਼ਿਸ਼ਾਂ ਕਰੀਏ ਕਿ ਮੇਰੇ ਵਾਂਗ ਬਾਲਾਂ ਦੇ ਸੁਪਨੇ ਅੰਧਵਿਸ਼ਵਾਸਾਂ ਵਿੱਚ ਨਾ ਗੁਆਚ ਜਾਣ। ਇਸ ਲਈ ਵਿਗਿਆਨਕ ਚੇਤਨਾ ਦਾ ਦੀਪ ਹਰ ਦਰ 'ਤੇ ਲਿਜਾਣਾ ਵਕਤ ਦੀ ਲੋੜ ਹੈ।

094172-49572

## ਜ਼ਜ਼ਬਾ-ਏ-ਜ਼ਿੰਦਗੀ



ਕਿੰਨੇ ਮਹਾਨ ਲੋਕ ਹੁੰਦੇ ਹਨ ਜਿਹੜੇ ਆਪਣੇ ਤੋਂ ਪਹਿਲਾਂ ਕਿਸੇ ਦੂਜੇ ਬਾਰੇ ਸੋਚਦੇ ਹਨ, ਨਾਲੇ ਜਦੋਂ ਮਸਲਾ ਜ਼ਿੰਦਗੀ ਮੌਤ ਦਾ ਹੋਵੇ ਤਾਂ ਮੌਤ ਚੁਣਕੇ ਦੂਜੇ ਨੂੰ ਜ਼ਿੰਦਗੀ ਦੇਣਾ ਸੱਚ ਮੁੱਚ ਹੀ ਮਿਸਾਲ ਬਣ ਜਾਂਦਾ ਹੈ। ਅਜਿਹੀ ਹੀ ਇੱਕ ਮਿਸਾਲ ਬੈਲਜੀਅਮ ਦੇ ਲੂਬੀਕ ਸਹਿਰ ਦੀ ਵਸਨੀਕ 90 ਸਾਲਾਂ ਸੁਜੈਨ ਹੋਏਲਾਰੇਟਸ ਨੇ ਕਾਇਮ ਕੀਤੀ।

ਪਿਛਲੇ 20 ਮਾਰਚ ਨੂੰ ਸੂਜੈਨ ਦੀ ਅਚਾਨਕ ਖੰਘ, ਜੁਕਾਮ ਅਤੇ ਬੁਖਾਰ ਨਾਲ ਤਬੀਅਤ ਵਿਗੜ ਗਈ ਤਾਂ ਉਸਦੀ ਧੀਅ ਜੂਡੀਥ ਉਸਨੂੰ ਹਸਪਤਾਲ ਲੈ ਕੇ ਗਈ ਜਿੱਥੇ ਸੂਜੈਨ ਦੇ ਟੈਸਟ ਹੋਏ ਤਾਂ ਸੂਜੈਨ ਕਰੋਨਾ ਵਾਇਰਸ ਨਾਲ ਪਾਜ਼ਿਟਿਵ ਪਾਈ ਗਈ। ਉਸੇ ਵਕਤ ਉਸਦੀ ਧੀ ਜੂਡੀਥ ਨੂੰ ਉਸਤੋਂ ਵੱਖ ਕਰਕੇ ਆਈਸੋਲੇਟ ਕਰ ਦਿੱਤਾ ਗਿਆ। ਜਦ ਸੁਜੈਨ ਦਾ ਸਾਹ ਰੁਕਣਾ ਸੁਰੂ ਹੋ ਗਿਆ, ਡਾਕਟਰ ਨੇ ਵੈਂਟੀਲੇਟਰ ਮੰਗਵਾਕੇ ਜਦੋਂ ਸੂਜੈਨ ਨੂੰ ਦੱਸਿਆ ਕਿ ਉਸਨੂੰ ਆਕਸੀਜਨ ਦੀ ਜਰੂਰਤ ਹੈ ਤਾਂ ਸੂਜੈਨ ਨੇ ਵੈਂਟੀਲੇਟਰ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ। ਸੂਜੈਨ ਨੇ ਕਿਹਾ ਕਿ ਉਸਨੇ ਆਪਣੀ ਜ਼ਿੰਦਗੀ ਦੇ 90 ਸਾਲ ਬਹੁਤ ਵਧੀਆ ਬਿਤਾਏ ਹਨ। ਉਸਨੂੰ ਹੋਰ ਜ਼ਿੰਦਗੀ ਦੀ ਲੋੜ ਨਹੀਂ ਹੈ। ਬੇਹਤਰ ਹੈ ਤੁਸੀ ਇਹ ਵੈਂਟੀਲੇਟਰ ਦੀ ਕਿਸੇ ਨੌਜਵਾਨ ਪੀੜਤ ਲਈ ਵਰਤੋਂ ਕਰੋ ਤਾਂ ਕਿ ਉਸਦੀ ਜ਼ਿੰਦਗੀ ਬਚ ਜਾਵੇ। ਉਸਨੂੰ ਜ਼ਿੰਦਗੀ ਦੀ ਲੋੜ ਹੈ। ਉਸਨੇ ਆਪਣੀ ਧੀ ਨੂੰ ਵੀ ਇਹ ਸੁਨੇਹਾ ਭੇਜਿਆ ਕਿ 'ਤੂੰ ਬਿਲਕੁਲ ਰੋਣਾ ਨਹੀਂ ਹੈ। ਮੈਂ ਖੁਸ਼ੀ ਨਾਲ ਜ਼ਿੰਦਗੀ ਦਾ ਤਿਆਗ ਕਰ ਰਹੀ ਹਾਂ। ਇਸ ਆਸ ਨਾਲ ਕਿ ਇਸ ਵੈਂਟੀਲੇਟਰ ਨਾਲ ਸਾਇਦ ਕਿਸੇ ਹੋਰ ਦੀ ਜ਼ਿੰਦਗੀ ਬਚ ਜਾਵੇ ਜਿਸਨੂੰ ਜ਼ਿੰਦਗੀ ਦੀ ਲੋੜ ਹੈ।' ਅਗਲੇ ਹੀ ਦਿਨ 21 ਮਾਰਚ ਨੂੰ ਸੂਜੈਨ ਦੀ ਮੌਤ ਹੋ ਗਈ। ਲੰਬੀ ਉਮਰ ਭੋਗ ਇਹ ਸੁਨੇਹਾ ਛੱਡ ਗਈ ਕਿ ਹੋਰਾਂ ਨੂੰ ਜ਼ਿੰਦਗੀ ਦੇਣ ਦਾ ਜ਼ਜ਼ਬਾ ਜ਼ਿੰਦਗੀ ਤੋਂ ਵੀ ਵੱਧ ਬੇਸ਼ਕੀਮਤੀ ਹੁੰਦਾ ਹੈ। ਜਿਹੜਾ ਤੁਹਾਡੇ ਜਿਉਣ ਨੂੰ ਸਾਰਥਿਕ ਬਣਾ ਦਿੰਦਾ ਹੈ।

**ਪ੍ਰਗਟ ਬਰਾੜ ਜੈਤੋ**

# ਕੋਰੋਨਾਵਾਇਰਸ - ਸਬਕ ਤੇ ਕਾਰਜ



**ਹੇਮਰਾਜ ਸਟੈਨੋ**

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ "ਕਰੋਨਾਵਾਇਰਸ ਦੀ ਲਾਗ ਦਾ ਜ਼ੋਖਮ ਜ਼ਿਆਦਾ ਤੋਂ ਵੱਧ ਕੇ ਬਹੁਤ ਜ਼ਿਆਦਾ" ਹੋ ਗਿਆ ਹੈ। ਜਿਸ ਤਰ੍ਹਾਂ ਵੱਖੋ-ਵੱਖਰੇ ਦੇਸ਼ਾਂ ਵਿੱਚ ਕਰੋਨਾ ਇੰਫੈਕਸ਼ਨ ਦੇ ਕੇਸ ਵਧ ਰਹੇ ਹਨ, ਇਹ ਸਪੱਸਟ ਤੌਰ ਤੇ ਚਿੰਤਾਜਨਕ ਹੈ।" ਕਰੋਨਾ ਨੇ ਸੰਸਾਰ ਪੱਧਰ 'ਤੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ ਅਤੇ ਲੱਖਾਂ ਲੋਕ ਜ਼ਿੰਦਗੀ ਬਚਾਉਣ ਲਈ ਇਲਾਜ ਕਰਵਾਉਂਦੇ ਹੋਏ ਬਚਣ ਦੀ ਉਦਾਸੀ ਭਰੀ ਆਸ 'ਚ ਹਨ। ਸੰਸਾਰ ਪੱਧਰ 'ਤੇ ਮਨੁੱਖ ਇਸ ਤੋਂ ਸਹਿਮਿਆ ਹੋਇਆ ਹੈ। ਆਓ ਇਸ ਵਰਤਾਰੇ ਦੇ ਵੱਖ-ਵੱਖ ਪਹਿਲੂਆਂ 'ਤੇ ਗੱਲ ਕਰੀਏ :

**ਹਕੂਮਤੀ ਰਵਈਆ:** ਸਾਡੇ ਦੇਸ਼ ਵਿੱਚ ਕਰੋਨਾ ਦਾ ਪਹਿਲਾ ਕੇਸ 30 ਜਨਵਰੀ, 2020 ਨੂੰ ਸਾਹਮਣੇ ਆਇਆ। ਇਸ 'ਤੇ ਸਰਕਾਰ ਨੇ ਕੋਈ ਖਾਸ ਸਰਗਰਮੀ ਨਹੀਂ ਦਿਖਾਈ। ਹਾਲਾਂਕਿ ਉਦੋਂ ਚੀਨ 'ਚ ਇਸ (ਕਰੋਨਾ) ਦੀ ਮਹਾਂਮਾਰੀ ਦੇ ਮਾਰੂ ਅਸਰ ਸਾਹਮਣੇ ਦਿਖਾਈ ਦੇ ਦਿੱਤੇ ਸਨ। ਸਾਡੇ ਦੇਸ਼ ਵਿੱਚ ਤਾਂ ਇਸ ਮਹਾਂਮਾਰੀ ਦੇ ਵੱਡੇ ਪੱਧਰ 'ਤੇ ਲੋਕਾਂ ਨੂੰ ਆਪਣੀ ਜਕੜ ਵਿੱਚ ਲੈਣਾ ਸ਼ੁਰੂ ਕਰ ਦੇਣ ਤੋਂ ਬਾਅਦ ਜਦੋਂ ਮੌਤਾਂ ਵੀ ਹੋਣ ਲੱਗ ਪਈਆਂ ਤਾਂ ਵੀ ਸਰਕਾਰ ਵੱਲੋਂ ਹਸਪਤਾਲਾਂ 'ਚ ਮਰੀਜ਼ਾਂ ਦਾ ਇਲਾਜ ਕਰ ਰਹੇ ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ ਲਈ ਇਲਾਜ ਲਈ ਲੋੜੀਂਦੀ ਦਵਾਈ, ਡਾਕਟਰਾਂ ਅਤੇ ਹੋਰ ਸਟਾਫ ਲਈ ਪਰਸਨਲ ਪ੍ਰੋਟੈਕਸ਼ਨ ਕਿੱਟਾਂ (PPE), ਵੈਂਟੀਲੇਟਰ ਅਤੇ ਹੋਰ ਜ਼ਰੂਰੀ ਸਹੂਲਤਾਂ ਦੇਣ ਦਾ ਪ੍ਰਬੰਧ ਨਹੀਂ ਕੀਤਾ ਗਿਆ। ਮੈਡੀਕਲ ਖੇਤਰ ਦੇ ਡਾਕਟਰ, ਨਰਸਾਂ, ਸਫਾਈ ਕਰਮੀਆਂ ਸਮੇਤ ਸਾਰਾ ਅਮਲਾ-ਫੈਲਾ ਸਰਕਾਰੀ ਪ੍ਰਬੰਧ ਤੋਂ ਨਾਖੁਸ਼ ਹੀ ਨਹੀਂ ਬਲਕਿ ਨੰਗੇ-ਚਿੱਟੇ ਰੂਪ 'ਚ ਵਿਰੋਧ ਪ੍ਰਗਟਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਸ ਮਹਾਂਮਾਰੀ ਨੂੰ ਜੰਗ ਦਾ ਨਾਮ ਦਿੱਤਾ ਹੈ। ਚਲੋ ਜੇਕਰ ਅਸੀਂ ਪ੍ਰਧਾਨ ਮੰਤਰੀ ਦੀ ਇਸ ਗੱਲ ਨਾਲ ਸਹਿਮਤ ਹੁੰਦਿਆਂ ਹੀ ਗੱਲ ਕਰੀਏ ਕਿ ਇਹ ਇੱਕ ਜੰਗ ਹੈ। ਫਿਰ ਇਹ ਜੰਗ ਲੜਨ ਵਾਲੀ ਫੌਜ (ਡਾਕਟਰੀ ਅਮਲੇ) ਕੋਲ ਜੇ ਕੋਈ ਹਥਿਅਰ ਜਾਂ ਗੋਲਾ-ਬਾਰੂਦ ਹੀ ਨਾ ਹੋਵੇ ਤਾਂ ਉਹ ਲੜੂ ਕਿਵੇਂ ? ਪਰ ਸਰਕਾਰ ਇਸ ਪਾਸੇ ਵੱਲ ਵੱਧ ਧਿਆਨ ਦੇਣ ਦੀ ਜਗ੍ਹਾ ਅਰਬਾਂ ਰੁਪਿਆਂ ਦੀਆਂ ਇਜ਼ਰਾਈਲ ਤੋਂ ਰਾਈਫਲਾਂ ਖਰੀਦਣ ਦਾ ਸੌਦਾ ਕਰ ਰਹੀ ਹੈ। ਕੀ ਇਹ ਮਹਾਂਮਾਰੀ ਇਜ਼ਰਾਈਲੀ ਰਾਈਫਲਾਂ ਨਾਲ ਲੜੀ ਜਾਣੀ ਹੈ ?

ਅਮੀਰ ਦੇਸ਼ਾਂ ਵਿੱਚ ਰੋਜ਼ ਹਜ਼ਾਰਾਂ ਲੋਕਾਂ ਦੇ ਟੈਸਟ ਕੀਤੇ ਜਾ ਰਹੇ ਹਨ ਜਦੋਂ ਕਿ ਭਾਰਤ ਅਤੇ ਤੀਸਰੀ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਟੈਸਟ ਕਰਨ ਵਾਲੀਆਂ ਕਿੱਟਾਂ ਦੀ ਘਾਟ ਹੋਣ ਕਾਰਨ ਉਨ੍ਹਾਂ ਦੀ ਵਰਤੋਂ ਸੀਮਤ ਪੱਧਰ 'ਤੇ ਕੀਤੀ ਜਾ ਰਹੀ ਹੈ। ਸਾਡੇ ਦੇਸ਼ ਵਿੱਚ ਹਾਈਡਰੋਕਲੋਰੋਕਿਨ ਨਾਮੀ ਦਵਾਈ ਦੁਨੀਆਂ ਭਰ ਤੋਂ ਜਿਆਦਾ ਬਣਾਈ ਜਾਂਦੀ ਹੈ। ਪਹਿਲਾਂ ਇਸਦੇ ਬਾਹਰ ਭੇਜਣ 'ਤੇ ਪਾਬੰਦੀ ਸੀ। ਹੁਣੇ-ਹੁਣੇ ਵਾਈਟ ਹਾਊਸ ਵਿੱਚ ਭਾਸ਼ਣ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ,"ਮੈਂ ਐਤਵਾਰ ਸਵੇਰੇ ਉਸ (ਮੋਦੀ) ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਕਿਹਾ ਕਿ ਜੇਕਰ ਬਰਾਮਦ ਦੁਬਾਰਾ ਸ਼ੁਰੂ ਕਰ ਦਿੱਤੀ ਜਾਏ ਤਾਂ ਬਹੁਤ ਚੰਗਾ ਹੋਵੇਗਾ। ਜੇ ਨਹੀਂ ਸ਼ੁਰੂ ਕੀਤੀ ਜਾਂਦੀ ਤਾਂ ਵੀ ਠੀਕ ਹੈ ਪਰ ਉਨ੍ਹਾਂ ਹਾਲਾਤ ਵਿੱਚ ਜਵਾਬੀ ਕਾਰਵਾਈ ਕੀਤੀ ਜਾਵੇਗੀ।" ਬਸ, ਟਰੰਪ ਦੀ ਘੁਰਕੀ ਤੋਂ ਬਾਅਦ ਇਸ ਦਵਾਈ (ਹਾਈਡਰੋਕਲੋਰੋਕਿਨ) 'ਤੇ ਬਾਹਰ ਭੇਜਣ 'ਤੇ ਰੋਕ ਹਟਾ ਦਿੱਤੀ ਗਈ।

ਸਮੁੱਚੀ ਮਨੁੱਖਤਾ ਦੇ ਹਿਤਾਂ ਨੂੰ ਧਿਆਨ 'ਚ ਰੱਖਦਿਆਂ ਇਹ ਦਵਾਈ ਬਾਹਰ ਭੇਜਣੀ ਠੀਕ ਹੈ, ਪਰ ਟਰੰਪ ਦੀ ਧਮਕੀ 'ਤੇ ਜ਼ੀ-ਹਜ਼ੂਰ ਕਹਿਕੇ ਉਹਦਾ ਹੁਕਮ ਮੰਨਣਾ ਸਾਡੇ ਕੌਮੀ ਸਵੈਮਾਣ ਨੂੰ ਠੇਸ ਪਹੁੰਚਾਉਣਾ ਹੈ। ਇੱਕ ਪਾਸੇ ਤਾਂ ਮੈਡੀਕਲ ਖੇਤਰ ਦੇ ਅਮਲੇ ਨੂੰ ਇਸ ਮਹਾਂਮਾਰੀ ਨਾਲ ਲੜਨ ਤੋਂ ਬੇਹਥਿਆਰੇ ਰੱਖਿਆ ਗਿਆ ਦੂਸਰੇ ਪਾਸੇ ਪ੍ਰਧਾਨ ਮੰਤਰੀ ਇਸ ਖੇਤਰ ਦੇ ਕਾਮਿਆਂ ਨੂੰ ਦਾਦ ਦੇਣ ਲਈ ਥਾਲੀਆਂ ਖੜਕਾਉਣ, ਤਾਲੀਆਂ ਵਜਾਉਣ ਵਰਗੇ ਅਡੰਬਰ ਕਰਨ ਲਈ ਸੱਦਾ ਦੇ ਰਿਹਾ ਸੀ।

ਹੁਣ ਸਾਡਾ ਦੇਸ਼ ਮੁਕੰਮਲ ਲੌਕ-ਡਾਊਨ ਵਿੱਚ ਚੱਲ ਰਿਹਾ ਹੈ। ਪਰ ਇਸ ਵਾਸਤੇ ਤਿਆਰੀ ਕੀ ਕੀਤੀ ਗਈ ? ਦੇਸ਼ ਦੇ ਕਰੋੜਾਂ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ, ਅਤੇ ਵਿਹਲੇ ਹੋਏ ਕਿਰਤੀਆਂ ਆਦਿ ਬਾਰੇ ਕੀ ਯੋਜਨਾ ਬਣਾਈ ਗਈ ? ਲੋਕਾਂ ਨੂੰ ਆਪਣੇ ਘਰਾਂ ਵਿੱਚ ਪਹੁੰਚਾਉਣ ਦਾ ਕੀ ਪ੍ਰਬੰਧ ਕੀਤਾ ਗਿਆ ? ਕੁੱਝ ਵੀ ਨਹੀਂ। ਕੰਮਾਂ-ਕਾਰਾਂ ਤੋਂ ਵਿਹਲੇ ਕਰ ਦਿੱਤੇ ਗਏ ਕਿਰਤੀ ਲੋਕ ਭੁੱਖਣ-ਭਾਣੇ ਵਾਪਸ ਆਪਣੇ ਘਰਾਂ ਨੂੰ ਪਰਤ ਰਹੇ ਸਨ। ਉਨ੍ਹਾਂ ਤੋਂ ਜਦੋਂ ਟੀ.ਵੀ.ਵਾਲੇ ਸਵਾਲ ਪੁੱਛਦੇ ਸਨ

ਕਿ ਉਨ੍ਹਾਂ ਦੇ ਘਰਾਂ ਵਿੱਚ ਵੀ ਤਾਂ ਕੋਈ ਸਾਧਨ ਨਹੀਂ ਹਨ ਤਾਂ ਉਹ ਕਿਉਂ ਘਰਾਂ ਨੂੰ ਪਰਤ ਰਹੇ ਸਨ? ਇਸ ਸਵਾਲ ਦੇ ਜਵਾਬ ਦਿੰਦਿਆਂ ਬਹੁਤੇ ਮਜ਼ਦੂਰਾਂ ਨੇ ਕਿਹਾ ਕਿ "ਏਥੇ ਵੀ ਭੁੱਖੇ ਮਰਦੇ ਹਾਂ, ਜਦੋਂ ਮਰਨਾ ਹੀ ਹੈ ਤਾਂ ਆਪਣੇ ਘਰਾਂ 'ਚ ਤਾਂ ਮਰੀਏ।" ਇਹ ਦੱਸਣ ਤੋਂ ਭਾਵ ਇਹ ਹੈ ਕਿ ਉਹ ਕੋਈ ਖੁਸ਼ੀ-ਖੁਸ਼ੀ ਘਰਾਂ ਨੂੰ ਨਹੀਂ ਪਰਤ ਰਹੇ ਸਨ, ਬਲਕਿ ਹੋਰ ਕੋਈ ਚਾਰਾ ਨਾ ਹੋਣ ਕਰਕੇ ਅਜਿਹਾ ਕਰ ਰਹੇ ਹਨ। ਹਜ਼ਾਰਾਂ ਦੀ ਸੰਖਿਆ 'ਚ ਮਜ਼ਦੂਰ ਆਪੋ-ਆਪਣੇ ਪਿੰਡਾਂ- ਸ਼ਹਿਰਾਂ ਨੂੰ ਪੈਦਲ ਹੀ ਚੱਲਦੇ ਦਿਖਾਈ ਦੇ ਰਹੇ ਸਨ। ਪੈਦਲ ਵੀ ਕੋਈ ਦੋ-ਚਾਰ ਕਿੱਲੋਮੀਟਰ ਨਹੀਂ, ਬਲਕਿ ਤਿੰਨ-ਤਿੰਨ ਸੌ ਤੋਂ ਲੈ ਕੇ ਪੰਜ-ਪੰਜ ਸੌ ਕਿਲੋਮੀਟਰ ਦੀ ਦੂਰੀ ਤੈਅ ਕਰਦੇ ਹੋਏ ਆਪਣੇ ਘਰਾਂ ਨੂੰ ਚੱਲ ਰਹੇ ਸਨ। ਟੀ.ਵੀ. 'ਤੇ ਇੱਕ ਲੜਕੀ ਹਉਂਕੇ ਲੈਂਦੀ ਹੋਈ ਦੱਸ ਰਹੀ ਸੀ ਕਿ ਪੈਦਲ ਚਲਦਿਆਂ-ਚਲਦਿਆਂ ਉਸਦੇ ਛੋਟੇ ਭਰਾ ਦੀ ਮੌਤ ਹੋ ਗਈ ਸੀ।

ਅਜਿਹੇ ਬਿਪਤਾ ਮਾਰੇ ਮਜ਼ਦੂਰਾਂ ਦਾ ਇੱਕ ਗਰੁੱਪ ਯੂ.ਪੀ. ਦੇ ਬਰੇਲੀ ਸ਼ਹਿਰ ਪਹੁੰਚਿਆ ਤਾਂ ਉਨ੍ਹਾਂ ਦੇ ਸਮੂਹ 'ਤੇ ਰਸਾਇਣਕ ਛਿੜਕਾਓ ਕੀਤਾ ਗਿਆ। ਇਸ 'ਤੇ ਉਨ੍ਹਾਂ ਵਿੱਚ ਸ਼ਾਮਲ ਬੱਚਿਆਂ ਦੀਆਂ ਅੱਖਾਂ 'ਚ ਜਲਣ ਹੋਣੀ ਵੀ ਸ਼ੁਰੂ ਹੋ ਗਈ, ਪਰ ਫਿਰ ਵੀ ਉਨ੍ਹਾਂ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ। ਮਨੁੱਖਾਂ 'ਤੇ ਰਸਾਇਣ ਛਿੜਕਾਓ ਕਰਨਾ ਕਿੱਧਰਲਾ ਕਰੋਨਾ-ਮੁਕਤ ਕਰਨ ਦਾ ਮੈਡੀਕਲ ਤਰੀਕਾ ਹੋ ਗਿਆ? ਇਹ ਕਿਹੜੇ ਦੇਸ਼ ਦੇ ਤਜਰਬੇ ਨੂੰ ਧਿਆਨ 'ਚ ਰੱਖਦਿਆਂ ਵਰਤਿਆ ਗਿਆ ਹੈ? ਮਨੁੱਖ ਉੱਪਰ ਰਸਾਇਣਕ ਛਿੜਕਾਅ ਕੀ ਮਨੁੱਖੀ ਸੰਵੇਦਨਾ ਦਾ ਪ੍ਰਗਟਾਵਾ ਹੈ? ਏ.ਸੀ. ਰੂਮਾਂ 'ਚ ਬੈਠੇ ਹਕੂਮਤੀ ਆਗੂ ਇਹੋ-ਜਿਹੇ ਫਰਮਾਨ ਜਾਰੀ ਕਰ ਰਹੇ ਹਨ ਜਿਹੜੇ ਉਪਰੋਂ ਲੋਕ-ਹਿਤੈਸ਼ੀ ਤਾਂ ਲਗਦੇ ਹਨ ਜਿਵੇਂ ਕਿ ਸਮਾਜਿਕ ਦੂਰੀ (Social distancing) ਦਾ ਫਰਮਾਨ। ਪਰ ਇਹ ਹਕੀਕੀ ਤਸਵੀਰ ਨੂੰ ਦੇਖਿਆਂ ਲਾਗੂ ਹੋਣ ਯੋਗ ਨਹੀਂ। ਹੇਠਾਂ ਉਦਾਹਰਣ ਲਵੋ।

ਮੁੰਬਈ 'ਚ ਧਾਰਾਵੀ ਨਾਮੀ ਸਲੱਮ ਇਲਾਕੇ 'ਚ ਪਾਵਰਲੂਮ ਦੇ ਲਗਭਗ 7 ਲੱਖ ਤੋਂ ਉੱਪਰ ਮਜ਼ਦੂਰ ਪਰਿਵਾਰ ਰਹਿੰਦੇ ਹਨ। ਲਾਕਡਾਊਨ ਹੋਣ ਕਾਰਨ ਪਾਵਰਲੂਮ ਦਾ ਕੰਮ ਬੰਦ ਹੋ ਗਿਆ ਹੈ। ਉੱਥੋਂ ਦੇ ਮਜ਼ਦੂਰਾਂ ਨੂੰ ਵਾਪਸ ਆਪਣੇ ਘਰ ਪਰਤਣ ਦਾ ਮੌਕਾ ਵੀ ਨਹੀਂ ਮਿਲਿਆ। ਕੇਂਦਰੀ ਸਰਕਾਰ ਵੱਲੋਂ ਵਾਰ ਵਾਰ ਜ਼ੋਰ-ਜ਼ੋਰ ਨਾਲ ਕਿਹਾ ਜਾ ਰਿਹਾ ਹੈ ਕਿ ਲੋਕਾਂ ਨੂੰ ਆਪੋ-ਵਿੱਚ ਦੂਰੀ ਬਣਾਈ ਰੱਖਣੀ ਚਾਹੀਦੀ ਹੈ ਤਾਂ ਕਿ ਕਰੋਨਾ ਤੋਂ ਬਚਿਆ ਜਾਵੇ। ਆਪੋ-ਵਿੱਚ ਦੂਰੀ ਰੱਖਣਾ ਠੀਕ ਹੈ। ਪਰ ਇਸਦੇ ਲਾਗੂ-ਨਾ-ਹੋਣ-ਯੋਗ ਹਕੀਕਤਾਂ ਨੂੰ ਧਿਆਨ 'ਚ ਰੱਖਦਿਆਂ ਕਹਿੰਦੇ ਹਾਂ ਕਿ ਮੁੰਬਈ ਦੇ ਜਿਹੜੇ ਧਾਰਾਵੀ ਇਲਾਕੇ 'ਚ ਕਰੋਨਾ ਦੇ ਸ਼ਿਕਾਰ ਹੋਏ ਮਰੀਜ਼ਾਂ ਦੇ ਕੇਸ ਸਾਹਮਣੇ ਆਉਣ ਲੱਗੇ ਹਨ ਉੱਥੇ ਜਿਹੜੇ ਮਜ਼ਦੂਰ ਰਹਿੰਦੇ ਹਨ ਉਹ 7-8 ਵਰਗ ਫੁੱਟ ਦੇ ਕਮਰਿਆਂ ਵਿਚ 4-4, 5-5 ਜਣੇ ਰਹਿੰਦੇ ਹਨ। 7-8 ਵਰਗ ਫੁੱਟ ਦੇ ਕਮਰੇ 'ਚ ਰਹਿੰਦੇ4-5 ਜਣੇ ਆਪਸ ਵਿੱਚ ਕਿੰਨੀ ਕੁ ਦੂਰੀ ਬਣਾ ਲੈਣਗੇ? ਕੀ ਸਰਕਾਰ ਉਨ੍ਹਾਂ ਦੀਆਂ ਇਨ੍ਹਾਂ ਰਹਿਣ ਹਾਲਤਾਂ ਤੋਂ ਜਾਣੂ ਨਹੀਂ? ਇਹ ਗੱਲ ਤਾਂ ਹੋ ਨਹੀਂ ਸਕਦੀ ਕਿ ਸਰਕਾਰ ਨੂੰ ਇਸ ਹਕੀਕਤ ਦਾ ਗਿਆਨ ਨਾ ਹੋਵੇ।

ਸੋ ਇਸਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਨਾ ਤਾਂ ਹਕੂਮਤ ਨੇ ਇਸ ਮਹਾਂਮਾਰੀ ਨਾਲ ਅੱਗੇ ਹੋਕੇ ਲੜਨ ਵਾਲੇ ਮੈਡੀਕਲ ਖੇਤਰ ਦੇ ਕਾਮਿਆਂ ਨੂੰ ਲੋੜੀਂਦਾ ਜ਼ਰੂਰੀ ਸਮਾਨ ਦੇਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਵਿਹਲੇ ਹੋਏ ਕਿਰਤੀ ਵਰਗ ਨੂੰ ਉਨ੍ਹਾਂ ਦੇ ਜੱਦੀ ਪਿੰਡਾਂ-ਸ਼ਹਿਰਾਂ 'ਚ ਭੇਜਕੇ ਉਨ੍ਹਾਂ ਦੇ ਖਾਣ-ਪੀਣ ਦਾ ਕੋਈ ਪੱਕਾ ਪ੍ਰਬੰਧ ਕੀਤਾ। ਅਜਿਹੀ ਹਾਲਤ 'ਚ ਸਾਡੇ 'ਤੇ ਹਕੂਮਤ ਕਰ ਰਹੇ ਇਨ੍ਹਾਂ ਨੇਤਾਵਾਂ ਨੂੰ ਜਦੋਂ ਲੋਕਾਂ ਦੀ ਬਿਪਤਾ ਨਾਲ ਕੋਈ ਸਰੋਕਾਰ ਨਹੀਂ ਹੈ ਤਾਂ ਫਿਰ ਇਹ ਲੋਕ-ਨੁਮਾਇੰਦੇ ਕਿਵੇਂ ਹੋਏ?

**ਵਾਤਾਵਰਣ ਦੀ ਤਬਦੀਲੀ:**

ਇਸ ਮਹਾਂਮਾਰੀ ਤੋਂ ਪਹਿਲਾਂ ਵਾਤਾਵਰਣ ਬਾਰੇ ਆਮ ਹੀ ਪ੍ਰਚਾਰਿਆ ਜਾਂਦਾ ਸੀ ਕਿ ਇਹ ਵਾਤਾਵਰਣ ਪ੍ਰਦੂਸ਼ਣ ਦਾ ਕਾਰਨ ਕਿਸਾਨਾਂ ਵੱਲੋਂ ਪਰਾਲੀ ਦਾ ਸਾੜਨਾ ਬਣਦਾ ਹੈ। ਹਕੂਮਤ ਗੰਗਾ ਨੂੰ ਸਾਫ ਕਰਨ ਲਈ ਕਰੋੜਾਂ ਰੁਪਏ ਖਰਚਣ ਦਾ ਦਾਅਵਾ ਕਰਦੀ ਰਹਿੰਦੀ ਹੈ ਪਰ ਗੰਗਾ ਸਾਫ ਨਹੀਂ ਹੋਈ। ਹੁਣ ਲਾਕਡਾਊਨ ਕਰਕੇ ਕੁੱਲ ਸਨਅਤ, ਵਹੀਕਲਾਂ ਦੀ ਆਵਾਜਾਈ ਲਗਭਗ ਪੂਰੀ ਤਰ੍ਹਾਂ ਠੱਪ ਹੈ। ਸਨਅਤਾਂ ਦਾ ਗੰਦ-ਮੰਦ ਨਾ ਤਾਂ ਗੰਗਾ 'ਚ ਪੈ ਰਿਹਾ ਹੈ ਅਤੇ ਨਾ ਹੀ ਯਮਨਾ ਨਦੀ 'ਚ। ਹੁਣ ਇਹ ਦੋਨੋਂ ਨਦੀਆਂ (ਗੰਗਾ-ਯਮਨਾ) ਸਾਫ ਹੋ ਗਈਆਂ ਹਨ। ਇਹ ਹੀ ਨਹੀਂ ਬਲਕਿ ਟੀ.ਵੀ. 'ਤੇ ਤਾਂ ਜਲੰਧਰ ਤੋਂ ਹਿਮਾਲਿਆ ਦੀਆਂ ਪਹਾੜੀਆਂ ਨੰਗੀ ਅੱਖ ਨਾਲ ਦੇਖਣ ਦੀਆਂ ਸੂਚਨਾਵਾਂ ਵੀ ਟੈਲੀਕਾਸਟ ਹੋ ਰਹੀਆਂ ਹਨ।

ਕਹਿਣ ਤੋਂ ਭਾਵ ਇਹ ਕਿ ਵਹੀਕਲਾਂ ਦੀ ਜ਼ਿਆਦਾਤਰ ਵਰਤੋਂ ਸਨਅਤਾਂ ਲਈ ਕੱਚਾ ਮਾਲ ਲਿਜਾਣ ਅਤੇ ਤਿਆਰ ਮਾਲ ਲੋੜੀਂਦੇ ਥਾਵਾਂ 'ਤੇ ਪਹੁੰਚਾਉਣ ਲਈ ਹੀ ਕੀਤੀ ਜਾਂਦੀ ਹੈ। ਇਸਦਾ ਬਹੁਤ ਥੋੜ੍ਹਾ ਹਿੱਸਾ ਖੇਤੀ ਉਪਜ ਦੀ ਢੋਆ-ਢੁਆਈ ਲਈ ਵਰਤਿਆ ਜਾਂਦਾ ਹੈ। ਸਨਅਤਾਂ ਸਰਮਾਏਦਾਰਾਂ ਦੀਆਂ ਹੀ ਹਨ। ਇਸ ਲਈ ਇਹ ਵਾਤਾਵਰਣ ਦਾ ਪ੍ਰਦੂਸ਼ਣ ਮੁੱਖ ਤੌਰ 'ਤੇ ਸਨਅਤਾਂ/ਸਰਮਾਏਦਾਰਾਂ ਦੀ ਹੀ

ਦੇਣ ਹੈ। ਇਹ ਪ੍ਰਦੂਸ਼ਣ ਭਾਵੇਂ ਆਵੋ-ਹਵਾ ਦਾ ਹੋਵੇ ਤੇ ਭਾਵੇਂ ਨਦੀਆਂ-ਨਾਲਿਆਂ ਦੇ ਪਾਣੀ ਨੂੰ ਪਲੀਤ ਕਰਨ ਦਾ ਹੋਵੇ। ਇਸ ਵਾਤਾਵਰਣ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਸ਼ਿਕਾਰ ਆਮ ਲੋਕ ਹੀ ਹੁੰਦੇ ਹਨ। ਕੁੱਝ ਕੁ ਗੱਲ ਆਪਾਂ ਲੋਕਾਂ ਦੀਆਂ ਰਹਿਣ-ਸਹਿਣ ਦੀਆਂ ਹਾਲਤਾਂ ਬਾਰੇ ਕਰਦੇ ਹਾਂ। ਇਸ ਸਬੰਧੀ ਕੁੱਝ ਤੱਥ ਦੇਖੋ:-

- ਸਾਡੇ ਦੇਸ਼ ਵਿੱਚ ਲਗਭਗ 4 ਕਰੋੜ 60 ਲੱਖ ਬੱਚੇ ਘੱਟ ਖੁਰਾਕ ਮਿਲਨ ਕਾਰਨ ਘੱਟ ਵਿਕਸਤ ਹਨ। ਉਨ੍ਹਾਂ ਦਾ ਕੱਦ-ਕਾਠ, ਪੱਠੇ ਤੇ ਸਮੁੱਚਾ ਸਰੀਰ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਵੇਗਾ। ਲਗਭਗ 2.5 ਕਰੋੜ ਬੱਚਿਆਂ ਦੇ ਸਰੀਰ ਬੇਹੱਦ ਲਿੱਸੇ/ ਵੇਸਟਡ (wasted) ਹਨ। ਇਹ ਬੱਚੇ ਵੱਡੇ ਹੋ ਕੇ ਸਾਰੀ ਉਮਰ ਕਮਜ਼ੋਰ ਰਹਿਣਗੇ।

- ਹਰ ਸਾਲ ਲਗਭਗ 9 ਲੱਖ ਬੱਚੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਨ੍ਹਾਂ ਵਿੱਚੋਂ ਲਗਭਗ 1.5 ਲੱਖ ਤੋਂ ਜ਼ਿਆਦਾ ਬੱਚੇ ਦਸਤ ਲੱਗਣ ਨਾਲ ਮਰਦੇ ਹਨ।

- ਭਾਰਤ ਵਿੱਚ ਤਪਦਿਕ ਕਾਰਨ ਲਗਭਗ ਹਰ ਵਰ੍ਹੇ 2.20 ਲੱਖ ਮੌਤਾਂ ਹੁੰਦੀਆਂ ਹਨ। ਦੁਨੀਆਂ ਵਿੱਚ ਤਪਦਿਕ ਦੇ ਮਰੀਜ਼ਾਂ ਵਿੱਚੋਂ 25 ਫੀਸਦੀ ਭਾਰਤ ਵਿੱਚ ਰਹਿੰਦੇ ਹਨ। ਇਨ੍ਹਾਂ ਦੀ ਗਿਣਤੀ 16 ਤੋਂ 20 ਲੱਖ ਦੇ ਵਿਚਕਾਰ ਹੈ।

- ਲਗਭਗ 19 ਕਰੋੜ ਲੋਕਾਂ ਨੂੰ ਰੋਜ਼ਾਨਾ ਭਰ ਪੇਟ ਖਾਣਾ ਨਹੀਂ ਮਿਲਦਾ। (ਪੰ:ਟ੍ਰਿ:5 ਅਪਰੈਲ,2020)

ਜੇਕਰ ਲੋਕਾਂ ਦੀ ਆਰਥਕ ਹਾਲਤ ਚੰਗੀ ਹੋਵੇ ਤਾਂ ਜਿਉਣ-ਹਾਲਤਾਂ ਅਜਿਹੀਆਂ ਨਾ ਹੋਣ। ਹੁਣ ਹਾਲਾਤ ਹੋਰ ਵਿਗੜਨਗੇ। ਉਹ ਇਸ ਲਈ ਕਿ ਇਸ ਮਹਾਂਮਾਰੀ ਨੇ ਜਲੰਧਰ ਵਿੱਚ 15000 ਤੋਂ ਵੱਧ ਫੈਕਟਰੀਆਂ 'ਚ ਕੰਮ ਕਰਨ ਵਾਲੇ ਢਾਈ ਲੱਖ ਦੇ ਕਰੀਬ ਮਜ਼ਦੂਰਾਂ ਵਿਹਲੇ ਕਰ ਦਿੱਤੇ ਹਨ। ਇਸੇ ਸ਼ਹਿਰ ਵਿੱਚ 16000 ਤੋਂ ਵੱਧ ਰੇਹੜੀਆਂ ਵਾਲੇ ਅਤੇ ਇਮਾਰਤ ਉਸਾਰੀ ਖੇਤਰ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਵੀ ਵਿਹਲੇ ਕਰ ਦਿੱਤਾ ਹੈ ਜਿੰਨਾ ਦੀ ਗਿਣਤੀ ਇਕ ਲੱਖ ਦੇ ਕਰੀਬ ਹੈ। ਦਿਹਾੜੀਦਾਰ ਕਾਮੇ ਵਿਹਲੇ ਕਰ ਦਿੱਤੇ ਹਨ। ਘਰਾਂ ਵਿੱਚ ਕੰਮ ਕਰਦੀ ਗੈਰ-ਸੰਗਠਿਤ ਕਾਮਾ ਸ਼ਕਤੀ ਤੇ ਦਿਹਾੜੀਦਾਰ ਕਾਮੇ, ਉਦਯੋਗਿਕ ਕੱਚੇ ਕਾਮੇ ਤੇ ਬਾਕੀ ਉਦਯੋਗਿਕ ਕਾਮੇ, ਸਰਕਾਰੀ ਤਾਲਾਬੰਦੀ ਅਤੇ ਸਰਕਾਰੀ ਹੁਕਮਾਂ ਤਹਿਤ ਮਜ਼ਬੂਰਨ ਕੀਤੀ ਛਾਂਟੀ ਦੀ ਮਾਰ ਵੱਧ ਝੱਲ ਰਹੇ ਹਨ। ਸਮੁੱਚੇ ਦੇਸ਼ ਅੰਦਰ 40 ਕਰੋੜ ਤੋਂ ਵੱਧ ਕਾਮਾ ਸ਼ਕਤੀ ਬੇਰੁਜ਼ਗਾਰ ਹੋਣ ਦੇ ਅੰਕੜੇ ਆ ਰਹੇ ਹਨ।

**ਦੇਸ਼ ਦੀ ਆਰਥਕ ਹਾਲਤ**: ਨੋਟਬੰਦੀ ਤੋਂ ਬਾਅਦ ਸਾਡੇ ਦੇਸ਼ ਦਾ ਕੁੱਲ ਘਰੇਲੂ ਉਤਪਾਦਨ 7.8 ਫੀਸਦੀ ਤੋਂ ਘਟਕੇ 4.5 ਫੀਸਦੀ ਰਹਿ ਗਿਆ। ਹੁਣ ਤਾਂ ਕਈ ਸੰਸਥਾਵਾਂ ਇਸਨੂੰ 2.5 ਫੀਸਦੀ ਤੱਕ ਘਟ ਜਾਣ ਦੇ ਅਨੁਮਾਨ ਲਗਾ ਰਹੀਆਂ ਹਨ। ਸਾਡੇ ਦੇਸ਼ ਦੀ ਮਾੜੀ ਆਰਥਕਤਾ ਬਾਰੇ ਅਖਬਾਰਾਂ ਜਾਂ ਟੀ.ਵੀ.ਚੈਨਲਾਂ 'ਤੇ ਆਮ ਹੀ ਰਿਪੋਰਟਾਂ ਆਉਂਦੀਆਂ ਰਹਿੰਦੀਆਂ ਹਨ। ਪਹਿਲਾਂ ਪਹਿਲਾਂ ਤਾਂ ਸਾਡੇ ਦੇਸ਼ ਦੀ ਹਕੂਮਤ ਇਸਨੂੰ ਨਹੀਂ ਮੰਨਦੀ ਸੀ ਪਰ ਹੁਣ ਤਾਂ ਉਹ ਵੀ ਟੇਢੇ ਢੰਗ ਨਾਲ ਅਤੇ ਮਲਵੀਂ ਜਿਹੀ ਜੀਭ ਨਾਲ ਇਹ ਕਹਿੰਦਿਆਂ ਮੰਨਣ ਲੱਗੀ ਹੈ ਕਿ ਸਮੁੱਚੇ ਵਿਸ਼ਵ ਅੰਦਰ ਹੀ ਮੰਦੀ ਚੱਲ ਰਹੀ ਹੈ। ਉਸਦਾ ਅਸਰ ਸਾਡੇ ਦੇਸ਼ ਦੀ ਆਰਥਕਤਾ 'ਤੇ ਵੀ ਪੈ ਰਿਹਾ ਹੈ। ਭਾਵੇਂ ਨਾਲ ਦੀ ਨਾਲ ਉਹ ਇਹ ਕਹਿਕੇ ਜਨਤਾ ਨੂੰ ਗੁੰਮਰਾਹ ਵੀ ਕਰ ਰਹੀ ਹੈ ਕਿ ਸਾਡੇ ਦੇਸ਼ ਇਸਤੋਂ ਸੰਭਲ ਜਾਣ ਦੀ ਸਮਰੱਥਾ ਰੱਖਦਾ ਹੈ। ਹੁਣ ਕਰੋਨਾ ਨੇ ਤਾਂ ਹਕੂਮਤ ਦੀ ਇਸ ਸਮਰੱਥਾ 'ਤੇ ਵੀ ਧਾਵਾ ਬੋਲ ਦਿੱਤਾ ਹੈ। ਉਹ ਕਿਵੇਂ ?

ਬਰਤਾਨੀਆਂ ਦੇ ਉੱਘੇ ਅਰਥ-ਸ਼ਾਸ਼ਤਰੀ ਜਿਆਂ ਦਰੇਜ਼ ਦਾ ਕਹਿਣਾ ਹੈ ਕਿ ਭਾਰਤੀ ਅਰਥਵਿਵਸਥਾ ਦੀ ਹਾਲਤ ਪਤਲੀ ਹੈ ਤੇ ਜੇ ਸਥਾਨਕ ਜਾਂ ਕੌਮੀ ਪੱਧਰ 'ਤੇ 'ਲੌਕਡਾਊਨ' ਹੋਰ ਸਮਾਂ ਰੱਖਿਆ ਗਿਆ ਤਾਂ ਇਹ ਬਦਤਰ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇ ਤਾਲਾਬੰਦੀ ਹਟਾ ਵੀ ਲਈ ਜਾਂਦੀ ਹੈ ਤਾਂ ਵੀ ਵਿਸ਼ਵ-ਵਿਆਪੀ ਮੰਦੀ ਦਾ ਅਸਰ ਭਾਰਤੀ ਅਰਥਚਾਰੇ 'ਤੇ ਪੈਣਾ ਸੁਭਾਵਿਕ ਹੈ। ਬੈਲਜੀਅਮ 'ਚ ਜਨਮੇ ਇਸ ਉੱਘੇ ਅਰਥ ਸ਼ਾਸਤਰੀ ਨੇ ਕਿਹਾ ਕਿ ਕੁੱਝ ਸੈਕਟਰ ਤਾਲਾਬੰਦੀ ਕਾਰਨ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਹਨ, ਪਰ ਕੁਝ ਸੈਕਟਰ ਇਸ ਸੰਕਟ ਦੇ ਸਮੇਂ ਵਿਕਾਸ ਵੀ ਕਰ ਸਕਦੇ ਹਨ, ਜਿਵੇਂ ਕਿ ਮੈਡੀਕਲ ਸੈਕਟਰ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਖੇਤਰ ਉਦੋਂ ਤੱਕ ਵਿਕਾਸ ਨਹੀਂ ਕਰਨਗੇ, ਜਦ ਤੱਕ ਬਾਕੀ ਚੰਗੀ ਸਥਿਤੀ ਵਿਚ ਨਹੀਂ ਹਨ। ਜਿਆਂ ਦਰੇਜ਼ ਨੇ ਕਿਹਾ ਹੈ ਕਿ ਇਹ ਸਾਈਕਲ ਵਰਗਾ ਹੈ, ਜੇ ਇਕ ਪਹੀਆ ਪੈਂਚਰ ਹੈ ਤਾਂ ਸਹਿਜ ਹੋ ਕੇ ਅੱਗੇ ਨਹੀਂ ਵਧਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਥੋੜ੍ਹੇ ਸ਼ਬਦਾਂ 'ਚ ਕਹੀਏ ਤਾਂ ਜੇ ਇਹ ਸੰਕਟ ਲੰਮਾ ਚੱਲਦਾ ਹੈ ਤਾਂ ਅਰਥਚਾਰੇ ਦੇ ਹਰ ਹਿੱਸੇ ਤੱਕ ਪਹੁੰਚ ਜਾਵੇਗਾ। ਇਹ ਬੈਂਕਿੰਗ ਢਾਂਚੇ ਨੂੰ ਵੀ ਪ੍ਰਭਾਵਿਤ ਕਰੇਗਾ। ਹੁਣ ਤਾਂ ਸਾਡੇ ਦੇਸ਼ ਦੇ ਰੀਜ਼ਰਵ ਬੈਂਕ ਆਫ ਇੰਡੀਆ (RBI) ਦੇ ਗਵਰਨਰ ਨੇ ਵੀ ਬਿਆਨ ਦਿੱਤਾ ਹੈ ਕਿ ਇਸ ਮਹਾਂਮਾਰੀ ਦਾ ਅਸਰ ਸਾਡੇ ਦੇਸ਼ ਦੀ ਅਰਥਕਤਾ 'ਤੇ ਬਹੁਤ ਬੁਰਾ ਪਵੇਗਾ ਅਤੇ ਇਸਤੋਂ ਸੰਭਲਣਾ ਸੌਖਾ ਨਹੀਂ ਹੋਵੇਗਾ।

ਮੁੱਕਦੀ ਗੱਲ ਇਹ ਹੈ ਕਿ ਸਾਡੇ ਦੇਸ਼ ਦੀ 40 ਕਰੋੜ ਕਾਮਾ ਸ਼ਕਤੀ ਤੰਗ ਹੈ, ਵਪਾਰ ਬੰਦ ਹੈ, ਉਤਪਾਦਨ ਬੰਦ ਹੈ।

ਉਤਪਾਦਨ ਬੰਦ ਹੋਣ ਕਰਕੇ ਉਤਪਾਦਨ ਵਿੱਚ ਲੱਗੀ ਕਾਮਾ ਸ਼ਕਤੀ ਪੈਸੇ-ਪੈਸੇ ਦੀ ਮੁਥਾਜ ਹੋਈ ਪਈ ਹੈ। ਜਦੋਂ ਕਾਮਾ ਸ਼ਕਤੀ ਦੀ ਹਾਲਤ ਇਹ ਹੋਵੇ ਤਾਂ ਉਹ ਕੀ ਖਰੀਦ ਸਕੂ ? ਇਸ ਲਈ ਸਾਡੇ ਦੇਸ਼ 'ਚ ਖਪਤ ਵਾਲੀਆਂ ਵਸਤਾਂ ਤਾਂ ਹਨ ਪਰ ਉਨ੍ਹਾਂ ਦੀ ਖਰੀਦ ਕਰਨ ਵਾਲਾ ਵਰਗ ਬਹੁਤ ਹੀ ਛੋਟਾ ਹੈ। ਇਹ ਹੀ ਸਰਮਾਏਦਾਰੀ ਦਾ ਸੰਕਟ ਹੁੰਦਾ ਹੈ। ਸਰਮਾਏਦਾਰੀ ਦਾ ਸੰਕਟ ਹਮੇਸ਼ਾ ਵਾਧੂ ਪੈਦਾਵਾਰ ਦਾ ਸੰਕਟ ਹੁੰਦਾ ਹੈ। ਜਦੋਂ ਸਰਮਾਏਦਾਰਾਂ ਦੀਆਂ ਪੈਦਾ ਕੀਤੀਆਂ ਵਸਤਾਂ ਦਾ ਢੇਰ ਲੱਗ ਜਾਵੇ ਪਰ ਉਸਨੂੰ ਖਰੀਦਣ ਵਾਲੇ ਲੋੜੀਂਦੀ ਗਿਣਤੀ 'ਚ ਨਾ ਹੋਣ ਤਾਂ ਸਰਮਾਏਦਾਰ ਪੈਦਾਵਾਰ ਕਿਸ ਆਸਰੇ ਕਰੂ ? ਅਜਿਹੀ ਹਾਲਤ ਦੇ ਬਣਨ 'ਤੇ ਜਦੋਂ ਪੈਦਾਵਾਰ ਰੁਕ ਜਾਂਦੀ ਹੈ ਤਾਂ ਸਰਮਾਏਦਾਰ ਲਈ ਪੈਸੇ ਲਗਾਉਣ(ਨਿਵੇਸ਼ ਕਰਨ) ਦੇ ਰਸਤੇ ਬੰਦ ਹੋ ਜਾਂਦੇ ਹਨ। ਇਹ ਹਾਲਤ ਆ ਜਾਣ ਤਾਂ ਸਰਮਾਏਦਾਰੀ ਸੰਕਟ 'ਚ ਆਉਂਦੀ ਹੈ। ਬੱਸ ਸਾਡੇ ਦੇਸ਼ ਦਾ ਅੱਜ ਇਹੋ ਹੀ ਹਾਲ ਹੈ।

ਅਸਲ ਵਿੱਚ ਸਰਮਾਏਦਾਰੀ ਪੈਦਾਵਾਰ ਵਧਾਉਣ ਲਈ ਪੈਦਾਵਾਰੀ ਸ਼ਕਤੀਆਂ (ਕਿਰਤੀਆਂ ਅਤੇ ਤਕਨੀਕ) ਨੂੰ ਵੱਡੇ ਪੱਧਰ 'ਤੇ ਵਿਕਸਤ ਕਰ ਲੈਂਦੀ ਹੈ। ਕਿਰਤੀਆਂ ਨੂੰ ਵਿਕਸਤ ਕਰਨ ਦਾ ਸਾਡਾ ਕਹਿਣ ਤੋਂ ਭਾਵ ਇਹ ਨਹੀਂ ਕਿ ਉਹ ਉਨ੍ਹਾਂ ਦਾ ਜੀਵਨ ਪੱਧਰ ਬਹੁਤ ਉੱਚਾ ਕਰ ਦਿੰਦੀ ਹੈ ਬਲਕਿ ਇਹ ਹੈ ਕਿ ਉਹ ਜਦੋਂ ਨਵੀਂ ਤੋਂ ਨਵੀਂ ਤਕਨੀਕ ਲਿਆਉਂਦੀ ਹੈ ਤਾਂ ਇਸਦੀ ਸਿਖਲਾਈ ਵੀ ਕਿਰਤੀਆਂ ਨੂੰ ਦਿੰਦੀ ਹੈ। ਨਵੀਂ ਤੋਂ ਨਵੀਂ ਤਕਨੀਕ ਨਾਲ ਕਿਰਤੀਆਂ ਨੂੰ ਬੇਰੁਜ਼ਗਾਰ ਵੀ ਕਰਦੀ ਜਾਂਦੀ ਹੈ। ਉਹ 10 ਕਿਰਤੀਆਂ ਦੀ ਥਾਂ ਥਾਂ 'ਤੇ 2 ਕਿਰਤੀਆਂ ਨੂੰ ਰੱਖਕੇ ਤਕਨੀਕ ਆਸਰੇ ਕੰਮ ਚਲਾਉਂਦੀ ਹੈ। ਸਰਮਾਏਦਾਰੀ ਦਾ ਉੱਲੂ ਤਾਂ ਸਿੱਧਾ ਰਹਿੰਦਾ ਹੈ ਭਾਵ ਉਸਦਾ ਮੁਨਾਫਾ ਤਾਂ ਵਧਦਾ ਜਾਂਦਾ ਹੈ ਪਰ ਕਾਮਾ ਸ਼ਕਤੀ ਗੁਰਬਤ ਵੱਲ ਧੱਕੀ ਤੁਰੀ ਜਾਂਦੀ ਹੈ। ਇਸਨੂੰ ਸਮਝਣ ਲਈ ਇੱਕ ਛੋਟੀ ਜਿਹੀ ਮਿਸਾਲ ਲੈਂਦੇ ਹਾਂ। ਜੇ.ਸੀ.ਬੀ.ਮਸ਼ੀਨਾਂ ਆ ਗਈਆਂ। ਉਹ ਇੱਕ ਦਿਨ 'ਚ ਮਿੱਟੀ ਦਾ ਖੁਦਾਈ ਦਾ ਕੰਮ ਇੰਨਾ ਕਰ ਦਿੰਦੀਆਂ ਹਨ ਜਿੰਨਾ 100 ਮਜ਼ਦੂਰ ਕਰ ਸਕਦੇ ਹਨ। ਉਸ'ਤੇ ਵੱਧ ਤੋਂ ਵੱਧ ਦੋ-ਤਿੰਨ ਕਾਮੇ ਹੁੰਦੇ ਹਨ। ਹੁਣ ਬਾਕੀ 98 ਕਾਮੇ ਤਾਂ ਵਿਹਲੇ ਹੋ ਗਏ। ਸਰਮਾਏਦਾਰ ਦਾ ਕੰਮ ਹੋ ਗਿਆ।

ਉਪਰੋਕਤ ਦੀ ਤਰ੍ਹਾਂ ਹਰ ਖੇਤਰ 'ਚ ਵਾਪਰਦਾ ਹੈ। ਨਵੀਂ ਤਕਨੀਕ ਆਉਣ 'ਤੇ ਕਾਮਾ ਸ਼ਕਤੀ ਵਿਹਲੀ ਹੋਈ ਜਾਂਦੀ ਹੈ। ਬੇਰੁਜ਼ਗਾਰੀ ਵਧਦੀ ਜਾਂਦੀ ਹੈ ਦੂਸਰੇ ਪਾਸੇ ਮੁੱਠੀ-ਭਰ ਸਰਮਾਏਦਾਰਾਂ ਕੋਲ ਧਨ-ਦੌਲਤ ਅਤੇ ਸੰਪਤੀ ਦਾ ਵਾਧਾ ਹੋਈ ਜਾਂਦਾ ਹੈ। ਗਰੀਬੀ-ਅਮੀਰੀ ਦਰਮਿਆਨ ਗੈਰ-ਬਰਾਬਰੀ ਵਧਦੀ ਜਾਂਦੀ ਹੈ।

ਉਪਰੋਕਤ ਵਰਤਾਰੇ ਕਰਕੇ ਹੀ "ਭਾਰਤ ਦੇ ਇੱਕ ਫੀਸਦੀ ਅਮੀਰਾਂ ਦੀ ਸੰਪਤੀ ਮੁਲਕ ਦੇ 70 ਫੀਸਦੀ ਯਾਨੀ 95.3 ਕਰੋੜ ਲੋਕਾਂ ਦੀ ਕਮਾਈ ਤੋਂ ਚਾਰ ਗੁਣਾਂ ਵੱਧ ਹੈ। ਨਵੇਂ ਅਧਿਐਨ ਮੁਤਾਬਕ ਸਾਰੇ ਭਾਰਤੀ ਅਰਬਪਤੀਆਂ ਦੀ ਕੁੱਲ ਸੰਪਤੀ ਪੂਰੇ ਸਾਲ ਦੇ ਬੱਜਟ ਤੋਂ ਵੀ ਵੱਧ ਹੈ। ਵਿਸ਼ਵ ਆਰਥਿਕ ਫੋਰਮ ਦੀ ਸਾਲਾਨਾ ਮੀਟਿੰਗ ਤੋਂ ਪਹਿਲਾਂ ਔਕਸਫੈਮ ਨੇ 'ਟਾਈਮ ਟੂ ਕੇਅਰ' ਅਧਿਐਨ ਜਾਰੀ ਕਰਦਿਆਂ ਕਿਹਾ ਕਿ ਦੁਨੀਆਂ ਦੇ 2153 ਅਰਬਪਤੀਆਂ ਕੋਲ 4.6 ਅਰਬ ਲੋਕਾਂ (ਕੁੱਲ ਆਬਾਦੀ ਦਾ 60 ਫੀਸਦੀ) ਦੀ ਕੁੱਲ ਆਮਦਨ ਤੋਂ ਵੱਧ ਜਾਇਦਾਦ ਹੈ। ਔਕਸਫੈਮ ਨੇ ਕਿਹਾ ਕਿ ਭਾਰਤ ਦੇ 63 ਅਰਬਪਤੀਆਂ ਦੀ ਕੁੱਲ ਸੰਪਤੀ ਮੁਲਕ ਦੇ ਵਿਤੀ ਵਰ੍ਹੇ 2018-19 ਦੇ ਬੱਜਟ 24,42,200 ਕਰੋੜ ਤੋਂ ਕਿਤੇ ਵੱਧ ਹੈ। ਰਿਪੋਰਟ 'ਚ ਆਲਮੀ ਪੱਧਰ 'ਤੇ ਨਾ-ਬਰਾਬਰੀ ਦੇ ਅੰਕੜਿਆਂ ਦਾ ਖੁਲਾਸਾ ਕੀਤਾ ਗਿਆ ਹੈ। ਪਿਛਲੇ ਇੱਕ ਦਹਾਕੇ 'ਚ ਅਰਬਪਤੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਸੋ ਭਾਵੇਂ ਵਾਤਾਵਰਣਕ ਪ੍ਰਦੂਸ਼ਣ ਦਾ ਸਵਾਲ ਹੋਵੇ ਤੇ ਭਾਵੇਂ ਬੇਰੁਜ਼ਗਾਰੀ, ਭੁੱਖਮਰੀ, ਮਨੁੱਖਾਂ ਦੇ ਉਜਾੜੇ ਦਾ ਸਵਾਲ ਹੋਵੇ ਇਸ ਵਿੱਚ ਸਮੁੱਚੀ ਮਨੁੱਖਤਾ ਦੋਸ਼ੀ ਨਹੀਂ ਹੁੰਦੀ। ਇਸ ਦਾ ਕਾਰਨ ਤੇ ਦੋਸ਼ ਸਰਮਾਏਦਾਰੀ ਦਾ ਸਰਮਾਏਦਾਰਾਨਾ ਪ੍ਰਬੰਧ ਹੁੰਦਾ ਹੈ ਕਿਉਂਕਿ ਸਰਮਾਏਦਾਰੀ ਨੂੰ ਮਨੁੱਖਤਾ ਨਾਲ ਕੋਈ ਲਗਾਅ ਹੋਣ ਦੀ ਥਾਂ ਸਿਰਫ ਤੇ ਸਿਰਫ ਮੁਨਾਫੇ ਦੀ ਲਲਕ ਹੁੰਦੀ ਹੈ। ਜੋਕਾਂ ਦੀ ਮਿਸਾਲ ਲਵੋ। ਜੇਕਰ ਜੋਕਾਂ ਚੇਤੰਨ ਹੋਣ ਤੇ ਉਨ੍ਹਾਂ ਨੂੰ ਇਹ ਅਧਿਕਾਰ ਦੇ ਦਿੱਤਾ ਜਾਵੇ ਕਿ ਉਹ ਕੋਈ ਕਾਨੂੰਨ ਬਣਾਉਣ ਤਾਂ ਕੀ ਉਹ ਅਜਿਹਾ ਕਾਨੂੰਨ ਬਣਾਉਣਗੀਆਂ ਕਿ ਉਹ ਅੱਗੇ ਤੋਂ ਮਨੁੱਖ ਦਾ ਖੂਨ ਨਹੀਂ ਪੀਣਗੀਆਂ ? ਨਹੀਂ, ਉਹ ਖੂਨ ਨਾ ਪੀਣ ਦਾ ਕਾਨੂੰਨ ਨਹੀਂ ਬਣਾਉਣਗੀਆਂ ਕਿਉਂਕਿ ਖੂਨ ਪੀਣ 'ਤੇ ਹੀ ਉਹ ਜ਼ਿੰਦਾ ਰਹਿੰਦੀਆਂ ਹਨ। ਇਸੇ ਤਰ੍ਹਾਂ ਸਰਮਾਏਦਾਰੀ ਲਈ ਮਨੁੱਖ ਦੀ ਲੁੱਟ ਕਰਕੇ ਮੁਨਾਫਾ ਕਮਾਉਣਾ ਹੀ ਇਸਦੀ ਸ਼ਾਹ-ਰਗ ਹੁੰਦੀ ਹੈ। ਇਸੇ ਲਈ ਸਰਮਾਏਦਾਰੀ ਇਸਤੋਂ ਉਲਟ ਚੱਲ ਹੀ ਨਹੀਂ ਸਕਦੀ।

ਗੱਲ ਖਤਮ ਕਰਨ ਤੋਂ ਪਹਿਲਾਂ ਇੱਕ ਗੱਲ ਹੋਰ ਕਰਦੇ ਹਾਂ। ਉਹ ਇਹ ਕਿ ਇਸ ਕਰੋਨਾ ਮਹਾਂਮਾਰੀ ਦੇ ਨਾਮ ਨਾਲ ਮੁਸਲਮਾਨ ਭਾਈਚਾਰੇ ਨੂੰ ਜੋੜਕੇ ਨਫਰਤ ਫੈਲਾਈ ਜਾ ਰਹੀ ਹੈ। ਉਹ ਇਉਂ ਕਿ ਇਸ ਭਾਈਚਾਰੇ ਨੇ ਦਿੱਲੀ ਦੇ ਨਿਜ਼ਾਮੂਦੀਨ ਇਲਾਕੇ 'ਚ ਆਪਣੀ ਜਮਾਤ ਲਾਈ ਜਿਸਨੂੰ

ਤਬਲੀਗੀ ਜਮਾਤ ਕਿਹਾ ਜਾਂਦਾ ਹੈ। ਉੱਥੇ ਹਜ਼ਾਰਾਂ ਦਾ ਇਕੱਠ ਕੀਤਾ ਗਿਆ। ਚਲੋ ਮੰਨ ਲਵੋ ਉੱਥੇ ਇਕੱਠ ਹੋਇਆ। ਕੀ ਉਦੋਂ ਸਰਕਾਰ ਸੁੱਤੀ ਪਈ ਸੀ ? ਉਸਨੇ ਇਹ ਇਕੱਠ ਹੋਣ ਹੀ ਕਿਉਂ ਦਿੱਤਾ ? ਕੀ ਕਰੋਨਾ ਦੀ ਮਹਾਂਮਾਰੀ ਨਾਲ ਫਿਰਕੂ ਜ਼ਹਿਰ ਨਾਲ ਲੜਿਆ ਜਾ ਸਕਦਾ ਹੈ ? ਹੁਣ ਨਫਰਤ ਭਰਿਆ ਮਾਹੌਲ ਇਸ ਤਰ੍ਹਾਂ ਦਾ ਬਣਾ ਦਿੱਤਾ ਹੈ ਕਿ ਪੰਜਾਬ ਜਿਹੇ ਸੂਬੇ ਅੰਦਰ ਗੁੱਜਰਾਂ ਨੂੰ ਕੋਈ ਢੋਈ ਨਹੀਂ ਦੇ ਰਿਹਾ। ਹਰ ਅਗਾਂਹਵਧੂ ਨੂੰ ਚੌਕਸ ਰਹਿੰਦਿਆਂ ਇਸ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ।

**ਸਬਕ:** ਮੁਕਦੀ ਗੱਲ ਇਹ ਹੈ ਕਿ ਸਰਮਾਏਦਾਰੀ ਪ੍ਰਬੰਧ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੁੰਦਾ ਹੈ। ਇਸ ਵਿੱਚ ਕਿਰਤੀਆਂ ਦਾ ਕਸੂਰ ਨਹੀਂ ਹੁੰਦਾ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇਹ ਬਿਆਨ ਕਿ ਉਹ ਕੁੱਲ ਅਮਰੀਕਾ ਦੀ ਆਰਥਿਕਤਾ ਨੂੰ ਇਸ ਜੀਵਾਣੂ ਪਿੱਛੇ ਕੁਰਬਾਨ ਕਰਨ ਨੂੰ ਤਿਆਰ ਨਹੀਂ ਕਿਉਂਕਿ ਇੱਥੇ ਤਾਂ ਹਰ ਸਾਲ ਠੰਢ-ਜ਼ੁਕਾਮ ਨਾਲ ਵੀ ਲੋਕ ਮਰ ਹੀ ਰਹੇ ਹਨ ਠੋਕਵਾਂ ਸਬੂਤ ਹੈ ਕਿ ਸਰਮਾਏਦਾਰੀ ਮਨੁੱਖਾਂ ਨੂੰ ਕੀ ਸਮਝਦੀ ਹੁੰਦੀ ਹੈ। ਸਰਮਾਏਦਾਰੀ ਤਾਂ ਕਿਰਤੀਆਂ ਨੂੰ ਸਿਰਫ ਉਥੋਂ ਤੱਕ ਤੇ ਉਦੋਂ ਤੱਕ ਹੀ ਜ਼ਿੰਦਾ ਰਹਿਣ ਜੋਗਰਾ ਕੁੱਝ ਦਿੰਦੀ ਹੈ ਜਿੱਥੋਂ ਤੱਕ ਅਤੇ ਜਦੋਂ ਤੱਕ ਉਸ ਲਈ ਉਹ ਮੁਨਾਫੇ ਦਾ ਸੰਦ ਬਣਿਆ ਰਹਿੰਦਾ ਹੈ।

**ਕਾਰਜ:** ਇਸ ਲਈ ਸਰਮਾਏਦਾਰੀ ਪ੍ਰਬੰਧ ਦੀ ਜਗ੍ਹਾ ਕਿਰਤੀ ਜਮਾਤ ਸਮਾਜਵਾਦੀ ਪ੍ਰਬੰਧ ਸਿਰਜਕੇ ਹੀ ਆਪਣਾ ਰਾਜ ਸਥਾਪਤ ਕਰਦਿਆਂ ਆਪਣੀ ਅਤੇ ਸਮੁੱਚੀ ਮਨੁੱਖਤਾ ਦੀ ਭਲਾਈ ਕਰ ਸਕਦੀ ਹੈ। ਜੇਕਰ ਕਿਰਤੀ ਜਮਾਤ ਇਸ ਵਿੱਚ ਕਾਮਯਾਬ ਨਹੀਂ ਹੁੰਦੀ ਤਾਂ ਸਰਮਾਏਦਾਰੀ ਤਾਂ ਇੱਥੇ ਸਮੁੱਚੀ ਮਨੁੱਖਤਾ ਦਾ ਸਰਵਨਾਸ਼ ਕਰਨ ਤੱਕ ਜਾ ਸਕਦੀ ਹੈ। ਜਿਵੇਂ ਉੱਘੇ ਮਾਰਕਸੀ ਚਿੰਤਕ ਅਤੇ ਮਾਰਕਸਵਾਦ ਦੇ ਵਿਆਖਿਆਕਾਰ Doug Lorimer ਨੇ ਆਪਣੀ ਕਿਤਾਬ "ਫੰਡਾਮੈਂਟਲਿਜ਼ਮ ਆਫ ਹਿਸਟੌਰੀਕਲ ਮੈਟੀਰੀਲਿਜ਼ਮ" ਵਿੱਚ ਲਿਖਿਆ ਹੈ ਕਿ "ਜੇਕਰ ਇਸ ਪ੍ਰਵਿਰਤੀ (ਸਰਮਾਏਦਾਰਾਨਾ-ਲੇਖਕ) ਨੂੰ ਇਸੇ ਰਸਤੇ ਵਹਿਣ 'ਤੇ ਅੱਗੇ ਵਧਦੇ ਰਹਿਣ ਦਿੱਤਾ ਜਾਂਦਾ ਹੈ ਤਾਂ ਵਾਤਾਵਰਣਿਕ ਨਿਘਾਰ ਕਾਰਨ ਮਨੁੱਖਤਾ ਦੀਆਂ ਪੈਦਾਵਾਰੀ ਸ਼ਕਤੀਆਂ ਖੜੋਤ ਤੇ ਤਬਾਹੀ ਦਾ ਸ਼ਿਕਾਰ ਹੋ ਜਾਣਗੀਆਂ ਜਿਸ ਕਾਰਨ ਪੂੰਜੀਵਾਦ ਢਹਿਢੇਰੀ ਹੋ ਕੇ ਇੱਕ ਨਵੇਂ ਕਿਸਮ ਦਾ ਵਹਿਸ਼ੀਪੁਣੇ ਦਾ ਰੂਪ ਅਖਤਿਆਰ ਕਰ ਲਵੇਗਾ ਜਾਂ ਇਹ ਵੀ ਹੋ ਸਕਦਾ ਹੈ ਕਿ - ਵਿਸ਼ਵ-ਵਿਆਪੀ ਐਟਮੀ ਭਾਂਬੜਾਂ ਕਾਰਨ- ਖੁਦ ਇਹ ਮਨੁੱਖੀ ਨਸਲ ਹੀ ਤਬਾਹ ਹੋ ਜਾਵੇ।

ਕਰੋਨਾ ਮਹਾਂਮਾਰੀ ਅੱਜ ਉਸ ਤਬਾਹੀ ਵੱਲ ਇਸ਼ਾਰਾ ਕਰ ਰਹੀ ਹੈ। ਇਸ ਲਈ ਸਮੁੱਚੀਆਂ ਲੋਕ-ਪੱਖੀ ਸ਼ਕਤੀਆਂ ਨੂੰ ਲੋਕਾਈ ਨੂੰ ਚੇਤੰਨ ਕਰਦਿਆਂ ਅਤੇ ਨਾਲ ਲੈਂਦਿਆਂ ਸਮਾਜਕ-ਪ੍ਰਬੰਧ ਦੀ ਤਬਦੀਲੀ ਵੱਲ ਵਧਣਾ ਚਾਹੀਦਾ ਹੈ।

**(ਅੰਕੜੇ ਅਤੇ ਹਵਾਲੇ ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)**

**98769-53561**

*ਪੰਨਾ 8 ਦਾ ਬਾਕੀ...*

ਵਾਲੀ ਗੜਵੀ ਦੇ ਮੂੰਹ ਉੱਪਰ ਮੂਧੀ ਮਾਰ ਕੇ ਚੰਗੀ ਤਰ੍ਹਾਂ ਦਬਾਅ ਕੇ ਰੱਖੋ। ਦੋਵੇਂ ਬਰਤਨ ਇਸ ਤਰ੍ਹਾਂ ਚਿਪਕ ਜਾਣਗੇ ਕਿ ਕਾਫੀ ਜੋਰ ਲਾਉਣ ਦੇ ਬਾਅਦ ਹੀ ਅਲੱਗ ਹੋ ਸਕਣਗੇ। ਕਾਰਣ ਇਹ ਹੋਵੇਗਾ ਕਿ ਗੜਵੀਆਂ ਦੇ ਅੱਗ ਬਾਲਣ ਨਾਲ ਹਵਾ ਵਿਚਲੀ ਆਕਸੀਜਨ ਬਲ ਕੇ ਖਤਮ ਹੋ ਜਾਵੇਗੀ ਤੇ ਕੁੱਝ ਹਵਾ ਗਰਮ ਹੋ ਕੇ ਬਾਹਰ ਨਿਕਲ ਜਾਵੇਗੀ। ਇਸ ਤਰ੍ਹਾਂ ਬਰਤਨਾਂ ਦੇ ਅੰਦਰ ਕੁਝ ਖਲਾਅ ਪੈਦਾ ਹੋ ਜਾਵੇਗਾ ਅਤੇ ਇਸਨੂੰ ਭਰਨ ਲਈ ਬਾਹਰਲੀ ਹਵਾ ਦਾ ਜ਼ੋਰਦਾਰ ਦਬਾਅ ਬਰਤਨਾਂ ਨੂੰ ਆਪਸ ਵਿੱਚ ਚਿਪਕਾਈ ਰੱਖੇਗਾ। ਸੰਨ 1650 ਵਿੱਚ ਮੈਗਡੀਬਰਗ ਦੇ ਗੋਲਿਆਂ ਦਾ ਕੀਤਾ ਹੋਇਆ ਤਜ਼ਰਬਾ ਵੀ ਇਸੇ ਨਿਯਮ ਦੀ ਪੁਸ਼ਟੀ ਹੀ ਕਰਦਾ ਹੈ ਜਿਸ ਵਿੱਚ ਆਪਸ ਵਿੱਚ ਚਿਪਕੇ ਲੋਹੇ ਦੇ ਅਰਧ ਗੋਲਿਆਂ ਨੂੰ ਵੱਖ ਕਰਨ ਲਈ 16 ਘੋੜਿਆਂ ਦੀ ਤਾਕਤ ਦੀ ਲੋੜ ਪਈ ਸੀ।

**98556-56156**

## ਯੂਨੀਵਰਸਿਟੀ ਆਫ਼ ਹਾਂਗਕਾਂਗ 'ਚ ਨਵੇਂ ਕਰੋਨਾਵਾਇਰਸ ਬਾਰੇ ਅਧਿਐਨ

ਨਵਾਂ ਕਰੋਨਾਵਾਇਰਸ ਜੋ ਕਿ ਕੋਵਿਡ-19 ਨੂੰ ਫੈਲਾਉਂਦਾ ਹੈ, ਮਾਸਕ ਉੱਤੇ ਵੀ ਕਰੀਬ ਹਫ਼ਤਾ ਟਿਕਿਆ ਰਹਿ ਸਕਦਾ ਹੈ, ਨੋਟਾਂ 'ਤੇ ਇਹ ਕਈ ਦਿਨ ਠਹਿਰ ਸਕਦਾ ਹੈ। ਅਧਿਐਨ ਮੁਤਾਬਕ ਕੋਵਿਡ-19 ਵਾਇਰਸ ਸਟੇਨਲੈੱਸ ਸਟੀਲ ਤੇ ਪਲਾਸਟਿਕ 'ਤੇ ਚਾਰ ਦਿਨਾਂ ਤੱਕ ਰਹਿੰਦਾ ਹੈ। ਫੇਸ ਮਾਸਕ ਦੀ ਬਾਹਰੀ ਪਰਤ 'ਤੇ ਇਹ ਹਫ਼ਤਾ ਟਿਕਿਆ ਰਹਿ ਸਕਦਾ ਹੈ। ਇਹ ਅਧਿਐਨ ਯੂਨੀਵਰਸਿਟੀ ਦੇ ਜਨਤਕ ਸਿਹਤ ਵਿਭਾਗ ਦੀ ਲਿਓ ਪੂਨ ਲਿਟਮੈਨ ਤੇ ਮੈਲਿਕ ਪੀਰੀਸ ਨੇ ਕੀਤਾ ਹੈ। ਉਨ੍ਹਾਂ ਅਧਿਐਨ ਵਿੱਚ ਜਾਂਚਿਆ ਕਿ ਆਮ ਤਾਪਮਾਨ (ਰੂਮ ਟੈਂਪਰੇਚਰ) 'ਚ ਵਾਇਰਸ ਵੱਖ-ਵੱਖ ਤਰ੍ਹਾਂ ਦੇ ਧਰਾਤਲ 'ਤੇ ਕਿੰਨਾ ਚਿਰ ਟਿਕਦਾ ਹੈ। ਪ੍ਰਿੰਟੇਡ ਸਮੱਗਰੀ ਤੇ ਟਿਸ਼ੂ ਪੇਪਰ 'ਤੇ ਇਹ ਤਿੰਨ ਘੰਟੇ ਤੱਕ, ਲੱਕੜ ਦੀ ਸਮੱਗਰੀ ਤੇ ਕੱਪੜਿਆਂ ਉੱਤੋਂ ਦੂਜੇ ਦਿਨ ਗਾਇਬ ਹੋ ਜਾਂਦਾ ਹੈ। ਗਲਾਸ 'ਤੇ ਵੀ ਇਹ ਚਾਰ ਦਿਨ ਤੱਕ ਰਿਹਾ। ਮਾਸਕ 'ਤੇ ਕਈ ਵਾਰ ਇਹ ਸੱਤ ਦਿਨ ਤੋਂ ਵੀ ਵੱਧ ਸਮਾਂ ਟਿਕਿਆ ਹੈ।

## ਸਲਾਮ ਕਿਊਬਾ

ਦੋਸਤੋ, ਛੋਟਾ ਜਿਹਾ ਦੇਸ ਹੈ ਕਿਊਬਾ। ਜਿੱਥੇ ਨਰਸਰੀ ਤੋਂ ਪੜ੍ਹਾਈ ਮੁਫਤ ਹੈ। ਜਿੱਥੇ ਹਰ ਨਾਗਰਿਕ ਦਾ ਇਲਾਜ ਮੁਫਤ ਹੈ। ਕਿਊਬਾ ਦਾ ਸਿਹਤ ਤੰਤਰ ਦੁਨੀਆਂ ਦੇ ਬੇਹਤਰੀਨ ਸਿਹਤ ਤੰਤਰਾਂ 'ਚੋਂ ਇਕ ਗਿਣਿਆ ਜਾਂਦਾ ਹੈ। ਕਿਊਬਾ ਵਿੱਚ



ਲਗਭਗ 70 ਲੋਕਾਂ 'ਤੇ ਇੱਕ ਡਾਕਟਰ ਹੈ। (ਜਦ ਕਿ ਭਾਰਤ ਵਿਚ 1457 ਲੋਕਾਂ ਪਿੱਛੇ) ਦੁਨੀਆਂ ਵਿੱਚ ਜਦ ਵੀ ਕਿਤੇ ਸਿਹਤ ਐਮਰਜੈਂਸੀ ਹੁੰਦੀ ਹੈ ਤਾਂ ਕਿਊਬਾ ਦੇ ਡਾਕਟਰ ਤੇ ਨਰਸਾਂ ਹਰੇਕ ਥਾਂ ਆਪਣੀਆਂ ਸੇਵਾਵਾਂ ਦੇਣ ਜਾਂਦੇ ਹਨ। ਇਹ ਸਬਕ ਉਨ੍ਹਾਂ ਆਪਣੇ ਨੇਤਾਵਾਂ ਚੀ ਗਵੇਰਾ ਅਤੇ ਫ਼ੀਦੇਲ ਕਾਸਤਰੋ ਤੋਂ ਲਿਆ ਹੈ। ਜਿੱਥੇ 90% ਲੋਕ ਨਾਸਤਿਕ ਹਨ। ਇਸ ਮਹਾਨ ਦੇਸ ਨੇ ਵਿਸਵ ਦੇ ਚੋਟੀ ਦੇ ਡਾਕਟਰ ਪੈਦਾ ਕੀਤੇ ਹਨ। ਹੁਣ ਇਸ ਸੰਕਟ ਦੀ ਘੜੀ ਵਿੱਚ ਇਥੋਂ ਦੇ ਡਾਕਟਰ ਇਟਲੀ ਵੀ ਗਏ ਹਨ। ਕਿਊਬਾ ਦੇ ਰਾਸ਼ਟਰਪਤੀ ਮਿਗੇਲ ਡਿਆਸ ਕਾਨੇਲ ਦਾ ਕਹਿਣਾ ਹੈ ਕਿ "ਅਸੀਂ ਬੰਬ ਨਹੀਂ ਬਣਾਏ, ਅਸੀਂ ਨਿਊਕਲੀਅਰ ਬੰਬ ਨਹੀਂ ਗਿਰਾਏ, ਅਸੀਂ ਆਪਣੇ ਦੇਸ਼ ਵਿੱਚ ਡਾਕਟਰ ਬਣਾਏ ਹਨ, ਜੋ ਹੁਣ ਪੂਰੀ ਮਾਨਵਤਾ ਦੀ ਸੇਵਾ ਵਿਚ ਹਾਜਰ ਹਨ।

## ਸੂਹਾ ਗੁਲਾਬ



ਚੀ ਗਵੇਰਾ ਇੱਕ ਨਾਮ ਨਹੀਂ ਸੀ ਕੇਵਲ
ਉਹ ਤਾਂ ਝੁੱਗੀਆਂ ਵਿਚ ਰਚੀ
ਇਰਾਦੇ ਦੀ ਲੜਨ ਭਾਵਨਾ ਸੀ
ਉਹ ਤਾਂ ਸੂਰਜ ਦੀ ਨਿੱਘ-ਭਰੀ ਧੁੱਪ ਸੀ
ਉਹ ਤਾਂ ਹੱਕ ਲਈ ਡੁੱਲ੍ਹੇ ਲਹੂ 'ਚੋਂ
ਖਿੜਿਆ ਸੱਜਰ ਸੂਹਾ ਗ਼ੁਲਾਬ ਸੀ।

**ਹਰਭਜਨ ਸਿੰਘ ਹੁੰਦਲ**

## ਚਾਨਣ ਰੰਗੇ ਕਥਨ : ਪਰਮਿੰਦਰ ਸੋਢੀ



**ਤੁਹਾਡਾ ਸਭ ਤੋਂ ਪਿਆਰਾ ਸੁਪਨਾ ਜਿਹੜਾ ਅੱਜ ਤੱਕ ਆਇਆ ਹੀ ਨਹੀਂ ?**

-ਬਰਾਬਰੀ ਅਤੇ ਇਨਸਾਫ਼ ਭਰੇ ਸਮਾਜ ਦਾ ਸੁਪਨਾ

**ਅੱਜ ਤੱਕ ਅਨਿਆਂ ਦੇ ਖਿਲਾਫ਼ ਕਿਸ ਰੂਪ ਵਿੱਚ ਆਵਾਜ਼ ਉਠਾਈ ਹੈ ?**

-ਮਨੁੱਖਤਾ ਦੇ ਉਚੇਰੇ ਗੁਣਾਂ ਬਾਰੇ ਲਿਖਕੇ, ਲੇਖਣੀ ਵਿੱਚ 'ਸਤਿਅਮ ਸ਼ਿਵਮ ਸੁੰਦਰਮ' ਉਪਰ ਫ਼ੋਕਸ ਕਰਕੇ ਸਾਹਿਤ ਅਤੇ ਨਿੱਜੀ ਜੀਵਨ ਵਿੱਚ ਹਰ ਤਰ੍ਹਾਂ ਦੀ ਵਿਤਕਰੇਬਾਜ਼ੀ ਨੂੰ ਨਕਾਰ ਕੇ, ਨੇਕ ਧਿਰਾਂ ਨਾਲ ਖੜ੍ਹਕੇ

**ਜੇਕਰ ਸੰਘਰਸ਼ ਦੀ ਕਹਾਣੀ ਦੋ ਲਾਈਨਾਂ ਵਿੱਚ ਕਹਿਣੀ ਹੋਵੇ ਤਾਂ ਕਿਵੇਂ ਕਹੋਗੇ ?**

-ਪਹਿਲਾ, ਆਰਥਿਕ ਲੁੱਟ ਕਰਨ ਵਾਲਿਆਂ ਤੇ ਲੁੱਟੇ ਜਾਣ ਵਾਲਿਆਂ ਵਿਚਕਾਰਲਾ ਸੰਘਰਸ਼ ਹੈ ਦੂਜਾ, ਇਨਸਾਫ਼ ਅਤੇ ਬੇਇਨਸਾਫ਼ੀ ਵਿਚਲਾ ਸੰਘਰਸ਼ ਹੈ ਮਨੁੱਖਤਾ ਦਾ ਸਮੁੱਚਾ ਇਤਿਹਾਸ ਹੀ ਇਨ੍ਹਾਂ ਦੋ ਤਰ੍ਹਾਂ ਦੇ ਸੰਘਰਸ਼ਾਂ ਦੀ ਕਹਾਣੀ ਹੈ

**(ਪ੍ਰਵਾਸੀ ਪੰਜਾਬੀ ਸ਼ਾਇਰ ਤੇ ਸਾਹਿਤਕਾਰ)**

ਪੇਸ਼ਕਸ਼: ਦਰਸ਼ਨ ਦਰਵੇਸ਼

*ਮਿੰਨੀ ਕਹਾਣੀ*

## ਬੋਝ

ਜੈਲੀ ਸਵੇਰੇ-ਸਵੇਰੇ ਟੀ.ਵੀ. ਤੋਂ ਕਰਫਿਊ ਬਾਰੇ ਖਬਰਾਂ ਸੁਣ ਫਿਰ ਅਖਬਾਰ ਵਿੱਚੋਂ ਜੋਤਿਸ਼ੀ ਦੁਆਰਾ ਮਾਣ-ਸਤਿਕਾਰ ਵਿੱਚ ਵਾਧੇ ਵਾਲੀ ਰਾਸ਼ੀ ਪੜ੍ਹ ਮੋਟਰ ਸਾਈਕਲ 'ਤੇ ਖਾਲੀ ਗੈਸ ਸਿਲੰਡਰ ਚੁੱਕ ਸ਼ਹਿਰ ਵੱਲ ਰਵਾਨਾ ਹੋਇਆ। ਸ਼ਹਿਰ ਵੜਦੇ ਹੀ ਪੁਲਿਸ ਵਲੋਂ ਹੋਏ ਮਾਣ ਸਤਿਕਾਰ ਦੇ ਬੋਝ ਨਾਲ ਦੱਬੇ ਜੈਲੀ ਨੇ ਘਰ ਆ ਕੇ ਸਭ ਤੋਂ ਪਹਿਲਾਂ ਅਖਬਾਰ ਵਿੱਚੋਂ ਰਾਸ਼ੀਫਲ ਵਾਲਾ ਕੋਨਾ ਪਾੜ ਕੇ ਕੂੜੇ ਵਿੱਚ ਸੁੱਟਿਆ ਅਤੇ ਸਾਲਾਂ ਤੋਂ ਜੋਤਿਸ ਦੇ ਚੁੱਕੇ ਬੋਝ ਤੋਂ ਆਪਣੇ ਆਪ ਨੂੰ ਮੁਕਤ ਕਰ ਲਿਆ।



**ਡਾ. ਅਵਤਾਰ ਸਿੰਘ ਢੀਂਡਸਾ**

## ਤੂੰ, ਉਦਾਸੇ ਸੁਪਨਿਆਂ ਨੂੰ ਖੰਭ ਲਾ, ਆਕਾਰ ਦੇ।...ਗੁਰਦਿਆਲ ਰੌਸ਼ਨ

# ਸੱਭਿਅਤਾ ਦੀ ਸ਼ੁਰੂਆਤ

*ਫਰਾਂਸਿਸਕੋ ਕਿਊਰੇਟ/ਇਰਾ ਬਿਐਕ*



ਬੜੇ ਸਾਲ ਪਹਿਲਾਂ, ਐਂਥਰੋਪੌਲੋਜਿਸਟ (ਮਾਨਵ ਵਿਗਿਆਨੀ) ਮਾਰਗਰੇਟ ਮੀਡ ਨੂੰ ਇਕ ਵਿਦਿਆਰਥੀ ਨੇ ਸਵਾਲ ਕੀਤਾ ਕਿ ਉਸ ਦੇ ਖਿਆਲ ਮੁਤਾਬਕ ਕਿਸੇ ਸੱਭਿਆਚਾਰ ਵਿਚ ਸੱਭਿਅਤਾ ਦਾ ਪਹਿਲਾ ਨਿਸ਼ਾਨ ਕੀ ਮੰਨਿਆ ਜਾ ਸਕਦਾ ਹੈ। ਵਿਦਿਆਰਥੀ ਦਾ ਖਿਆਲ ਸੀ ਕੀ ਮਾਰਗਰੇਟ ਮੱਛੀਆਂ ਫੜਨ ਦੇ ਕਾਂਟਿਆਂ, ਮਿੱਟੀ ਦੇ ਭਾਂਡਿਆਂ ਜਾਂ ਸਾਣ ਚਾੜ੍ਹਨ ਵਾਲੇ ਪੱਥਰਾਂ ਦਾ ਨਾਂ ਲਵੇਗੀ।

ਪਰ ਨਹੀਂ। ਮੀਡ ਨੇ ਕਿਹਾ ਕਿ ਕਿਸੇ ਪ੍ਰਾਚੀਨ ਸੱਭਿਆਚਾਰ ਵਿਚ ਸੱਭਿਅਤਾ ਦਾ ਪਹਿਲਾ ਨਿਸ਼ਾਨ ਸੀ ਪੱਟ ਦੀ ਉਹ ਹੱਡੀ, ਜਿਹੜੀ ਟੁੱਟ ਗਈ ਸੀ ਤੇ ਫਿਰ ਜੁੜ ਵੀ ਗਈ। ਉਨ੍ਹਾਂ ਕਿਹਾ ਕਿ ਪ੍ਰਾਣੀ-ਜਗਤ ਵਿਚ ਜੇ ਤੁਹਾਡੀ ਲੱਤ ਟੁੱਟ ਗਈ ਤਾਂ ਮਤਲਬ ਤੁਸੀਂ ਮਰ ਗਏ। ਤੁਸੀਂ ਖਤਰੇ ਤੋਂ ਬਚਣ ਲਈ ਭੱਜ ਨਹੀਂ ਸਕਦੇ, ਪਾਣੀ ਪੀਣ ਲਈ ਦਰਿਆ 'ਤੇ ਨਹੀਂ ਜਾ ਸਕਦੇ ਤੇ ਨਾ ਹੀ ਖਾਣ ਲਈ ਸ਼ਿਕਾਰ ਕਰ ਸਕਦੇ ਹੋ। ਤੁਸੀਂ ਛੇਤੀ ਹੀ ਸ਼ਿਕਾਰੀ ਜਾਨਵਰਾਂ ਦੀ ਖੁਰਾਕ ਬਣ ਜਾਵੋਗੇ। ਕੋਈ ਜਾਨਵਰ ਟੁੱਟੀ ਲੱਤ ਨਾਲ ਇੰਨਾ ਚਿਰ ਜਿੰਦਾ ਨਹੀਂ ਰਹਿ ਸਕਦਾ ਕਿ ਉਸ ਦੀ ਲੱਤ ਦੀ ਹੱਡੀ ਜੁੜ ਜਾਵੇ।

ਲੱਤ ਜੁੜ ਜਾਣੀ ਇਸ ਗੱਲ ਦਾ ਸਬੂਤ ਸੀ ਕਿ ਕੋਈ ਹੋਰ ਇਨਸਾਨ ਸਮਾਂ ਕੱਢ ਕੇ ਟੁੱਟੀ ਲੱਤ ਵਾਲੇ ਦੀ ਮਦਦ ਕਰ ਰਿਹਾ ਸੀ। ਉਸ ਦੇ ਜਖਮ (ਟੁੱਟੀ ਹੱਡੀ) ਨੂੰ ਬੰਨ੍ਹਿਆ, ਜਖਮੀ ਨੂੰ ਸਹਾਰਾ ਦੇ ਕੇ ਸੁਰੱਖਿਅਤ ਥਾਂ ਪਹੁੰਚਾਇਆ ਅਤੇ ਠੀਕ ਹੋ ਜਾਣ ਤੱਕ ਉਸ ਦੀ ਤੀਮਾਰਦਾਰੀ ਕੀਤੀ। ਮਾਰਗਰੇਟ ਨੇ ਕਿਹਾ, "ਔਖੇ ਵੇਲੇ ਕਿਸੇ ਦੀ ਮਦਦ ਕਰਨ ਤੋਂ ਹੀ ਸੱਭਿਅਤਾ ਦਾ ਮੁੱਢ ਬੱਝਦਾ ਹੈ।"

ਅਸੀਂ ਸਭ ਤੋਂ ਚੰਗੇ ਇਨਸਾਨ ਉਦੋਂ ਹੀ ਹੁੰਦੇ ਹਾਂ, ਜਦੋਂ ਅਸੀਂ ਹੋਰਨਾਂ ਦੀ ਸੇਵਾ ਕਰਦੇ ਹਾਂ। ਇਸ ਲਈ ਸੱਭਿਅਕ ਬਣੋ।



**ਪੇਸ਼ਕਸ਼: ਡਾ. ਨਵਸ਼ਰਨ**

# ਵਿਰਸਾ

ਆਪਣੇ ਬਚਪਨ ਤੋਂ ਵੱਡੀ ਦਾਤ ਸਾਨੂੰ ਵਿਰਸੇ ਵਿੱਚ ਮਿਲਦੀ ਹੈ ਕਿ ਅਸੀਂ ਆਪਣੇ ਚੁਫ਼ੇਰੇ ਦੀ ਦੁਨੀਆ ਨੂੰ ਵੇਖ ਕੇ ਅਸਚਰਜਤਾ ਨਾਲ਼ ਭਰ ਜਾਂਦੇ ਹਾਂ। ਜਿਹੜਾ ਇਸ ਦਾਤ ਨੂੰ ਸਾਂਭ ਕੇ ਰੱਖਦਾ ਹੈ, ਉਹ ਵੱਡਾ ਹੋ ਕੇ ਕਵੀ ਜਾਂ ਲੇਖਕ ਬਣ ਜਾਂਦਾ ਹੈ, ਤੇ ਦੋਵਾਂ ਵਿਚਕਾਰ ਅਖ਼ੀਰ ਵਿੱਚ ਜਾ ਕੇ ਕੋਈ ਵਧੇਰੇ ਫ਼ਰਕ ਨੀ ਰਹਿੰਦਾ। ਹਰ ਚੀਜ਼ ਵਿੱਚ ਨਵੀਨਤਾ ਲੱਭਣ ਦਾ ਯਤਨ, ਇੱਕ ਵਧੀਆ ਉਪਜਾਊ ਧਰਤੀ ਵਾਂਗ ਹੈ, ਜਿਸ ਵਿੱਚ ਕਲਾ ਜਨਮ ਲੈ ਕੇ ਪ੍ਰਵਾਨ ਚੜ੍ਹਦੀ ਹੈ।

**-ਕੇ.ਪੌਸਤੋਵਸਕੀ ( ਸੁਨਿਹਰਾ ਗੁਲਾਬ )**

## ਨਸ਼ਤਰਾਂ

ਨਿੱਤ ਜੁਮਲੇ ਤੇ ਜੁਮਲੇ ਛੱਡਦੇ
ਅੱਖੀਂ ਘੱਟਾ ਪਾਉਣ ਜਾਣਦੇ

***

ਸੋਨਾ ਮੰਗਦੀ ਭਾਰਤ ਹੈ ਮਾਤਾ
ਤੀਜਾ ਸੱਦਾ ਆਉਣ ਵਾਲਾ ਹੈ !

***

ਰਾਜਾ ਆਖਦੈ ਕਰੋਨਾ ਸ਼ੁੱਭ ਮੌਕਾ
'ਮੇਕ ਇਨ ਇੰਡੀਆ' ਲਈ

***

ਕਿਹੜਾ ਸਾਈਮਨ ਕਮਿਸਨ ਕਰੋਨਾ
ਕਿਵੇਂ ਗੋ ਬੈਕ ਕਰਨਾ

***

ਰੁੱਤ ਸੋਗ ਦੀ 'ਚ ਜਸ਼ਨ ਮਨਾ ਕੇ
ਹਾਕਮ ਵਧਾਈਆਂ ਵੰਡਦੇ

***

ਓਟ ਲੈ ਕੇ ਕਰੋਨਾ ਦੇ ਹਨੇਰੇ ਦੀ
ਬੁੱਧੀਜੀਵੀ ਜੇਲ੍ਹੀਂ ਡੱਕਦੇ।

***

ਬਣ ਚੇਤਨਾ ਦੀਆਂ ਮੋਮਬੱਤੀਆਂ
ਜਿੱਤ ਲਾਂਗੇ ਜੰਗ ਹਾਣੀਆਂ



**ਅਮੋਲਕ ਸਿੰਘ**

*ਕਹਾਣੀ*

# ਚਾਨਣ



**ਜੁਝਾਰ ਲੌਂਗੋਵਾਲ**

ਖੰਘਦੇ ਖੰਘਦੇ ਚਰਨਾ ਸਿੰਘ ਨੇ ਕਸਬੇ ਦੇ ਮਸ਼ਹੂਰ ਡੇਰੇ ਦੇ ਗੇਟ ਵਿੱਚ ਅਜੇ ਪੈਰ ਹੀ ਪਾਏ ਸਨ ਕਿ ਗੇਟ 'ਤੇ ਖੜੇ ਦੋ ਸੇਵਾਦਾਰਾਂ ਨੇ ਦੂਰੋਂ ਹੀ ਅੰਦਰ ਨਾ ਆਉਣ ਦਾ ਇਸ਼ਾਰਾ ਕੀਤਾ ਤੇ ਉਹ ਉੱਥੇ ਹੀ ਰੁਕ ਗਿਆ। ਚਰਨਾ ਸਿੰਘ ਡੇਰੇ ਦਾ ਪੱਕਾ ਭਗਤ ਸੀ, ਉਹ ਵੇਲੇ ਕੁਵੇਲੇ ਡੇਰੇ ਵਿੱਚ ਸੇਵਾ ਜਰੂਰ ਕਰਦਾ। ਡੇਰੇ ਦੇ ਬਾਬੇ ਸੈਂਭੀ ਦੀ 'ਰਚਨਾ' ਦੀ ਕਦੀ ਉਹ ਮਹਿਮਾ ਗਾਉਂਦਾ ਨਾ ਥੱਕਦਾ, ਲੱਤਾਂ ਦਬਾਉਂਦਾ ਤੇ ਜਿੱਥੇ ਬੈਠਦਾ ਪ੍ਰਚਾਰ ਵੀ ਕਰਦਾ। ਉਹਦੀ ਨਜ਼ਰ ਵਿੱਚ ਬਾਬਾ ਚਮਤਕਾਰੀ ਤੇ ਅਥਾਹ ਅਲੌਕਿਕ ਸ਼ਕਤੀਆਂ ਦਾ ਮਾਲਕ ਸੀ। ਬਾਬੇ ਦੇ 'ਕੌਤਕਾਂ' ਦੀਆਂ ਡੇਰੇ ਵਿੱਚ ਸੁਣਾਈਆਂ ਜਾਂਦੀਆਂ ਕਹਾਣੀਆਂ ਸੁਣ ਕੇ ਉਹ ਅਸ ਅਸ ਕਰ ਉੱਠਦਾ। ਬਸ ਉਹ ਬਾਬੇ ਦੀ ਸੁਵੱਲੀ ਨਜ਼ਰ ਪੈਣ ਲਈ ਉਸਦੀਆਂ ਨਜ਼ਰਾਂ ਮੂਹਰੇ ਰਹਿਣ ਦੀ ਕੋਸ਼ਿਸ਼ ਕਰਦਾ ਕਿ ਕਦ ਉਸ ਦੇ ਪਰਿਵਾਰ ਦੀ ਗਰੀਬੀ, ਤੰਗੀਆਂ ਤੁਰਸੀਆਂ ਕੱਟੀਆਂ ਜਾਣ। ਹੁਣ ਉਹ ਕਈ ਦਿਨਾਂ ਤੋਂ ਬੁਖਾਰ ਅਤੇ ਖੰਘ ਨਾਲ ਬੇਹਾਲ ਹੋਇਆ ਪਿਆ ਸੀ, ਸਰੀਰ ਵਿੱਚ ਅੰਤਾਂ ਦੇ ਦਰਦ ਦਾ ਭੰਨਿਆ ਉਹ ਘਰੇ ਹੀ ਮੰਜੇ ਵਿੱਚ ਬੇਜਾਨ ਹੋਇਆ ਪਿਆ ਸੀ। ਅੱਜ ਕਿਵੇਂ ਨਾ ਕਿਵੇਂ ਉਹ ਹਿੰਮਤ ਕਰਕੇ ਡੇਰੇ ਵਿੱਚ ਸੈਂਭੀ ਬਾਬੇ ਤੋਂ ਅਸ਼ੀਰਵਾਦ ਲੈਣ ਲਈ ਆ ਗਿਆ ਤਾਂ ਜੋ ਬਿਮਾਰੀ ਤੋਂ ਖਹਿੜਾ ਛੁੱਟੇ, ਕਿਉਂ ਜੋ ਬਾਬਾ ਅਨੇਕਾਂ ਨੂੰ ਹੱਥ ਲਾ ਕੇ ਠੀਕ ਕਰ ਦਿੰਦਾ ਸੀ, ਉਹ ਕਿਹੜੀ ਬਿਮਾਰੀ ਸੀ, ਸ਼ੂਗਰ ਤੋਂ ਲੈ ਕੇ ਕੈਂਸਰ ਦੇ ਮਰੀਜ ਬਾਬੇ ਤੋਂ ਚਮਤਕਾਰੀ ਹਥੌਲਾ ਪਵਾਉਣ ਲਈ ਆਉਂਦੇ। ਸੇਵਾਦਾਰ ਉਸਦੇ ਚੰਗੇ ਜਾਣੂ ਵੀ ਸਨ ਤੇ ਉਹ ਅੱਜ ਰੋਕ ਰਹੇ ਸਨ। ਉਹ ਬੜਾ ਹੈਰਾਨ ਸੀ।

''ਚਰਨਿਆ ਗਾਹਾਂ ਪੈਰ ਨਾ ਵਧਾਈਂ'', ਸੋਟੀਆਂ ਖੜਕਾਉਂਦਿਆਂ ਨੇ ਉੱਚੀ ਆਵਾਜ਼ ਵਿੱਚ ਕਿਹਾ।

"ਕਿਉਂ ? ਕੀ ਗੱਲ ਹੋ ਗਈ, ਮੈਂ ਤਾਂ ਬਾਬੇ ਦਾ ਪੱਕਾ ਸ਼ਰਧਾਲੂ ਹਾਂ, ਬਾਬੇ ਦੇ ਦਰਸ਼ਨ ਕਰਨ ਆਇਆ, ਨਾਲੇ ਤਾਪ ਖੰਘ ਨੇ ਸਰੀਰ ਦੱਬ ਰੱਖਿਐ, ਬਾਬਾ ਸਿਰ 'ਤੇ ਹੱਥ ਧਰਦੇ ਤੇ ਕੁੱਝ ਤੁਰਦਾ ਫਿਰਦਾ ਹੋਵਾਂ'', ਚਰਨੇ ਨੇ ਬਿਮਾਰੀ ਦੀ ਮਾਰ ਦਾ ਤਰਲਾ ਪਾਇਆ।

"ਤੈਨੂੰ ਪਤਾ ਨੀ ਮੁਲਕ ਵਿੱਚ ਕਰੋਨਾ ਦੀ ਬਿਮਾਰੀ ਫੈਲੀ ਹੋਈਐ, ਪਹਿਲਾਂ ਤੇਰਾ ਤਾਪ ਮਸ਼ੀਨ ਨਾਲ ਚੈੱਕ ਕਰਾਂਗੇ। ਤੈਨੂੰ ਤਾਂ ਖੰਘ ਵੀ ਬਹੁਤ ਭੈੜੀ ਚਿੰਬੜੀ ਲੱਗਦੀ ਐ'', ਇੱਕ ਸੇਵਾਦਾਰ ਬੋਲਿਆ।

"ਕਮਾਲ ਦੀ ਗੱਲ ਐ, ਮੇਰੇ ਵਾਰੀ ਕਰੋਨਾ ਬਾਬੇ ਤੋਂ ਵੀ ਵੱਡਾ ਹੋ ਗਿਆ ਹੁਣ ?" ਉਸਨੂੰ ਬੇਚੈਨੀ ਹੋ ਰਹੀ ਸੀ। ਉਹਦੀ ਸ਼ਰਧਾ ਅਤੇ ਵਿਸ਼ਵਾਸ 'ਤੇ ਜਿਵੇਂ ਹਥੌੜਾ ਵੱਜਿਆ ਹੋਵੇ।

ਇੱਕ ਸੇਵਾਦਾਰ ਨੇ ਇੱਕ ਛੋਟੀ ਜਿਹੀ ਮਸ਼ੀਨ ਉਹਦੇ ਮੱਥੇ 'ਤੇ ਘੁਮਾਈ। "ਤੈਨੂੰ ਤਾਂ 102 ਬੁਖਾਰ ਐ, ਨਾਲ ਖੰਘ ਵੀ ਐ, ਬਾਬੇ ਨੇ ਇਹਨਾਂ ਲੱਛਣ ਵਾਲੇ ਸ਼ਰਧਾਲੂਆਂ ਨੂੰ ਮਿਲਣ ਤੋਂ ਮਨਾਹੀ ਕੀਤੀ ਹੈ। ਇਹ ਬਿਮਾਰੀ ਹੈ ਵੀ ਲਾਗ ਦੀ। ਜਿਹਨੂੰ ਚਿੰਬੜ ਗਈ। ਸਿੱਧਾ ਸਿਵਿਆਂ ਨੂੰ ਈ ਜਾਂਦੈ।" ਸੇਵਾਦਾਰ ਨੇ ਮੀਟਰ ਦੇਖ ਕੇ ਕਿਹਾ।

ਹੁਣ ਤੂੰ ਔਖਾ ਸੌਖਾ ਸਰਕਾਰੀ ਹਸਪਤਾਲ ਵਿੱਚ ਜਾ ਇਲਾਜ ਲਈ, ਜੇ ਨਾ ਗਿਆ ਤਾਂ ਪੁਲਿਸ ਲੈ ਜਾਊ। ਊਂ ਵੀ ਬਾਹਰ ਨਿਕਲਣਾ ਮਨਾ ਕੀਤਾ ਸਰਕਾਰ ਨੇ। ਦੂਜੇ ਸੇਵਾਦਾਰ ਨੇ ਚਰਨੇ ਤੋਂ ਦੂਰੀ ਬਣਾਉਂਦੇ ਨੇ ਕਿਹਾ। ਚਰਨੇ ਦੇ ਪੈਰਾਂ ਵਿੱਚੋਂ ਜਿਵੇਂ ਜਮੀਨ ਖਿਸਕ ਗਈ ਹੋਵੇ। ਕਰੋਨਾ ਦੀ ਦਹਿਸ਼ਤ ਅਤੇ ਮਰਨ ਦੇ ਡਰ ਨੇ ਉਸਨੂੰ ਕੰਬਣ ਲਾ ਦਿੱਤਾ। ਉਹ ਡੇਰੇ ਦੇ ਗੇਟ 'ਤੇ ਹੀ ਬੇਹੋਸ਼ ਹੋ ਕੇ ਡਿੱਗ ਗਿਆ। ਕੁੱਝ ਸਮੇਂ ਬਾਅਦ ਸਿਹਤ ਕਰਮਚਾਰੀ ਉਸ ਨੂੰ ਐਂਬੂਲੈਂਸ ਵਿੱਚ ਪਾ ਕੇ ਇਲਾਜ ਲਈ ਹਸਪਤਾਲ ਲੈ ਗਏ।

ਡੇਰੇ ਦੇ ਅੰਦਰ ਬਾਹਰ ਵਾਰ ਵਾਰ ਜਰਮਾਂ ਨੂੰ ਮਾਰਨ ਵਾਲੀ ਦਵਾਈ ਦਾ ਛਿੜਕਾਅ ਕੀਤਾ ਜਾ ਰਿਹਾ ਸੀ, 'ਚਮਤਕਾਰੀ' ਸੈਂਭੀ ਬਾਬਾ, ਸਭ ਤੋਂ ਅੰਦਰਲੀ ਰਿਹਾਇਸ਼ ਵਿੱਚ ਬੈਠਾ ਟੀ.ਵੀ. 'ਤੇ ਬਿਮਾਰੀ ਦੀਆਂ ਖਬਰਾਂ ਸੁਣ ਰਿਹਾ ਸੀ, ਉਹਦੇ ਨੇੜਲੇ ਸ਼ਰਧਾਲੂ ਸੈਨੇਟਾਈਜ਼ਰ ਦੀਆਂ ਸ਼ੀਸ਼ੀਆਂ ਨਾਲ ਵਾਰ ਵਾਰ ਹੱਥ ਧੁਆ ਰਹੇ ਸਨ।

ਅਸਲ ਚਰਨੇ ਨੂੰ ਕੋਰੋਨਾ ਦੀ ਬੀਮਾਰੀ ਨਹੀਂ ਸੀ, ਜਿਸ ਕਰਕੇ ਸਰਕਾਰੀ ਡਾਕਟਰਾਂ ਨੇ ਉਸਦੇ ਟੈਸਟ ਕਰਵਾਉਣ ਬਾਅਦ ਕੁੱਝ ਦਿਨ ਇਲਾਜ ਕਰਕੇ ਘਰ ਭੇਜ ਦਿੱਤਾ। ਹੁਣ ਉਹ ਨੌਂ ਬਰ ਨੌਂ ਸੀ, ਹਰੇ ਦੀ ਭਰੀ ਲੱਦੀ ਉਹ ਡੇਰੇ ਦੀ ਕੰਧ ਕੋਲ ਦੀ ਲੰਘ ਰਿਹਾ ਸੀ। ਉਹ ਸੋਚ ਰਿਹਾ ਸੀ : ਜੇ ਆਹ ਲਾਗ ਦੀ ਬੀਮਾਰੀ ਨਾ ਫੈਲਦੀ, ਮੈਂ ਤਾਂ ਸਾਰੀ ਉਮਰ ਅੰਧਵਿਸ਼ਵਾਸਾਂ ਦੀ ਦਲਦਲ ਵਿੱਚ ਫਸਿਆ ਰਹਿੰਦਾ ? ਪੂਰੇ ਹੌਂਸਲੇ ਨਾਲ ਉਸਦੇ ਪੈਰ ਪੈਡਲਾਂ 'ਤੇ ਵੱਜ ਰਹੇ ਸਨ। ਜਿਵੇਂ ਉਹ ਹਨੇਰੇ ਤੋਂ ਚਾਨਣ ਵੱਲ ਵੱਧ ਰਿਹਾ ਹੋਵੇ। ਉਹਨੂੰ ਸੈਂਭੀ ਬਾਬਾ ਲਾਗ ਦੀ ਬੀਮਾਰੀ ਤੋਂ ਵੀ

***...ਬਾਕੀ ਪੰਨਾ 30 'ਤੇ***

*ਸਮਕਾਲੀ ਲਿਖਤ*

# ਨ.ਫਰਤ ਦਾ ਜਹਿਰ



**ਪ੍ਰੀਤੀ ਸਿਨਹਾ**

ਪਿਛਲੇ ਪੰਜ ਸਾਲ ਦੀ ਰਾਜਨੀਤੀ ਅਤੇ ਆਰਥਿਕੀ ਨੇ ਵਿਸ਼ੇਸ਼ ਤੌਰ ’ਤੇ ਅਤੇ ਕੁੱਲ ਮਿਲਾ ਕੇ ਤਕਰੀਬਨ ਚਾਰ ਦਹਾਕਿਆਂ ਤੋਂ ਚੱਲੇ ਆ ਰਹੇ ਸਿਲਸਿਲੇ ਨੇ ਸਾਨੂੰ ਇਸ ਮੁਕਾਮ ’ਤੇ ਪਹੁੰਚਾ ਦਿੱਤਾ ਕਿ ਨਫ਼ਰਤ ਵੱਡੇ ਪੱਧਰ ’ਤੇ ਸਮਾਜ ’ਚ ਘੁਲ ਗਈ ਹੈ। ਅਸਿੱਖਿਅਤ ਅਤੇ ਨਿਕੰਮੇ ਬਣਾ ਕੇ ਰੱਖੇ ਗਏ ਨੌਜਵਾਨਾਂ ਦੀ ਭੀੜ ਗਲੀ-ਗਲੀ ਵਿੱਚ ਤਿਆਰ ਕਰ ਦਿੱਤੀ ਗਈ ਹੈ, ਜੋ ਜਦ ਵੀ ਲੋੜ ਪਵੇ ‘ਜੈ ਸ਼੍ਰੀ ਰਾਮ’ ਅਤੇ ‘ਗੱਦਾਰਾਂ ਨੂੰ ਗੋਲੀ ਮਾਰੋ’ ਦੇ ਕਾਤਲਾਨਾ ਲਲਕਾਰੇ ਨਾਲ ਧਰਮ ਦੀ ਰੱਖਿਆ ਲਈ ਨਿਕਲ ਪੈਂਦੀ ਹੈ। ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਬਿਮਾਰ ਮਾਨਸਿਕਤਾ ਵਾਲੇ ਲੋਕਾਂ ਵਿੱਚ ਬਦਲੀ ਜਾ ਚੁੱਕੀ ਹੈ । ਇਸ ਹੱਦ ਤੱਕ ਕਿ ਆਪਣੇ ‘ਨੇਤਾ’ ਦੇ ਕਹਿਣ ਮੁਤਾਬਿਕ ਕਿਸੇ ਇਕੱਲੇ ਬੇਬੱਸ ਬਜ਼ੁਰਗ ਜਾਂ ਅਧਖੜ੍ਹ ਨੂੰ ਕੱਪੜਿਆਂ ਤੋਂ ਪਛਾਣ ਕੇ ਹੀ ਕੁੱਟ-ਕੁੱਟ ਕੇ ਮਾਰ ਸੁੱਟਦੀ ਹੈ। ਮੁਸਲਮਾਨਾਂ ਦੀਆਂ ਦੁਕਾਨਾਂ, ਸ਼ੋ-ਰੂਮ, ਦਵਾਖਾਨੇ, ਬਜ਼ਾਰ, ਮਜਾਰ, ਘਰ, ਮਸਜਿਦ ਜਲਾ ਸੁੱਟਦੇ ਹਨ। ਮਸਜਿਦ ’ਤੇ ਭਗਵਾ ਜਾਂ ਤਿਰੰਗਾ ਲਹਿਰਾ ਕੇ ਜੈ ਸ਼੍ਰੀ ਰਾਮ ਦੇ ਨਾਹਰੇ ਲਗਾਉਂਦੀ ਹੈ। ਸਾਰਾ ਕੁਝ ਚੁਣ-ਚੁਣ ਕੇ, ਪਛਾਣ ਕੇ, ਪਛਾਣ ਪੱਤਰ ਵੇਖ ਕੇ ਅਤੇ ਕਈ ਮਾਮਲਿਆਂ ਵਿੱਚ ਸੜਕਾਂ ’ਤੇ ਕੱਪੜੇ ਉਤਰਵਾ ਕੇ, ਮਜ਼ਹਬ ਦੀ ਪਛਾਣ ਤੋਂ ਬਾਅਦ ਕੀਤਾ ਜਾਂਦਾ ਹੈ।

ਇਹ ਜ਼ਹਿਰ ਐਨਾ ਫੈਲ ਗਿਆ ਹੈ ਕਿ 80000 ਅਫਸਰਾਂ ਜਵਾਨਾਂ ਅਤੇ 8000 ਕਰੋੜ ਰੁਪਏ ਦੇ ਸਲਾਨਾ ਬਜਟ ਵਾਲੀ ਦਿੱਲੀ ਪੁਲਿਸ ਵੀ, ਜੇ ਮੌਕੇ ’ਤੇ ਮੌਜੂਦ ਹੋਈ ਤਾਂ ਜਾਂ ਤਾਂ ਉਹ ਆਪਣੀ ਸਰਪ੍ਰਸਤੀ ਹੇਠ ਹਮਲੇ ਅਤੇ ਅਗਜਨੀ ਕਰਵਾਉਂਦੀ ਨਜ਼ਰ ਆਉਂਦੀ ਹੈ ਜਾਂ ਸਭ ਕੁਝ ਹੁੰਦਾ ਵੇਖਦੀ ਰਹਿੰਦੀ ਹੈ। ਜਖ਼ਮੀ ਹੋ ਕੇ ਧਰਤੀ ’ਤੇ ਅਧਮਰੇ ਪਏ ਲੋਕਾਂ ਨੂੰ ਹਸਪਤਾਲ ਪਹੁੰਚਾਉਣ ਦੀ ਥਾਂ ਉਹਨਾਂ ਤੋਂ ‘ਜਨ ਗਣ ਮਨ’ ਦੇ ਜੈਕਾਰੇ ਲਗਾਉਂਦੀ ਹੈ। ਹਾਈਕੋਰਟ ਦੇ ਦੋ ਜੱਜਾਂ ਨੂੰ ਅੱਧੀ ਰਾਤ ਨੂੰ ਆਪਣੇ ਘਰ ਵਿੱਚ ਅਦਾਲਤ ਲਗਾ ਕੇ ਪੁਲਿਸ ਨੂੰ ਹੁਕਮ ਦੇਣਾ ਪੈਂਦਾ ਹੈ ਕਿ ਉਹ ਜਖ਼ਮੀ ਲੋਕਾਂ ਨੂੰ ਹਸਪਤਾਲ ਪਹੁੰਚਾਉਣ ਵਿੱਚ ਮਦਦ ਕਰੇ। ਦਿਨ ਵੇਲੇ ਜੱਜ ਸਾਹਿਬ ਹੁਕਮ ਦਿੰਦੇ ਹਨ ਕਿ ਦਿੱਲੀ ਵਿੱਚ ਨਫਰਤ ਭਰੇ ਭਾਸ਼ਣ ਦੇਣ ਵਾਲਿਆਂ ’ਤੇ ਅਗਲੇ ਦਿਨ ਤੱਕ ਐੱਫ.ਆਈ.ਆਰ ਦਰਜ ਕਰੋ ਪਰ ਕੁੱਝ ਘੰਟਿਆਂ ਬਾਅਦ ਅੱਧੀ ਰਾਤ ਨੂੰ ਹੀ ਉਹਨਾਂ ਨੂੰ ਉਹਨਾਂ ਦੀ ਬਦਲੀ ਦਾ ਹੁਕਮ ਫੜਾ ਦਿੱਤਾ ਜਾਂਦਾ ਹੈ।

ਨਫ਼ਰਤ ਫੈਲਾਉਣ ਵਾਲੇ ਸੱਤਾਧਾਰੀਆਂ ਦੇ ਜਿੰਨਾਂ ਬਿਆਨਾਂ, ਕਵਾਇਦਾਂ ਨੂੰ ਪੂਰੀ ਦੁਨੀਆਂ ਪ੍ਰਤੱਖ ਵੇਖ ਚੁੱਕੀ ਹੈ, ਉਸ ਦੇ ਬਾਰੇ ਦਿੱਲੀ ਪੁਲਿਸ ਅਦਾਲਤ ਵਿੱਚ ਪੂਰੀ ਬੇਸ਼ਰਮੀ ਨਾਲ ਫਰਮਾਉਂਦੀ ਹੈ ਕਿ ਉਸ ਨੇ ਉਹਨਾਂ ਨੂੰ ਵੇਖਿਆ ਨਹੀਂ। ਇਲਾਕੇ ਦਾ ਪੁਲਿਸ ਮੁਖੀ ਜਹਿਰ ਉਗਲ ਰਹੇ ਅਜਿਹੇ ਇੱਕ ਹਾਰੇ ਹੋਏ ਨੇਤਾ ਦੇ ਬਾਡੀਗਾਰਡ ਵਾਂਗ ਉਸ ਦੇ ਨਾਲ ਖੜ੍ਹਾ ਰਹਿੰਦਾ ਹੈ ਜਦ ਉਹ ਦਿੱਲੀ ਪੁਲਿਸ ਨੂੰ ਧਮਕਾ ਰਿਹਾ ਹੁੰਦਾ ਹੈ ਕਿ ਤਿੰਨ ਦਿਨ ਦੇ ਅੰਦਰ ਮੁਜ਼ਾਹਰਾਕਾਰੀਆਂ ਨੂੰ ਇੱਥੋ ਹਟਾਵੋ, ਨਹੀਂ ਤਾਂ ਉਹ ਟਰੰਪ ਸਾਹਿਬ ਦੇ ਭਾਰਤ ਤੋਂ ਰਵਾਨਾ ਹੋਣ ਬਾਅਦ ਉਹਨਾਂ ਦੀ ਕੋਈ ਗੱਲ ਨਹੀਂ ਸੁਣੇਗਾ। ਮੁਸਲਮਾਨਾਂ ਦੇ ਹਾਹਾਕਾਰ ਕਰਦੇ ਮਦਦ ਮੰਗਦੇ ਸੈਂਕੜੇ ਫੋਨ ਕਾਲ ਦਿੱਲੀ ਪਲਿਸ ਵੱਲੋਂ ਅਣਸੁਣੇ ਕਰ ਦਿੱਤੇ ਜਾਂਦੇ ਹਨ। ਐੱਮ. ਪੀ. ਦੇ ਫੋਨ ’ਤੇ ਵੀ ਕੋਈ ਕਾਰਵਾਈ ਨਹੀਂ ਹੁੰਦੀ।

ਦੇਸ਼ ਦੀ ਰਾਜਧਾਨੀ ਵਿੱਚ ਇਹ ਸਭ ਕੁੱਝ ਇੱਕ ਨਹੀਂ, ਦੋ ਨਹੀਂ, ਤਿੰਨ-ਤਿੰਨ ਦਿਨ (24-26 ਫਰਵਰੀ) ਤੱਕ ਖੁੱਲੇਆਮ ਥੋਕ ਵਿੱਚ ਚਲਦਾ ਰਿਹਾ। ਪ੍ਰਧਾਨ ਮੰਤਰੀ ਆਪਣੇ ਦੋਸਤ ਅਮਰੀਕੀ ਰਾਸ਼ਟਰਪਤੀ ਦਾ ਦੌਰਾ ਯਾਦਗਾਰੀ ਬਣਾਉਣ ਵਿੱਚ ਮਸ਼ਗੂਲ ਰਹੇ। ਗ੍ਰਹਿ ਮੰਤਰੀ ਖਾਮੋਸ਼ ਰਹੇ। ਮੋਰਚਾ ਸੰਭਾਲਿਆ ਹਿਮਾਚਲ ਦੇ ਮੁੱਖ ਮੰਤਰੀ ਨੇ ਅਤੇ ਦਿੱਲੀ ਦੇ ਦੰਗਿਆਂ ਬਾਰੇ ਪੁੱਛੇ ਜਾਣ ’ਤੇ ਐਲਾਨ ਕਰ ਦਿੱਤਾ ਕਿ ‘ਹਿੰਦੁਸਤਾਨ ਵਿੱਚ ਉਹੀ ਰਹੇਗਾ ਜੋ ਭਾਰਤ ਮਾਤਾ ਦੀ ਜੈ ਕਹੇਗਾ।’ (ਇੰਡੀਅਨ ਐਕਸਪ੍ਰੈੱਸ, 26 ਫਰਵਰੀ) ਜਬਰਦਸਤ ਲੋਕ ਸਮਰਥਨ ਦੇ ਨਾਲ ਹੁਣੇ ਹੁਣੇ ਜਿੱਤੇ ਦਿੱਲੀ ਦੇ ਮੁੱਖ ਮੰਤਰੀ ਜਲ ਰਹੇ ਇਲਾਕਿਆਂ ਵਿੱਚ ਜਾ ਕੇ ਹਾਲਾਤ ਨੂੰ ਸੰਭਾਲਣ ਦੀ ਥਾਂ ਰਾਜਘਾਟ ’ਤੇ ਮੋਨ ਪ੍ਰਾਰਥਨਾ ਵਿੱਚ ਲੀਨ ਹੋ ਗਏ। ਕਾਂਗਰਸ ਇਸ ਸਿਆਪੇ ਵਿੱਚ ਡੁੱਬੀ ਰਹੀ ਕਿ ਉਸ ਨੂੰ ਅਮਰੀਕੀ ਪ੍ਰਮੁੱਖ ਦੀ ਸ਼ਾਨ ਵਿੱਚ ਹੋ ਰਹੇ ‘ਮਹਾਭੋਜ’ ਵਿੱਚ ਨਹੀਂ ਸੱਦਿਆ ਗਿਆ। ਦੇਸ਼ ’ਤੇ ਰਾਜ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਣ ਵਾਲੇ ਭਰਾ-ਭੈਣ ਵੀ ਕਿਤੇ ਦੁਬਕੇ ਰਹੇ।

ਤਿੰਨ ਦਿਨ ਤੱਕ ਬੇਧੜਕ ਤਾਂਡਵ, ਚੱਲਣ ਦੇ ਬਾਅਦ ਪ੍ਰਧਾਨ ਮੰਤਰੀ ਨੇ ਹਾਲਾਤ ਦੀ ‘ਡੂੰਘੀ ਸਮੀਖਿਆ’ ਕੀਤੀ। ਸ਼ਾਂਤੀ ਅਤੇ ਭਾਈਚਾਰੇ ਦੀ ਅਪੀਲ ਦਾ ਉਹਨਾਂ ਦਾ

ਟਵੀਟ ਆ ਗਿਆ। ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ 'ਤਾਂਡਵ' ਗ੍ਰਸਤ ਇਲਾਕਿਆਂ ਦਾ ਦੌਰਾ ਕਰ ਲਿਆ। ਕਾਂਗਰਸ ਨੇ ਗ੍ਰਹਿ ਮੰਤਰੀ ਦਾ ਅਸਤੀਫਾ ਮੰਗਣ ਲਈ ਪ੍ਰੈੱਸ ਕਾਨਫਰੰਸ ਕਰ ਲਈ। ਉਹਨਾਂ ਦੇ 'ਰਾਜ ਦੁਲਾਰੇ' ਕਿਤੇ ਲਾਪਤਾ ਰਹੇ। ਸੋ ਮੋਰਚਾ 'ਰਾਜ ਮਾਤਾ' ਨੇ ਸੰਭਾਲਿਆ ਅਤੇ ਪਾਰਟੀ ਮੁੱਖ ਦਫਤਰ ਤੋਂ ਰਾਜ ਘਾਟ ਤੱਕ ਮੌਨ ਮਾਰਚ ਕੱਢਿਆ ਗਿਆ। ਮੁੱਖ-ਮੰਤਰੀ ਅਤੇ ਉੱਪ ਮੁੱਖ ਮੰਤਰੀ ਨੇ ਵੀ ਇਲਾਕਿਆਂ ਦਾ ਦੌਰਾ ਕਰ ਲਿਆ। ਪੁਲਿਸ ਅਤੇ ਸੁਰੱਖਿਆ ਬਲ ਤੈਨਾਤ ਹੋ ਗਏ। ਸੁਪਰੀਮ ਕੋਰਟ ਦੀ ਫਿਟਕਾਰ ਬਾਅਦ ਪੁਲਿਸ ਨੇ ਦੋ ਹੈਲਪਲਾਈਨਜ਼ ਖੋਲ੍ਹ ਦਿੱਤੀਆਂ ਅਤੇ ਮੁਸਤੈਦ ਹੋ ਗਈ। ਦਿੱਲੀ ਪੁਲਿਸ ਦੇ ਜਵਾਨ ਕਹਿੰਦੇ ਸੁਣੇ ਗਏ 'ਉੱਪਰੋਂ ਹੁਕਮ ਆ ਗਿਆ ਹੈ।' ਸ਼ਾਸਨ ਵੱਲੋਂ ਕਿਹਾ ਜਾਣ ਲੱਗਿਆ ਕਿ ਹਾਲਾਤ ਤੇਜੀ ਨਾਲ ਆਮ ਹੋ ਰਹੇ ਹਨ। ਇਹ ਹੋਰ ਗੱਲ ਹੈ ਕਿ 28 ਫਰਵਰੀ ਦੀ ਸਵੇਰੇ ਕੁਝ ਧਰਮ ਰੱਖਿਅਕ ਨੌਜਵਾਨਾਂ ਨੇ 60 ਸਾਲ ਦੇ ਇੱਕ ਕਬਾੜੀ ਮਜ਼ਦੂਰ ਨੂੰ ਕੁੱਟ-ਕੁੱਟ ਕੇ ਮਾਰ ਸੁੱਟਿਆ।

ਇਸ ਦਰਮਿਆਨ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਨੇ ਵੀ ਆਪਣਾ 'ਨਿਆ ਧਰਮ' ਬਾਖੂਬੀ ਨਿਭਾਇਆ। ਆਪਣੇ ਨਿਆ ਧਰਮ ਦੀ ਉਸ ਨੇ ਪਰਿਭਾਸ਼ਾ ਹੀ ਬਦਲ ਲਈ। ਸੰਵਿਧਾਨ ਦੀ ਰਾਖੀ ਦੀ ਥਾਂ ਹੁਣ ਉਸ ਨੇ ਆਪਣਾ ਨਿਆ ਧਰਮ ਬਣਾ ਲਿਆ-ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣਾ। ਸੋ ਇਹ ਨਿਹਾਇਤ ਜਰੂਰ ਮਾਮਲਿਆਂ ਦੀ ਵੀ ਤਾਰੀਖ 'ਤੇ ਤਾਰੀਖ ਪਾਉਂਦੀ ਗਈ। ਸਰਕਾਰ ਨੂੰ ਮੂੰਹ ਮੰਗੀ ਮੋਹਲਤ ਦਿੰਦੀ ਗਈ। ਉਸ ਨੇ ਸੀ.ਏ.ਏ. 'ਤੇ ਨਾ ਕੋਈ ਅੰਤਰਿਮ ਸਟੇਅ ਲਗਾਈ ਅਤੇ ਨਾ ਸੁਣਵਾਈ ਕੀਤੀ ਜਿਸ ਨੂੰ ਲੈ ਕੇ ਬਹੁਤ ਵੱਡੀ ਅਬਾਦੀ ਡਰੀ ਹੋਈ ਹੈ ਅਤੇ ਜਿਸ ਦੇ ਖਿਲਾਫ ਦੇਸ਼ ਭਰ ਵਿੱਚ ਸ਼ਾਂਤੀ ਅੰਦੋਲਨ ਚੱਲ ਰਹੇ ਹਨ। ਅੱਸੀ ਦੇ ਕਰੀਬ ਲੋਕ ਪੁਲਿਸ ਅਤੇ ਹਲਕਾਏ ਉਨਮਾਦੀ ਤੱਤਾਂ ਵੱਲੋਂ ਮਾਰੇ ਜਾ ਚੁੱਕੇ ਹਨ। ਅਣਗਿਣਤ ਜ਼ਖ਼ਮੀ ਹੋਏ ਹਨ। ਅਣਗਿਣਤ ਦੇ ਕੰਮ ਧੰਦੇ ਤਬਾਹ ਹੋਏ ਹਨ। ਅਣਗਿਣਤ ਦੀ ਪੂਰੀ ਜ਼ਿੰਦਗੀ ਦੀ ਕਮਾਈ ਜਲਾ ਦਿੱਤੀ ਗਈ।

ਅਤੇ ਇਸ ਤਰ੍ਹਾਂ ਦੇਸ਼ ਦੇ 20 ਕਰੋੜ ਮੁਸਲਮਾਨਾਂ ਨੂੰ ਸਮਝਾ ਦਿੱਤਾ ਗਿਆ ਕਿ ਇਸ ਦੇਸ਼ ਦਾ ਸ਼ਾਸਨ-ਤੰਤਰ ਉਹਨਾਂ ਲਈ ਨਹੀਂ ਹੈ। ਉਹਨਾਂ ਦੀ ਹਿਫ਼ਾਜਤ, ਉਹਨਾਂ ਦਾ ਭਲਾ ਸ਼ਾਸਨ ਦਾ ਸਰੋਕਾਰ ਨਹੀਂ ਹੈ। ਇਹੀ ਤਾਂ ਨੀਅਤ ਸੀ - ਸੀ.ਏ.ਏ. ਅਤੇ ਐੱਨ.ਪੀ.ਆਰ ਦੇ ਜ਼ਰੀਏ ਐੱਨ.ਆਰ.ਸੀ. ਲਾਗੂ ਕਰਵਾਏ ਜਾਣ ਦੀ ਕਵਾਇਦ ਦੀ। ਲੀਪ ਈਅਰ ਡੇ ਵਾਲੇ ਦਿਨ ਅਖਬਾਰਾਂ ਵਿੱਚ ਪੂਰੇ ਪੇਜ ਦਾ ਵਿਗਿਆਪਨ ਛਪ ਗਿਆ ਕਿ ਦਿੱਲੀ ਸਰਕਾਰ ਨੇ ਲਾਸ਼ਾਂ ਦੀ ਕੀਮਤ ਕਿੰਨੀ ਲਗਾਈ ਹੈ। ਅਧ ਮਰਿਆਂ ਦੀ ਕਿੰਨੀ ਅਤੇ ਮਾਰੇ ਗਏ ਬੱਚਿਆਂ ਦੀ ਕਿੰਨੀ। ਵਿਗਿਆਪਨ ਵਿੱਚ ਮੁੱਖ ਮੰਤਰੀ ਬਾਦਸਤੂਰ ਆਪਣੇ ਮੁਸਕਰਾਉਂਦੇ-ਦਮਕਦੇ ਚਿਹਰੇ ਨਾਲ ਵਿਖਾਏ ਦਿੱਤੇ।

ਇਸ ਦਰਮਿਆਨ ਖਬਰ ਆਈ ਕਿ ਅਰਥ ਵਿਵਸਥਾ ਨੇ ਬੀਤੇ ਸਮੇਂ ਵਿੱਚ ਸਭ ਤੋਂ ਨੀਵੀਂ 'ਬੜਤ' ਦਰਜ ਕਰਵਾਈ ਹੈ : 4.7 ਫੀਸਦੀ! ਪਰ ਦੇਸ਼ ਦੀ ਵਿੱਤ ਮੰਤਰੀ ਇਸ ਨਾਲ ਭੋਰਾ ਵੀ ਪ੍ਰੇਸ਼ਾਨ ਨਹੀਂ ਹੋਈ। ਉਸ ਨੇ ਫਰਮਾਇਆ ਕਿ ਅਰਥ ਵਿਵਸਥਾ ਵਿੱਚ ਸਭ ਕੁੱਝ ਠੀਕ ਠਾਕ ਚੱਲ ਰਿਹਾ ਹੈ। ਦਿੱਲੀ ਵਿੱਚ ਜੋ ਕੁੱਝ ਵੀ ਹੋਇਆ ਹੈ ਉਸਦਾ 'ਇਨਵੈਸਟਰਜ਼ ਸੈਂਟੀਮੈਂਟ' (ਨਿਵੇਸ਼ਕਾਰਾਂ ਦੇ ਮਨੋਭਾਵਾਂ) 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਗ੍ਰਹਿ ਮੰਤਰੀ ਪੰਜ ਦਿਨ ਬਾਅਦ ਭੁਬਨੇਸ਼ਵਰ ਵਿੱਚ ਜਾ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਦੰਗੇ ਕਰਵਾਉਣ ਲਈ ਵਿਰੋਧੀ ਦਲਾਂ ਨੂੰ ਕੋਸ ਆਏ। ਅਗਲੇ ਦਿਨ ਦਿੱਲੀ ਦੇ ਕਨਾਟ ਪੈਲੇਸ ਇਲਾਕੇ ਦੇ ਮੈਟਰੋ ਸਟੇਸ਼ਨ 'ਤੇ 'ਦੇਸ਼ ਕੇ ਗਦਾਰੋਂ ਕੋ, ਗੋਲੀ ਮਾਰੋ ਸਾਲੋ ਕੋ' ਦਾ ਨਾਹਰਾ ਬੁਲੰਦ ਕਰਦੇ ਹੋਏ ਛੇ ਨੌਜਵਾਨ ਲੜਕੇ ਫੜ੍ਹੇ ਗਏ। ਸਰਕਾਰ ਵੱਲੋਂ ਤੇਜੀ ਨਾਲ ਆਮ ਹੋ ਰਹੇ ਹਾਲਾਤਾਂ ਦੀ ਰਟ ਲਗਾਈ ਹੋਈ ਸੀ। ਪੁਲਿਸ ਦੀ ਪੂਰੀ ਸੁਰੱਖਿਆ ਹੇਠ ਕਪਿਲ ਮਿਸ਼ਰਾ ਦੀ ਅਗਵਾਈ ਅਧੀਨ 'ਸ਼ਾਂਤੀ ਮਾਰਚ' ਨਿਕਲ ਰਿਹਾ ਹੈ। ਬੇਧੜਕ ਨਾਹਰੇ ਲਗ ਰਹੇ ਹਨ : 'ਗੋਲੀ ਮਾਰੋ ਸਾਲੋ ਕੋ', 'ਜੇਹਾਦੀਆਂ ਨੂੰ ਸਾਫ ਕਰੋ', 'ਮੋਦੀ ਕੇ ਸਨਮਾਨ ਮੇਂ, ਦੇਸ਼ ਭਗਤ ਮੈਦਾਨ ਮੇਂ'।

ਇਹ ਸਭ ਹੋਣਾ ਹੀ ਸੀ। ਆਖਰ ਦੇਸ਼ 'ਤੇ ਗੁਜਰਾਤ 2002 ਦੇ ਸਿਰਤਾਜਾਂ ਦਾ ਰਾਜ ਹੈ।

**(ਸ੍ਰੋਤ : ਸੰਪਾਦਕੀ 'ਫਿਲਹਾਲ' ਹਿੰਦੀ)**

**ਪੰਜਾਬੀ ਅਨੁਵਾਦ : ਬਲਬੀਰ ਚੰਦ ਲੌਂਗੋਵਾਲ**

**ਲੇਖਿਕਾ** - 094170-00890

*ਪੰਨਾ 28 ਦਾ ਬਾਕੀ...*

ਭਿਆਨਕ ਨਜ਼ਰ ਆ ਰਿਹਾ ਸੀ। ਜਿਸ ਨੇ ਪਤਾ ਨਹੀਂ ਕਿੰਨਿਆਂ ਕੁ ਨੂੰ ਭਿਆਨਕ ਬਿਮਾਰੀਆਂ ਦੇ ਨਾਮ ਹੇਠ ਸਿਵਿਆਂ ਵਿੱਚ ਪਹੁੰਚਾਇਆ ਸੀ।

**94654 30016**

*ਸੋਧ*

**ਤਰਕਸ਼ੀਲ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ - 2020**

ਪ੍ਰੀਖਿਆ ਦੀ ਮਿਤੀ : 9-10 ਅਕਤੂਬਰ 2020

ਦਿਨ ਸ਼ੁੱਕਰਵਾਰ, ਸ਼ਨੀਵਾਰ

ਸਵੇਰੇ 10-00 ਤੋਂ 12-00 ਵਜੇ ਤੱਕ

# ਪੁਲਾੜੀ ਦੂਰੀਆਂ ਤੇ ਗਤੀਆਂ ਨੂੰ ਮਾਪਣਾ

**ਬੂਟਾ ਸਿੰਘ ਵਾਕਫ਼**



ਪਿਆਰੇ ਬੱਚਿਓ ! ਪੁਲਾੜ ਏਨਾ ਵਿਸ਼ਾਲ ਹੈ ਕਿ ਇਸ ਦੀ ਵਿਸ਼ਾਲਤਾ ਦਾ ਅੰਦਾਜ਼ਾ ਲਗਾਉਣਾ ਹਾਲੇ ਸਾਡੇ ਵੱਸ ਦੀ ਗੱਲ ਨਹੀਂ ਹੈ। ਇਸ ਦੀ ਵਿਸ਼ਾਲਤਾ ਦੀਆਂ ਖੋਜਾਂ ਲਗਾਤਾਰ



ਜਾਰੀ ਹਨ। ਪੁਲਾੜੀ ਦੂਰੀਆਂ ਤੇ ਆਕਾਸ਼ੀ ਪਿੰਡਾਂ ਦੀਆਂ ਗਤੀਆਂ ਨੂੰ ਮਾਪ ਕੇ ਕਾਫ਼ੀ ਹੱਦ ਤੱਕ ਨਿਵੇਕਲੀ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਪੁਲਾੜੀ ਦੂਰੀਆਂ ਮਾਪਣ ਲਈ ਖਗੋਲੀ ਇਕਾਈਆਂ ਪ੍ਰਕਾਸ਼ ਵਰ੍ਹੇ ਅਤੇ ਪਾਰਸਿਕ ਦੀ ਵਰਤੋਂ ਕੀਤੀ ਜਾਂਦੀ ਹੈ। ਪੁਲਾੜ ਵਿਚ ਆਕਾਸ਼ੀ ਪਿੰਡ ਇੱਕ ਦੂਸਰੇ ਤੋਂ ਕਰੋੜਾਂ ਮੀਲ ਦੂਰ ਹੁੰਦੇ ਹਨ। ਉਦਾਹਰਣ ਦੇ ਤੌਰ ਤੇ ਜੇਕਰ ਅਸੀਂ ਕਾਗਜ਼ 'ਤੇ ਧਰਤੀ ਤੋਂ ਸਿਰਫ਼ ਇੱਕ ਇੰਚ ਦੂਰੀ 'ਤੇ ਸੂਰਜ ਬਣਾ ਲੈਂਦੇ ਹਾਂ ਤਾਂ ਧਰਤੀ ਦੇ ਸਭ ਤੋਂ ਨੇੜਲਾ ਤਾਰਾ ਪ੍ਰਾਕਸਮਾ ਸੈਂਚਰੀ ਸਾਡੀ ਧਰਤੀ ਤੋਂ ਕਰੀਬ 4.3 ਮੀਲ ਦੀ ਦੂਰੀ ਤੇ ਹੋਵੇਗਾ। 4.3 ਮੀਲ ਦੀ ਇਹ ਦੂਰੀ ਕਾਗਜ਼ ਤੇ ਖਿੱਚਣੀ ਮੁਸ਼ਕਿਲ ਹੋਵੇਗੀ। ਅਸਲ ਵਿਚ ਪ੍ਰਾਕਸਮਾ ਸੈਂਚਰੀ ਤਾਰਾ ਧਰਤੀ ਤੋਂ 40.14 ਟ੍ਰਿਲੀਅਨ ਕਿਲੋਮੀਟਰ ਦੂਰ ਹੈ। ਏਨਾ ਸਫ਼ਰ ਪੁਲਾੜ ਵਿਚ ਕਰਨਾ ਮਨੁੱਖ ਲਈ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਵੀ ਹੈ। ਮਨ ਵਿਚ ਇਹ ਸਵਾਲ ਜਰੂਰ ਪੈਦਾ ਹੁੰਦਾ ਹੋਵੇਗਾ ਕਿ ਆਕਾਸ਼ੀ ਪਿੰਡਾਂ ਦਾ ਇਹ ਫ਼ਾਸਲਾ ਖਗੋਲ ਵਿਗਿਆਨੀ ਬਿਨਾਂ ਪੁਲਾੜੀ ਸਫ਼ਰ ਕੀਤੇ ਕਿਵੇਂ ਮਾਪ ਲੈਂਦੇ ਹਨ ? ਜੀ ਹਾਂ, ਪੁਲਾੜੀ ਦੂਰੀਆਂ ਅਤੇ ਆਕਾਸ਼ੀ ਪਿੰਡਾਂ ਦੀਆਂ ਗਤੀਆਂ ਖਗੋਲ ਵਿਗਿਆਨੀ ਪ੍ਰਯੋਗਸ਼ਾਲਾ ਵਿਚ ਕੰਪਿਊਟਰ, ਟੈਲੀਸਕੋਪਾਂ ਦੀ ਸਹਾਇਤਾ ਨਾਲ ਤੇ ਹੋਰ ਆਧੁਨਿਕ ਯੰਤਰਾਂ/ਤਕਨੀਕਾਂ ਦੇ ਸਹਾਰੇ ਲਗਭਗ ਸਹੀ ਸਹੀ ਮਾਪ ਲੈਂਦੇ ਹਨ। ਆਓ ਇਨ੍ਹਾਂ ਤੱਥਾਂ ਨੂੰ ਸਮਝਣ ਦਾ ਯਤਨ ਕਰੀਏ।

**ਖਗੋਲੀ ਮਾਪ ਦੀਆਂ ਇਕਾਈਆਂ** : ਹਵਾ ਜਾਂ ਪੁਲਾੜ ਵਿਚ ਪ੍ਰਕਾਸ਼ ਦੀ ਚਾਲ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਸੂਰਜ ਤੋਂ ਪ੍ਰਕਾਸ਼ ਨੂੰ ਧਰਤੀ ਤੱਕ ਪਹੁੰਚਣ ਲਈ 500 ਸੈਕਿੰਡ ਦਾ ਸਮਾਂ ਲਗਦਾ ਹੈ। ਇਸ ਪ੍ਰਕਾਰ ਧਰਤੀ ਤੋਂ ਸੂਰਜ ਦੀ ਦੂਰੀ 500×3 ਲੱਖ= 1500 ਲੱਖ ਕਿਲੋਮੀਟਰ (150 ਮਿਲੀਅਨ ਕਿਲੋਮੀਟਰ) ਬਣਦੀ ਹੈ। ਇਸ ਦੂਰੀ ਨੂੰ ਇੱਕ ਪੁਲਾੜੀ ਇਕਾਈ (Astronomical Unit) ਆਖਦੇ ਹਨ। ਇੱਕ ਸਾਲ ਵਿਚ 365.25×24×60×60=31538073.6 ਸੈਕਿੰਡ ਹੁੰਦੇ ਹਨ। ਇਸ ਨੂੰ 3 ਲੱਖ (ਪ੍ਰਕਾਸ਼ ਦੁਆਰਾ ਇੱਕ ਸੈਕਿੰਡ ਵਿਚ ਤਹਿ ਕੀਤੀ ਦੂਰੀ) ਨਾਲ ਗੁਣਾ ਕਰਨ ਤੇ $9.461\times 10^{12}$ ਕਿਲੋਮੀਟਰ ਬਣਦੇ ਹਨ ਜਿਸ ਨੂੰ ਇੱਕ ਪ੍ਰਕਾਸ਼ ਵਰ੍ਹਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਪ੍ਰਕਾਸ਼ ਦੁਆਰਾ ਇੱਕ ਸਾਲ ਵਿਚ ਕੀਤੀ ਦੂਰੀ ਨੂੰ ਇੱਕ ਪ੍ਰਕਾਸ਼ ਵਰ੍ਹਾ ਆਖਦੇ ਹਨ। 3.262 ਪ੍ਰਕਾਸ਼ ਵਰ੍ਹੇ ਇੱਕ ਪਾਰਸੈਕ ਦੇ ਬਰਾਬਰ ਹੁੰਦਾ ਹੈ। ਇੱਕ ਪਾਰਸੈਕ ਦੀ ਅਸਲ ਲੰਬਾਈ ਕਰੀਬ $1.918\times 10^{13}$ ਮੀਲ ਦੇ ਬਰਾਬਰ ਹੁੰਦੀ ਹੈ। ਪੁਲਾੜੀ ਇਕਾਈ ਦੀ ਵਰਤੋਂ ਆਮ ਤੌਰ 'ਤੇ ਸੂਰਜ ਮੰਡਲ ਦੇ ਅੰਦਰ ਦੀਆਂ ਦੂਰੀਆਂ ਨੂੰ ਮਾਪਣ ਲਈ ਕੀਤੀ ਜਾਂਦੀ ਹੈ ਜਦਕਿ ਪਾਰਸੈਕ ਦੀ ਵਰਤੋਂ ਬਾਹਰੀ ਗਲੈਕਸੀਆਂ ਤੇ ਪੁਲਾੜੀ ਪਿੰਡਾਂ ਦੀਆਂ ਦੂਰੀਆਂ ਮਾਪਣ ਲਈ ਕੀਤੀ ਜਾਂਦੀ ਹੈ।

**ਡਾਪਲਰ ਪ੍ਰਭਾਵ (Doppler Effect)** : ਮੰਨ ਲਓ ਤੁਸੀਂ ਇਕ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਦੀ ਉਡੀਕ ਵਿਚ ਰੁਕੇ ਹੋਏ ਹੋ। ਜਿਵੇਂ ਜਿਵੇਂ ਰੇਲ ਗੱਡੀ ਸਟੇਸ਼ਨ ਵੱਲ ਵਧ ਰਹੀ ਹੈ




ਉਸ ਦੀ ਆਵਾਜ਼ ਦੀ ਤਰੰਗ ਲੰਬਾਈ ਘਟਦੀ ਜਾਂਦੀ ਹੈ ਤੇ ਤੀਬਰਤਾ (Frequency) ਵਧਦੀ ਜਾਂਦੀ ਹੈ। ਆਵਾਜ਼ ਤੇਜ ਸੁਣਦੀ ਜਾਂਦੀ ਹੈ। ਜਿਵੇਂ ਹੀ ਰੇਲ ਗੱਡੀ ਸਟੇਸ਼ਨ ਤੋਂ ਅੱਗੇ ਲੰਘ

ਰਹੀ ਹੋਵੇਗੀ ਤਿਵੇਂ ਹੀ ਉਸ ਦੀ ਆਵਾਜ਼ ਦੀ ਤਰੰਗ ਲੰਬਾਈ ਵਧਦੀ ਜਾਂਦੀ ਹੈ ਤੇ ਤੀਬਰਤਾ ਘਟਦੀ ਜਾਂਦੀ ਹੈ। ਹੁਣ ਆਵਾਜ਼ ਮੱਧਮ ਹੁੰਦੀ ਜਾਵੇਗੀ। ਆਵਾਜ਼ ਦੀਆਂ ਤਰੰਗਾਂ ਵਿਚ ਪੈਦਾ ਹੋ ਰਹੇ ਇਸ ਪ੍ਰਭਾਵ ਨੂੰ ਡਾਪਲਰ ਪ੍ਰਭਾਵ (Doppler Effect) ਆਖਦੇ ਹਨ। ਡਾਪਲਰ ਪ੍ਰਭਾਵ ਦੀ ਖੋਜ ਆਸਟ੍ਰੇਲੀਅਨ ਭੌਤਿਕ ਵਿਗਿਆਨੀ ਕ੍ਰਿਸਟੀਅਨ ਡਾਪਲਰ ਨੇ 1842 ਵਿਚ ਕੀਤੀ ਸੀ। ਇਹ ਪ੍ਰਭਾਵ ਸਿਰਫ਼ ਆਵਾਜ਼/ਧੁਨੀ ਤਰੰਗਾਂ ਜਾਂ ਰੌਸ਼ਨੀ ਤਰੰਗਾਂ ਵਿਚ ਹੀ ਨਹੀਂ ਵਿਖਾਈ ਦਿੰਦਾ ਸਗੋਂ ਹਰ ਪ੍ਰਕਾਰ ਦੀਆਂ ਪੈਦਾ ਹੋਣ ਵਾਲੀਆਂ ਤਰੰਗਾਂ ਵਿਚ ਵਿਖਾਈ ਦਿੰਦਾ ਹੈ।

**ਰੌਸ਼ਨੀ ਤਰੰਗਾਂ ਵਿਚ ਡਾਪਲਰ ਪ੍ਰਭਾਵ (Doppler Effect in Light waves)** : ਜਿਵੇਂ ਅਸੀਂ ਆਵਾਜ਼ ਤਰੰਗਾਂ ਵਿਚ ਹੋਣ ਵਾਲੇ ਬਦਲਾਓ ਦੇ ਪ੍ਰਭਾਵ ਨੂੰ ਕੰਨਾਂ ਰਾਹੀਂ ਮਹਿਸੂਸ




ਕਰਦੇ ਹਾਂ ਬਿਲਕੁਲ ਇਸੇ ਤਰ੍ਹਾਂ ਰੌਸ਼ਨੀ ਤਰੰਗਾਂ ਵਿਚ ਵੀ ਡਾਪਲਰ ਪ੍ਰਭਾਵ ਪੈਦਾ ਹੁੰਦਾ ਹੈ। ਇਸ ਨੂੰ ਅਸੀਂ ਆਪਣੀਆਂ ਅੱਖਾਂ ਰਾਹੀਂ ਦੇਖਦੇ/ਮਹਿਸੂਸ ਕਰਦੇ ਹਾਂ। ਜਿਵੇਂ ਜਿਵੇਂ ਰੌਸ਼ਨੀ ਦਾ ਸਰੋਤ ਸਾਡੇ ਤੋਂ ਦੂਰ ਹੁੰਦਾ ਜਾਂਦਾ ਹੈ ਤਿਵੇਂ ਤਿਵੇਂ ਹੀ ਰੌਸ਼ਨੀ ਤਰੰਗਾਂ ਦੀ ਤੀਬਰਤਾ ਘਟਦੀ ਜਾਂਦੀ ਹੈ ਤਰੰਗ ਲੰਬਾਈ ਵਧਦੀ ਹੈ। ਇਸ ਸਥਿਤੀ ਵਿਚ ਸਾਨੂੰ ਰੌਸ਼ਨੀ ਮੱਧਮ ਹੁੰਦੀ ਜਾਂਦੀ ਮਹਿਸੂਸ ਹੁੰਦੀ ਹੈ। ਜਿਵੇਂ ਜਿਵੇਂ ਰੌਸ਼ਨੀ ਦਾ ਸਰੋਤ ਸਾਡੇ ਨਜ਼ਦੀਕ ਆਉਂਦਾ ਜਾਂਦਾ ਹੈ ਤਿਵੇਂ ਤਿਵੇਂ ਰੌਸ਼ਨੀ ਦੀ ਤਰੰਗ ਦੀ ਤੀਬਰਤਾ ਵਧਦੀ ਜਾਂਦੀ ਹੈ ਤੇ ਤਰੰਗ ਲੰਬਾਈ ਘਟਦੀ ਜਾਂਦੀ ਹੈ। ਇਸ ਹਾਲਤ ਵਿਚ ਸਾਡੀਆਂ ਅੱਖਾਂ ਨੂੰ ਤੇਜ਼ ਰੌਸ਼ਨੀ ਮਹਿਸੂਸ ਹੁੰਦੀ ਜਾਂਦੀ ਹੈ।

**ਰੈਡ ਸ਼ਿਫ਼ਟ ਤੇ ਬਲਿਊ ਸ਼ਿਫ਼ਟ (Red Shift and Blue Shift)** : ਡਾਪਲਰ ਪ੍ਰਭਾਵ ਰੌਸ਼ਨੀ ਦੇ ਪ੍ਰਤੱਖ ਸਪੈਕਟ੍ਰਮ ਵਿਚ ਵੇਖਣ ਨੂੰ ਮਿਲਦਾ ਹੈ। ਜਦੋਂ ਰੌਸ਼ਨੀ ਦਾ ਸਰੋਤ ਨਿਰੀਖਕ ਜਾਂ ਸਾਡੇ ਤੋਂ ਦੂਰ ਹੁੰਦਾ ਜਾਂਦਾ ਹੈ ਉਦੋਂ ਨਿਰੀਖਕ ਵੱਲ ਆ ਰਹੀ




ਰੌਸ਼ਨੀ ਲਾਲ ਖੇਤਰ (ਉੱਚਤਮ ਤਰੰਗ ਲੰਬਾਈ ਦਾ ਖੇਤਰ) ਵੱਲ ਝੁਕਦੀ ਜਾਂਦੀ ਹੈ। ਇਸ ਵਰਤਾਰੇ ਨੂੰ ਰੈਡ ਸ਼ਿਫ਼ਟ ਕਿਹਾ ਜਾਂਦਾ ਹੈ। ਇਸ ਦੇ ਉਲਟ ਜਿਵੇਂ ਹੀ ਰੌਸ਼ਨੀ ਦਾ ਸਰੋਤ ਨਿਰੀਖਕ ਦੇ ਨੇੜੇ ਆਉਂਦਾ ਜਾਂਦਾ ਹੈ ਤਿਵੇਂ ਹੀ ਰੌਸ਼ਨੀ ਨੀਲੇ ਖੇਤਰ (ਨਿਊਨਤਮ ਤਰੰਗ ਲੰਬਾਈ ਦਾ ਖੇਤਰ) ਵੱਲ ਝੁਕਣ ਲਗਦੀ ਹੈ। ਇਸ ਪ੍ਰਭਾਵ ਨੂੰ ਬਲਿਊ ਸ਼ਿਫ਼ਟ ਕਿਹਾ ਜਾਂਦਾ ਹੈ।

**ਸ਼ਿਫ਼ਟਿੰਗ ਦੇ ਆਧਾਰ 'ਤੇ ਪੁਲਾੜੀ ਦੂਰੀਆਂ ਤੇ ਗਤੀਆਂ ਨੂੰ ਮਾਪਣਾ** : ਖਗੋਲ ਵਿਗਿਆਨੀ ਸਾਡੀ ਗਲੈਕਸੀ ਆਕਾਸ਼ ਗੰਗਾ ਵਿਚ ਹੋਣ ਵਾਲੀ ਗਤੀ ਅਤੇ ਤਾਰਿਆਂ ਦੀ ਦੂਰੀ ਨੂੰ ਮਾਪਣ ਲਈ ਰੈਡ ਸ਼ਿਫ਼ਟ ਤੇ ਬਲਿਊ ਸ਼ਿਫ਼ਟ ਤਕਨੀਕ ਦੀ ਵਰਤੋਂ ਕਰਦੇ ਹਨ। ਤਾਰਿਆਂ ਦੀ ਗਤੀ, ਗਤੀ ਦੀ ਦਿਸ਼ਾ ਅਤੇ ਦੂਰੀਆਂ ਨੂੰ ਮਾਪਣ ਸਮੇਂ ਖਗੋਲ ਵਿਗਿਆਨੀ ਤਾਰਿਆਂ ਅਤੇ ਹੋਰਨਾਂ ਨੇੜਲੀਆਂ ਗਲੈਕਸੀਆਂ ਤੋਂ ਆ ਰਹੀ ਰੌਸ਼ਨੀ ਰਾਹੀਂ ਵੱਖਰੇ ਵੱਖਰੇ ਅੰਤਰਾਲਾਂ ਤੇ ਡਾਪਲਰ ਪ੍ਰਭਾਵ ਮਾਪਦੇ ਹਨ। ਗਲੈਕਸੀਆਂ, ਵੱਖ-ਵੱਖ ਤਾਰਿਆਂ, ਆਕਾਸ਼ੀ ਪਿੰਡਾਂ ਤੇ ਰੌਸ਼ਨੀ ਦੇ ਹੋਰਨਾਂ ਸਰੋਤਾਂ ਦੁਆਰਾ ਕਿਸੇ ਦਿਸ਼ਾ ਵਿਚ ਕੀਤੀ ਜਾ ਰਹੀ ਗਤੀ ਵਿਚ ਹੋਣ ਵਾਲੀ ਤਬਦੀਲੀ ਨੂੰ ਡਾਪਲਰ ਪ੍ਰਭਾਵ ਰਾਹੀਂ ਨੋਟ ਕੀਤਾ ਜਾਂਦਾ ਹੈ। ਇਕੱਤਰ ਸੂਚਨਾ ਦੇ ਆਧਾਰ ਤੇ ਜਿੱਥੇ ਪੁਲਾੜੀ ਦੂਰੀਆਂ ਦਾ ਸਹੀ ਅਨੁਮਾਨ ਲਗਾਇਆ ਜਾਂਦਾ ਹੈ ਉਥੇ ਨਾਲ ਹੀ ਆਕਾਸ਼ੀ ਪਿੰਡਾਂ ਦੀ ਗਤੀ ਤੇ ਗਤੀ ਦੀ ਦਿਸ਼ਾ ਦਾ ਅਨੁਮਾਨ ਵੀ ਲਗਾਇਆ ਜਾਂਦਾ ਹੈ।

**ਗਲੈਕਸੀਆਂ ਤੇ ਪੁਲਾੜੀ ਪਿੰਡ** : ਗਲੈਕਸੀ ਆਕਾਸ਼ ਗੰਗਾ ਲਗਾਤਾਰ ਫੈਲ ਰਹੀ ਹੈ। ਪੁਲਾੜੀ ਪਿੰਡ ਲਗਾਤਾਰ ਇਕ ਦੂਸਰੇ ਤੋਂ ਦੂਰ ਹੋ ਰਹੇ ਹਨ। ਇਨ੍ਹਾਂ ਤੋਂ ਸਾਡੇ ਤੱਕ ਪਹੁੰਚਣ ਵਾਲੀ ਰੌਸ਼ਨੀ ਦੀ ਤਰੰਗ ਲੰਬਾਈ ਵਧਣ ਕਰਕੇ ਰੈਡ ਸ਼ਿਫ਼ਟ ਪ੍ਰਭਾਵ ਪੈਦਾ ਹੁੰਦਾ ਹੈ। ਇਸੇ ਪ੍ਰਕਾਰ ਬ੍ਰਹਿਮੰਡ ਵਿਚ ਆਮ ਗਲੈਕਸੀਆਂ ਲਗਾਤਾਰ ਇੱਕ ਦੂਸਰੀ ਤੋਂ ਦੂਰ ਹੋ ਰਹੀਆਂ ਹਨ ਜਿਸ ਕਾਰਨ

*...ਬਾਕੀ ਪੰਨਾ 34 'ਤੇ*

*'ਗੌਰਵਸ਼ਾਲੀ ਭਾਰਤ'*

# ਦੇਵਦਾਸੀ ਪ੍ਰਥਾ : ਸਰੀਰਕ ਸ਼ੋਸਣ ਦੀ ਮਨ-ਕੰਬਾਊ ਦਾਸਤਾਨ

**ਕੈਲਾਸ਼ ਜੈਨ**

ਸਾਡੇ ਸਮਾਜ ਵਿੱਚ ਬਾਲ ਵਿਆਹ, ਸਤੀ ਪ੍ਰਥਾ, ਵਿਧਵਾ ਦਾ ਸਮਾਜਿਕ ਜੀਵਨ ਆਦਿ ਕਿੰਨੀਆਂ ਹੀ ਮਨ-ਕੰਬਾਊ ਕੁਰੀਤੀਆਂ ਰਹੀਆਂ ਹਨ ਅਤੇ ਅੱਜ ਵੀ ਵੱਖ-ਵੱਖ ਰੂਪਾਂ 'ਚ ਔਰਤ ਸ਼ੋਸ਼ਣ ਦਾ ਸ਼ਿਕਾਰ ਹੈ। ਔਰਤ ਦੇ ਸਰੀਰਕ ਸ਼ੋਸਣ ਦੀ ਇੱਕ ਅਜਿਹੀ ਹੀ ਗੈਰ-ਮਨੁੱਖੀ ਪ੍ਰੰਪਰਾ ਦਾ ਨਾਮ ਹੈ - 'ਦੇਵਦਾਸੀ ਪ੍ਰਥਾ'। ਕਰਨਾਟਕ, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਆਦਿ ਸੂਬੇ ਇਸ ਦਾ ਗੜ੍ਹ ਰਹੇ ਹਨ ਅਤੇ ਅੱਜ ਵੀ ਇਹ ਪ੍ਰਥਾ ਮੱਠੀ ਚਾਲ ਨਾਲ ਗੈਰ-ਕਾਨੂੰਨੀ ਐਲਾਨਣ ਦੇ ਬਾਵਜੂਦ ਕਿਸੇ-ਨ-ਕਿਸੇ ਰੂਪ ਵਿੱਚ ਜਾਰੀ ਹੈ।

ਨੈਸ਼ਨਲ ਸਕੂਲ ਆਫ ਲਾਅ, ਮੁੰਬਈ ਅਤੇ ਟਾਟਾ ਇੰਸਟੀਚਿਊਟ ਆਫ ਸ਼ੋਸਲ ਸਾਇੰਸਜ਼, ਬੇਂਗਲੂਰੂ ਵੱਲੋਂ ਤਾਜਾ ਕੀਤੇ ਦੋ ਅਧਿਐਨਾਂ ਨਾਲ ਇਹ ਗੱਲ ਸਾਹਮਣੇ ਆਈ ਹੈ ਕਿ ਕਰਨਾਟਕ ਦੇਵਦਾਸੀ ਕਾਨੂੰਨ 1982 ਦੇ ਬਨਣ ਦੇ 38 ਸਾਲ ਬਾਅਦ ਵੀ ਰਾਜ ਸਰਕਾਰ ਵੱਲੋਂ ਇਸ ਕਾਨੂੰਨ ਦੇ ਸੰਚਾਲਨ ਹਿੱਤ ਨਿਯਮਾਂ ਨੂੰ ਜਾਰੀ ਕਰਨਾ ਬਾਕੀ ਹੈ। 1988 ਵਿੱਚ ਆਂਧਰਾ ਪ੍ਰਦੇਸ਼ ਸਰਕਾਰ ਨੇ ਵੀ ਇਸ ਪ੍ਰਥਾ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ ਸੀ। ਬਾਵਜੂਦ ਇਸ ਦੇ ਸਾਲ 2013 ਵਿੱਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦੱਸਿਆ ਕਿ ਹਾਲੇ ਦੇਸ਼ ਵਿੱਚ 4,50,000 ਦੇਵ-ਦਾਸੀਆਂ ਹਨ। ਇਹ ਪ੍ਰਥਾ ਗੋਆ ਵਿੱਚ ਵੀ ਪਸਰੀ ਹੋਈ ਹੈ। ਖੋਜਾਂ ਦਸਦੀਆਂ ਹਨ ਕਿ ਦੇਵਦਾਸੀ ਪ੍ਰਥਾ ਬਹੁਤ ਪੁਰਾਣੀ ਹੈ। ਇਹ ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਤੋਂ ਹੀ ਜਾਰੀ ਹੈ। ਜਦ ਮੂਰਤੀ ਪੂਜਾ ਦੇ ਵਿਕਾਸ ਨਾਲ ਮੰਦਰਾਂ ਦੀ ਉਸਾਰੀ ਸ਼ੁਰੂ ਹੋਈ ਤਾਂ ਪੂਜਾ ਦੀਆਂ ਵਿਧੀਆਂ, ਤੰਤਰ-ਮੰਤਰ ਵਿੱਚ ਕਾਫੀ ਵਾਧਾ ਹੋਇਆ। ਧਰਮ ਨੂੰ ਜਦ ਰਾਜ ਦੀ ਸਰਪ੍ਰਸਤੀ ਪ੍ਰਾਪਤ ਹੋਈ ਤਾਂ ਵੱਡੇ-ਵੱਡੇ ਪੂਜਾ ਦੇ ਸ਼ਾਨੋ-ਸ਼ੌਕਤ ਵਾਲੇ ਪ੍ਰੋਗਰਾਮ ਹੋਣ ਲੱਗੇ। ਇੱਥੇ ਨਾਚ ਅਤੇ ਗਾਉਣ ਵਿੱਚ ਨਿਪੁੰਨ ਸੁੰਦਰ ਮੁਟਿਆਰਾਂ ਦੀ ਵਰਤੋਂ ਕੀਤੀ ਜਾਣ ਲੱਗੀ। ਇੱਥੋਂ ਹੀ ਦੇਵਦਾਸੀ ਪ੍ਰਥਾ ਦਾ ਮੁੱਢ ਬੱਝਿਆ।

**ਸ਼ੁਰੂ 'ਚ ਸੇਵਾ/ਪੂਜਾ ਕਰਨਾ ਸੀ ਉਦੇਸ਼** : ਤੀਜੀ ਸ਼ਤਾਬਦੀ ਦੇ ਪਹਿਲੇ ਅੱਧ ਵਿੱਚ ਇਹ ਪ੍ਰਥਾ ਵੱਧ ਜ਼ੋਰ ਨਾਲ ਅੱਗੇ ਵਧੀ। ਪਰ ਇਸ ਦਾ ਸਰੂਪ ਨਿਰੋਲ ਧਾਰਮਿਕ ਸੀ। ਪੱਲਣ ਅਤੇ ਚੋਲ ਵੰਸ਼ ਦੇ ਹੁਕਮਰਾਨਾਂ ਦੇ ਸ਼ਾਸਨ ਕਾਲ ਵਿੱਚ ਵੀ ਇਹ ਕਾਫੀ ਵਧੀ ਫੁੱਲੀ ਪਰ ਉਸ ਸਮੇਂ ਦੇਵਦਾਸੀਆਂ ਨੂੰ ਨਾਚ, ਸੰਗੀਤ ਦਾ ਪ੍ਰਤੀਨਿਧ ਮੰਨ ਕੇ ਇੱਜਤ ਨਾਲ ਵੇਖਿਆ ਜਾਂਦਾ ਸੀ। ਪ੍ਰਸਿੱਧ ਇਤਿਹਾਸਕਾਰ ਏਡਗਰ ਥਰਸਟਨ ਨੇ ਆਪਣੀ ਕਿਤਾਬ 'Castes and Tribes in Southern India' ਵਿੱਚ ਲਿਖਿਆ : 11ਵੀਂ ਸਦੀ ਵਿੱਚ ਚੋਲ ਵੰਸ਼ ਦੇ ਰਾਜਾ ਚੋਲ ਦੇ ਸ਼ਾਸਨਕਾਲ ਵਿੱਚ ਤੰਜੌਰ ਅਤੇ ਰਾਜੇਸ਼ਵਰ ਮੰਦਿਰ ਵਿੱਚ 400 ਦੇਵਦਾਸੀਆਂ ਸਨ। ਇਸੇ ਤਰ੍ਹਾਂ ਗੁਜਰਾਤ ਦੇ ਸੋਮਨਾਥ ਮੰਦਰ ਵਿੱਚ 500 ਦੇਵਦਾਸੀਆਂ ਹੋਣ ਦੇ ਪ੍ਰਮਾਣ ਮਿਲਦੇ ਹਨ।

**ਘਿਣਾਉਣੀ ਜ਼ਿੰਦਗੀ** : ਵਿਜੇ ਨਗਰ ਸਾਮਰਾਜ ਦੇ ਦੌਰਾਨ ਦੇਵਦਾਸੀ ਪ੍ਰਥਾ ਦਾ ਮਹੱਤਵ ਘਟਣਾ ਸ਼ੁਰੂ ਹੋਇਆ। ਹੁਣ ਉਹਨਾਂ ਦਾ ਕੰਮ ਮੰਦਿਰਾਂ ਵਿੱਚ ਸਿਰਫ ਦੇਵੀ/ਦੇਵਤਿਆਂ ਦੀ ਨਾਚ, ਸੰਗੀਤ ਰਾਹੀਂ ਪੂਜਾ ਅਰਚਨਾ ਕਰਨਾ ਹੀ ਨਹੀਂ ਰਹਿ ਗਿਆ ਸਗੋਂ ਰਾਜਿਆਂ ਅਤੇ ਜਾਗੀਰਦਾਰਾਂ ਦੀ ਕਾਮ-ਵਾਸਨਾ ਸ਼ਾਂਤ ਕਰਨਾ ਵੀ ਹੋ ਗਿਆ। ਇਸ ਨੈਤਿਕ ਪਤਨ ਵਿੱਚ ਦੇਵਦਾਸੀ ਸਿਲਸਿਲੇਵਾਰ ਸਰਕਾਰੀ ਮੁਲਾਜ਼ਮ, ਪੁਜਾਰੀ, ਪੈਸੇ ਵਾਲੇ ਲੋਕਾਂ ਦੀ ਭੋਗ-ਵਿਲਾਸ ਦੀ ਵਸਤੂ ਬਣਦੀ ਗਈ ਅਤੇ ਅੱਜ ਹਾਲਤ ਇਹ ਹੈ ਕਿ ਦੇਵਦਾਸੀਆਂ ਧਾਰਮਿਕ ਮਾਨਤਾ ਪ੍ਰਾਪਤ ਵੇਸ਼ਵਾਵਾਂ ਦੀ ਘਿਰਣਿਤ ਜ਼ਿੰਦਗੀ ਜਿਉਂ ਰਹੀਆਂ ਹਨ।

**ਇੰਝ ਬਣਦੀਆਂ ਦੇਵਦਾਸੀਆਂ** : ਹੋਰ ਸਮਾਜਿਕ ਕੁਰੀਤੀਆਂ ਵਾਂਗ ਹੀ ਇਸ ਵਿੱਚ ਵੀ ਆਰਥਿਕ ਤੌਰ 'ਤੇ ਕਮਜੋਰ ਅਤੇ ਦਲਿਤ ਵਰਗ ਦੀਆਂ ਲੜਕੀਆਂ ਨੂੰ ਲਿਪਤ ਕੀਤਾ ਗਿਆ। ਦੇਵਦਾਸੀ ਪ੍ਰਥਾ ਦੇ ਮੁੱਖ ਕੇਂਦਰ ਕਰਨਾਟਕ ਰਾਜ ਦੇ ਸੌਂਦੰਤੀ (ਬੇਲਗਾਂਵ) ਕਸਬੇ ਵਿੱਚ ਪਹਾੜੀ ਉੱਤੇ ਸਥਿਤ ਦੇਵੀ ਯੱਲਮਾਂ ਦਾ ਮੰਦਰ ਹੈ। ਹਰ ਸਾਲ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਇੱਥੇ ਵੱਡਾ ਮੇਲਾ ਲਗਦਾ ਹੈ। 4-5 ਸਾਲ ਦੀਆਂ ਛੋਟੀਆਂ-ਛੋਟੀਆਂ ਬੱਚੀਆਂ ਨੂੰ ਦੇਵੀ ਦੇ ਚੜ੍ਹਾ ਕੇ (ਸਮਰਪਤ ਕਰਕੇ) ਦੇਵਦਾਸੀ ਬਣਾ ਦਿੱਤਾ ਜਾਂਦਾ ਹੈ। ਇੱਕ ਅੰਦਾਜ਼ੇ ਅਨੁਸਾਰ ਪਿਛਲੇ 40 ਸਾਲਾਂ ਵਿੱਚ ਇਸ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਮੰਦਿਰਾਂ ਵਿੱਚ 3 ਲੱਖ ਬੱਚੀਆਂ ਦੇਵਦਾਸੀਆਂ ਬਣਾਈਆਂ ਜਾ ਚੁੱਕੀਆਂ ਹਨ। ਬੱਚੀ ਨੂੰ ਸਮਰਪਤ ਕਰਨ ਦਾ ਮੁੱਖ ਕਾਰਣ ਹੈ - ਮੰਨਤ। ਘਰ ਵਿੱਚ ਕਿਸੇ ਬਿਮਾਰੀ ਦੇ ਠੀਕ ਹੋਣ, ਕਿਸੇ ਅੜੇ ਕੰਮ ਦੇ ਬਨਣ ਜਾਂ ਕਿਸੇ ਮੁਸੀਬਤ ਦੇ ਟਲਣ ਲਈ ਲੋਕ ਮੰਨਤ ਸੁਖਦੇ ਹਨ। ਫਿਰ ਕੁਦਰਤੀ ਉਸ ਦੇ ਪੂਰਾ ਹੋ ਜਾਣ 'ਤੇ 'ਬਾਲ ਕੰਨਿਆ' ਦੇਵਦਾਸੀ ਦੇ ਤੌਰ 'ਤੇ ਭੇਂਟ ਕੀਤੀ ਜਾਂਦੀ ਹੈ। ਪੁੱਤਰ ਦੀ ਪ੍ਰਾਪਤੀ ਲਈ ਵੀ ਅਜਿਹਾ ਕੀਤਾ ਜਾਂਦਾ ਹੈ। ਕਿਸੇ ਲੜਕੀ ਦੇ ਜੇ ਸਿਰ ਦੇ ਵਾਲ ਕਿਸੇ ਕੁਦਰਤੀ ਕਾਰਣ ਜਾਂ ਵਾਲਾਂ ਦੀ

ਸਫਾਈ ਨਾ ਰੱਖਣ ਕਾਰਣ ਚਿਪਕ ਜਾਣ, ਜਿਸ ਨੂੰ 'ਜਟਾਂ ਬਣਨਾ' ਕਿਹਾ ਜਾਂਦਾ ਹੈ, ਇਸ ਸਬੰਧੀ ਵੀ ਇਹਨਾਂ ਇਲਾਕਿਆਂ ਵਿੱਚ ਇਹ ਅੰਧ-ਵਿਸ਼ਵਾਸ ਪ੍ਰਚਲਿਤ ਹੈ ਕਿ ਇਸ ਨੂੰ 'ਮਾਂ ਯੱਲਮਾਂ ਦੇ ਸੱਦੇ' ਦੇ ਰੂਪ ਵਿੱਚ ਲਿਆ ਜਾਂਦਾ।

**ਵਿਆਹ ਪਰ ਕਿਸ ਦੇ ਨਾਲ** : ਬਾਲਿਕਾ ਨੂੰ ਦੇਵੀ ਯੱਲਮਾਂ ਦੇ ਚਰਨਾਂ ਵਿੱਚ ਸਮਰਪਤ ਕਰਦੇ ਹੋਏ ਜਿਹੜੀਆਂ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਉਹ ਸਾਰੀਆਂ ਵਿਆਹ ਦੀਆਂ ਰਸਮਾਂ ਨਾਲ ਮਿਲਦੀਆਂ ਜੁਲਦੀਆਂ ਹਨ। ਪਹਿਲਾਂ ਬੱਚੀ ਨੂੰ ਮੰਦਿਰ ਤੋਂ 3 ਮੀਲ ਦੂਰ ਸਥਿਤ ਜੋਗੁਲਾ ਬਣੀ ਨਾਂ ਦੇ ਖੂਹ 'ਤੇ ਪਾਣੀ ਨਾਲ ਨਹਾਇਆ ਜਾਂਦਾ ਹੈ। ਉਸ ਨੂੰ ਨਿਰਵਸਤਰ (ਨੰਗੀ ਹਾਲਤ ਵਿੱਚ) ਨਿੰਮ ਦੀਆਂ ਪੱਤੀਆਂ ਦੀ ਇੱਕ ਮਾਲਾ ਪਹਿਨਾਈ ਜਾਂਦੀ ਹੈ। ਇੱਕ ਜਲੂਸ ਦੀ ਸ਼ਕਲ ਵਿੱਚ ਪੈਦਲ ਮੰਦਰ ਤੱਕ ਲਿਆਇਆ ਜਾਂਦਾ ਹੈ। ਮੰਦਿਰ ਪਹੁੰਚਣ 'ਤੇ ਬੱਚੀ ਨੂੰ ਦੁਬਾਰਾ ਨਹਾਇਆ ਜਾਂਦਾ ਅਤੇ ਮੰਦਰ ਦੀ ਪਰਿਕਰਮਾ (ਚਾਰੇ ਪਾਸੇ ਘੁੰਮਣਾ) ਕਰਵਾਈ ਜਾਂਦੀ ਹੈ। ਪੁਜਾਰੀ ਪੂਜਾ ਅਤੇ ਆਰਤੀ ਕਰਦਾ ਹੈ। ਫਿਰ ਉਹ ਉਸ ਬੱਚੀ ਦਾ 'ਦੇਵੀ' ਨਾਲ ਵਿਆਹ ਕਰਦਾ ਅਤੇ ਬੱਚੀ ਨੂੰ ਮੰਗਲਸੂਤਰ ਪਹਿਨਾਇਆ ਜਾਂਦਾ। ਇਹ ਮੰਗਲਸੂਤਰ ਇਸ ਗੱਲ ਦਾ ਪ੍ਰਤੀਕ ਹੈ ਕਿ ਉਸ ਬੱਚੀ ਦਾ ਵਿਆਹ ਦੇਵੀ ਨਾਲ ਹੋ ਗਿਆ ਹੈ ਅਤੇ ਉਸ ਨੂੰ ਹੁਣ ਕਿਸੇ ਮਰਦ ਨਾਲ ਵਿਆਹ ਕਰਵਾਉਣ ਦਾ ਕੋਈ ਹੱਕ ਨਹੀਂ।

ਵੱਡੇ ਹੋਣ 'ਤੇ ਦੇਵਦਾਸੀਆਂ ਦੀ ਸਮਾਜਿਕ ਜ਼ਿੰਦਗੀ ਬਹੁਤ ਤਰਸਯੋਗ ਹੋ ਜਾਂਦੀ ਹੈ। ਵਿਆਹ ਦੇ ਅਧਿਕਾਰ ਤੋਂ ਵਾਂਝੇ ਹੋ ਕੇ ਉਹ ਕਿਸੇ ਇੱਕ ਆਦਮੀ ਨਾਲ ਵੱਧ ਤੋਂ ਵੱਧ ਦੋ ਸਾਲ ਦੇ ਸਮੇਂ ਤੱਕ ਰਹਿ ਸਕਦੀਆਂ ਹਨ, ਇਸ ਦੌਰਾਨ ਪੈਦਾ ਹੋਏ ਬੱਚੇ ਨਜਾਇਜ ਹੀ ਮੰਨੇ ਜਾਂਦੇ ਹਨ। ਜਿਆਦਾਤਰ ਦੇਵਦਾਸੀਆਂ ਬਾਅਦ ਵਿੱਚ ਮਹਾਂਨਗਰਾਂ ਦੇ ਦਲਾਲਾਂ ਦੇ ਜ਼ਰੀਏ ਵੇਸ਼ਵਾਬਿਰਤੀ ਕਰਕੇ ਆਪਣਾ ਜੀਵਨ ਕੱਟਦੀਆਂ ਹਨ। ਕਈ ਬਾਰ ਇਹ ਭੀਖ ਮੰਗ ਕੇ ਵੀ ਗੁਜ਼ਾਰਾ ਕਰਦੀਆਂ ਹਨ।

ਗਰੀਬੀ ਦੀ ਕੁੱਖ 'ਚੋਂ ਅੰਧ-ਵਿਸ਼ਵਾਸ ਅਤੇ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਕੁਰੀਤੀ ਦਾ ਮੁੱਢ ਵੀ ਗਰੀਬੀ ਅਤੇ ਅੰਧ-ਵਿਸ਼ਵਾਸਾਂ 'ਚ ਪਿਆ ਹੈ। ਗਰੀਬੀ ਨੂੰ ਖਤਮ ਕਰਕੇ ਅਤੇ ਲੋਕਾਂ ਨੂੰ ਸਿੱਖਿਅਤ ਕਰਕੇ ਅੰਧ-ਵਿਸ਼ਵਾਸਾਂ 'ਚੋਂ ਕੱਢਣ ਨਾਲ ਹੀ ਇਸ ਪ੍ਰਥਾ ਦਾ 'ਭੋਗ' ਪੈ ਸਕਦਾ ਹੈ।



**ਸ੍ਰੋਤ : ਹਿੰਦੀ ਮੈਗਜ਼ੀਨ 'ਸਰਿਤਾ'**
**(ਨਵੰਬਰ 2019)**
**ਪੰਜਾਬੀ ਅਨੁਵਾਦ : ਪਵਨ ਕੁਮਾਰ ਰੱਤੋ**

*ਪੰਨਾ 32 ਦਾ ਬਾਕੀ...*

ਪ੍ਰਾਪਤ ਹੋਣ ਵਾਲੀ ਰੌਸ਼ਨੀ ਦੀ ਤਰੰਗ ਲੰਬਾਈ ਵਿਚ ਲਗਾਤਾਰ ਵਾਧਾ ਹੁੰਦਾ ਜਾਂਦਾ ਹੈ। ਇਸ ਕਾਰਣ ਰੈਡ ਸ਼ਿਫ਼ਟ ਪ੍ਰਭਾਵ ਪੈਦਾ ਹੁੰਦਾ ਹੈ। ਬ੍ਰਹਿਮੰਡੀ ਪਦਾਰਥਾਂ ਵਿਚ ਲਗਾਤਾਰ ਵਧ ਰਹੀ ਦੂਰੀ ਕਾਰਨ ਹੀ ਬਲਿਊ ਸ਼ਿਫ਼ਟ ਦਾ ਬਹੁਤਾ ਮਹੱਤਵ ਨਹੀਂ ਰਹਿ ਜਾਂਦਾ। ਕਈ ਖਾਸ ਕੇਸਾਂ ਵਿਚ ਬਲਿਊ ਸ਼ਿਫ਼ਟ ਦਾ ਪ੍ਰਭਾਵ ਵੀ ਮਹੱਤਵਪੂਰਨ ਸਿੱਧ ਹੁੰਦਾ ਹੈ। ਜਿਵੇਂ ਆਕਾਸ਼ ਗੰਗਾ ਦੀ ਸਭ ਤੋਂ ਨੇੜਲੀ ਗਲੈਕਸੀ ਐਂਡਰੋਮੇਡਾ ਤੋਂ ਆਉਣ ਵਾਲੀ ਰੌਸ਼ਨੀ ਬਲਿਊ ਸ਼ਿਫ਼ਟ ਪ੍ਰਭਾਵ ਅਖਤਿਆਰ ਕਰਦੀ ਆ ਰਹੀ ਹੈ। ਇਸ ਤੋਂ ਸਪਸ਼ਟ ਹੈ ਕਿ ਐਂਡਰੋਮੇਡਾ ਗਲੈਕਸੀ ਆਕਾਸ਼ ਗੰਗਾ ਵੱਲ ਨਿਰੰਤਰ ਵਧ ਰਹੀ ਹੈ ਜਿਸ ਦਾ ਕਿਸੇ ਸਮੇਂ ਆਕਾਸ਼ ਗੰਗਾ ਵਿਚ ਸਮਾ ਜਾਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਕਿਸੇ ਆਕਾਸ਼ੀ ਪਿੰਡ ਦੀ ਰੈਡ ਸ਼ਿਫ਼ਟ ਜਿੰਨੀ ਵੱਧ ਹੋਵੇਗੀ ਉਹ ਓਨਾ ਹੀ ਸਾਡੇ ਤੋਂ ਦੂਰ ਹੋਵੇਗਾ ਕਿਉਂਕਿ ਦੂਰ ਤੋਂ ਆਉਣ ਵਾਲੇ ਪ੍ਰਕਾਸ਼ ਨੂੰ ਤਰੰਗ ਲੰਬਾਈ ਵਧਣ ਕਰਕੇ ਸਾਡੇ ਤੱਕ ਪਹੁੰਚਣ ਲਈ ਵੱਧ ਸਮਾਂ ਲਗਦਾ ਹੈ। ਇਸ ਸਮੇਂ ਦੇ ਆਧਾਰ ਤੇ ਉਸ ਆਕਾਸ਼ੀ ਪਿੰਡ ਦੀ ਦੂਰੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਡਾਪਲਰ ਪ੍ਰਭਾਵ, ਰੈਡ ਸ਼ਿਫ਼ਟ ਤੇ ਬਲਿਊ ਸ਼ਿਫ਼ਟ ਦੀ ਵਰਤੋਂ ਗਲੈਕਸੀਆਂ ਤੇ ਆਕਾਸ਼ੀ ਪਿੰਡਾਂ ਦੀ ਸਿਰਫ਼ ਦੂਰੀ ਤੇ ਗਤੀ ਪਤਾ ਲਗਾਉਣ ਲਈ ਹੀ ਨਹੀਂ ਕੀਤੀ ਜਾਂਦੀ ਸਗੋਂ ਇਨ੍ਹਾਂ ਦਾ ਤਾਪਮਾਨ, ਉਮਰ ਪਤਾ ਲਗਾਉਣ ਤੇ ਹੋਰਨਾਂ ਪੁਲਾੜੀ ਘਟਨਾਵਾਂ/ਗਤੀਵਿਧੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਕੀਤੀ ਜਾਂਦੀ ਹੈ।

**98762-24461**

*ਮਿੰਨੀ ਕਹਾਣੀ*

## ਵਿਸ਼ਵਾਸ

"ਸੰਗਤੇ ! ਜੋ ਰੱਬ ਕਰਦਾ ਚੰਗੇ ਵਾਸਤੇ ਹੀ ਕਰਦਾ ਆ। ਉਹਦੇ ਭਾਣੇ 'ਚ ਰਹੋ। ਆਪਣੇ ਸੇਵਕਾਂ ਨੂੰ ਉਹ ਤੱਤੀ ਵਾ ਨੀਂ ਲੱਗਣ ਦਿੰਦਾ। ਉਹ ਹੀ ਅੱਲਾ ਆ, ਉਹ ਹੀ ਰਾਮ ਆ। ਉਹ ਬਹੁਤ ਦਿਆਲੂ ਆ। ਉਹਦੀ ਮਰਜੀ ਬਿਨਾਂ ਪੱਤਾ ਨੀਂ ਝੜ ਸਕਦਾ।"

ਪੰਡਿਤ ਜੀ ਅਜੇ ਪ੍ਰਵਚਨ ਕਰ ਹੀ ਰਹੇ ਸੀ ਕਿ ਉਨ੍ਹਾਂ ਦਾ ਫੋਨ ਵੱਜ ਪਿਆ। ਪੰਡਿਤ ਜੀ ਬੋਲੇ, "ਬੇਟਾ ਆਉਂਦੇ ਆਉਂਦੇ 10 ਕੁ ਮਾਸਕ ਤੇ 5 ਕੁ ਸੈਨੇਟਾਈਜ਼ਰ ਲੈ ਆਈ। ਬੜਾ ਔਖਾ ਵਕਤ ਆ। ਧਿਆਨ ਨਾਲ ਰਹੋ।"

**ਸੁਲੇਖ**

*ਵਿਚਾਰ ਬੁੱਧੀਜੀਵੀਆਂ ਦੇ*

# ਕਰੋਨਾਵਾਇਰਸ ਸੰਕਟ ਬਾਰੇ ਕੀ ਕਹਿੰਦੇ ਨੇ ਚਿੰਤਕ

ਥਾਲੀਆਂ ਖੜਕਾਉਣ ਤੇ ਦੀਵੇ ਬੱਤੀਆਂ ਜਗਾਉਣ ਨਾਲ ਕਰੋਨਾ ਵਾਇਰਸ ਨੇ ਨਹੀਂ ਭੱਜਣਾ। ਲੋਕਾਂ ਨੂੰ ਸਹੀ ਵਿਗਿਆਨਕ ਜਾਣਕਾਰੀ ਦੇ ਕੇ ਉਹਨਾਂ ਦੇ ਡਰ ਨੂੰ ਦੂਰ ਕਰਕੇ ਅੱਗੇ ਵਧਣ ਦੀ ਲੋੜ ਹੈ। ਵਿਗਿਆਨਕ ਸੋਚ ਦਾ ਮਤਲਬ ਸਿਰਫ ਵਾਇਰਸ ਬਾਰੇ ਵਿਗਿਆਨਕ ਤੱਥਾਂ ਨੂੰ ਘੋਖਣਾ ਹੀ ਨਹੀਂ, ਸਗੋਂ ਇਸ ਮਸਲੇ ਨੂੰ ਨਜਿੱਠਣ ਲਈ ਵਿਗਿਆਨਕ ਸੋਚ ਦੀ ਲੋੜ ਹੈ। ਤੱਥਾਂ ਅਤੇ ਅੰਕੜਿਆਂ ਨੂੰ ਸਹੀ ਸੰਦਰਭ ਵਿੱਚ ਵੇਖਣਾ ਚਾਹੀਦਾ ਹੈ। ਮੁੱਕਦੀ ਗੱਲ ਇਹ ਹੈ ਕਿ ਆਮ ਆਦਮੀ ਨੂੰ ਡਰਨ ਦੀ ਬਿਲਕੁਲ ਲੋੜ ਨਹੀਂ ਕਿਉਂਕਿ ਇਹ ਲਾਗ ਵਾਲੀ ਅਤੇ ਛੂਤ ਵਾਲੀ ਬਿਮਾਰੀ ਤਾਂ ਹੈ, ਪਰ ਏਨੀ ਜਾਨਲੇਵਾ ਨਹੀਂ। ਮਸਲਾ ਜਨਤਕ ਸਿਹਤ ਦਾ ਹੈ, ਨਾ ਕਿ ਵਿਅਕਤੀਗਤ ਸਿਹਤ ਦਾ। ਸਮੂਹਿਕ ਰੋਗ ਪ੍ਰਤੀਰੋਧਕ ਸ਼ਕਤੀ ਹੀ ਇਸ ਬਿਮਾਰੀ ਤੋਂ ਛੁਟਕਾਰੇ ਦਾ ਇੱਕੋ ਇੱਕ ਹੱਲ ਹੈ। ਇਸ ਬਿਮਾਰੀ ਨਾਲ ਨਜਿੱਠਣ ਲਈ ਲੰਬੀ ਯੋਜਨਾ ਬਨਾਉਣ ਦੀ ਲੋੜ ਹੈ। ਸਾਡਾ ਸਰਕਾਰੀ ਸਿਹਤ ਢਾਂਚਾ ਬੁਰੀ ਤਰ੍ਹਾਂ ਵਿਗੜ ਚੁੱਕਿਆ ਹੈ ਜਿਸ ਨੂੰ ਸਹੀ ਕਰਕੇ ਹਰ ਪਿੰਡ ਪੱਧਰ 'ਤੇ ਇਲਾਜ ਮੁਹੱਈਆ ਕਰਵਾਉਣ ਲਈ ਸਿਹਤ ਸਹੂਲਤਾਂ ਦਾ ਨਿਰਮਾਣ ਕਰਨ ਦੀ ਲੋੜ ਹੈ। ਕੈਂਪ ਹਸਪਤਾਲ ਬਨਾਉਣ ਦੀ ਲੋੜ ਹੈ। ਜਰਮਨੀ ਵਾਂਗ ਇਮਿਊਨਿਟੀ ਟੈਸਟ ਕਰਨੇ ਚਾਹੀਦੇ ਹਨ।



**ਪ੍ਰੋ. ਅਰਵਿੰਦ**
**ਆਈ.ਆਈ.ਐੱਸ.ਈ.ਆਰ. ਮੁਹਾਲੀ**
**(ਲੇਖ 'ਕਰੋਨਾ ਵਾਇਰਸ, ਵਿਗਿਆਨ ਅਤੇ ਵਿਗਿਆਨਕ ਸੋਚ')**

***

ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਬਾਅਦ ਟ੍ਰੋਲਰਾਂ ਦੀ ਫੌਜ ਵੱਲੋਂ ਉਹਨਾਂ ਦੇ ਬਿਆਨ ਦੀ ਵਿਆਖਿਆ ਕੀਤੀ ਜਾਣ ਲੱਗੀ, ਇਸ ਨਾਲ ਸਮਾਜ ਵਿੱਚ ਅਨੇਕਾਂ ਭਰਮ ਭੁਲੇਖੇ ਫੈਲੇ। ਟ੍ਰੋਲਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਥਾਲੀਆਂ ਖੜਕਾਉਣ, ਘੰਟੀਆਂ ਅਤੇ ਸੰਖ ਵਜਾਉਣ ਨਾਲ ਨਿਕਲਣ ਵਾਲੀ ਅਵਾਜ ਨਾਲ ਕਰੋਨਾ ਵਾਇਰਸ ਦਾ ਸੈੱਲ ਫਟ ਜਾਵੇਗਾ ਅਤੇ ਮਹਾਮਾਰੀ ਖਤਮ ਹੋ ਜਾਵੇਗੀ। ਸੰਕਟ ਵਾਲੀ ਕਿਸੇ ਵੀ ਹਾਲਤ ਵਿੱਚ ਲੋਕ ਭੁਲੇਖਾਪਾਊ ਗੱਲਾਂ ਨੂੰ ਸੱਚ ਸਮਝ ਹੀ ਬੈਠਦੇ ਹਨ। ਪਹਿਲੀ ਵਾਰ ਪ੍ਰਧਾਨ ਮੰਤਰੀ ਨੇ ਅਜਿਹੀਆਂ ਗੱਲਾਂ ਨਹੀਂ ਕੀਤੀਆਂ। ਡਾਕਟਰੀ ਵਿਗਿਆਨ ਕਲਪਨਾ ਨਹੀਂ ਹੈ ਅਤੇ ਨਾ ਹੀ ਇਹ ਵਿਸ਼ਵਾਸ ਪ੍ਰਣਾਲੀ ਹੈ। ਊਲ ਜਲੂਲ ਵਿਚਾਰਾਂ ਦਾ ਪ੍ਰਚਾਰ ਨਾ ਸਿਰਫ ਖਤਰਨਾਕ ਹੈ, ਸਗੋਂ ਅਪਰਾਧ ਵੀ ਹੈ। ਇਸ ਲਈ ਸਜ਼ਾ ਤੈਅ ਹੋਣੀ ਚਾਹੀਦੀ ਹੈ। ਸਰਕਾਰੀ ਤੰਤਰ ਤਰਕਹੀਣ ਵਿਚਾਰਾਂ ਨੂੰ ਬਹੁਤ ਚਲਾਕੀ ਨਾਲ ਅੱਗੇ ਵਧਾ ਰਿਹਾ ਹੈ। ਸਮੂਹਿਕ ਚੇਤਨਾ ਰੂੜੀਵਾਦੀ ਵਿਚਾਰਾਂ ਨਾਲ ਨਹੀਂ ਆਉਣੀ, ਸਗੋਂ ਯੋਜਨਾ, ਪਿਆਰ, ਮੁਹੱਬਤ ਅਤੇ ਸਮਾਜਿਕ ਇੱਕਮੁਠਤਾ ਨਾਲ ਆਵੇਗੀ।



**ਡਾ. ਅਰੁਣ ਮਿੱਤਰਾ**
**(ਲੇਖ 'ਕਰੋਨਾ ਦੌਰ 'ਚ ਵਿਗਿਆਨਕ ਪਹੁੰਚ ਦੀ ਅਹਿਮੀਅਤ')**

***

ਕੀ ਇਹ ਸਚਾਈ ਹੈ ਕਿ ਭਾਰਤ ਵਿੱਚ ਕਰੋਨਾਵਾਇਰਸ ਤਬਲੀਗੀ ਜਮਾਤ ਕਰਕੇ ਫੈਲ ਰਿਹਾ ਹੈ? ਇਹ ਪ੍ਰਚਾਰ ਕਰਕੇ ਅਸਲ ਵਿੱਚ ਕਰੋਨਾਵਾਇਰਸ ਦੇ ਸਹੀ ਕਾਰਣਾਂ-ਵੇਲੇ ਸਿਰ ਯੋਗ ਕਦਮ ਨਾ ਚੁੱਕਣਾ, ਸਰਕਾਰੀ ਅਣਗਹਿਲੀਆਂ, ਹੁਣ ਵੀ ਸਿਹਤ ਕਾਮਿਆਂ ਕੋਲ ਲੋੜੀਂਦੀਆਂ ਸਹੂਲਤਾਂ ਨਾ ਹੋਣਾ ਅਤੇ ਦੇਸ਼ ਦੇ 80 ਕਰੋੜ ਗਰੀਬਾਂ ਵੱਲੋਂ ਭੁੱਖ ਨਾਲ ਜੂਝਣ ਅਤੇ ਭਵਿੱਖੀ ਅਤੇ ਵਰਤਮਾਨ ਖਤਰਿਆਂ ਤੋਂ ਧਿਆਨ ਹਟਾਇਆ ਜਾ ਰਿਹਾ ਹੈ। ਇਸ ਮੁਸਲਿਮ ਵਿਰੋਧੀ ਮਾਹੌਲ ਨੂੰ ਤੁਰੰਤ ਠੱਲਣ ਦੀ ਲੋੜ ਹੈ। ਵੰਨ ਸਵੰਨਤਾ ਨੂੰ ਨਜ਼ਰ ਅੰਦਾਜ ਕਰਕੇ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਨਿਸ਼ਾਨਾ ਬਨਾਉਣਾ ਕਰੋਨਾ ਤੋਂ ਵੀ ਖਤਰਨਾਕ ਹੋ ਸਕਦਾ ਹੈ। ਅਜਿਹੇ ਪ੍ਰਚਾਰ ਅਤੇ ਫੈਸਲਿਆਂ ਨੇ 1947 ਦਾ ਸਮਾਂ ਵੇਖਣ ਲਈ ਮਜ਼ਬੂਰ ਕਰ ਦਿੱਤਾ ਸੀ। ਕੀ ਅੰਧਰਾਸ਼ਟਰ ਵਿੱਚ ਫਸੀ ਅਤੇ ਮਹਾਂ ਸ਼ਕਤੀਆਂ ਦੀ ਦਾਅਵੇਦਾਰੀ ਇਹ ਵੀ ਸੋਚੇਗੀ ਕਿ ਸਮੱਸਿਆਵਾਂ ਉਹਨਾਂ ਦੇ ਕੱਦ ਤੋਂ ਵੱਡੀਆਂ ਹੋ ਗਈਆਂ ਹਨ ਜਿਨ੍ਹਾਂ ਨੂੰ ਹੱਲ ਕਰਨਾ ਸਾਂਝੀਵਾਲਤਾ ਦੇ ਸਿਧਾਂਤ ਨਾਲ ਹੀ ਸੰਭਵ ਹੈ।



**ਹਮੀਰ ਸਿੰਘ**
**ਸੀਨੀਅਰ ਪੱਤਰਕਾਰ ਅਤੇ ਲੇਖਕ**
**(ਲੇਖ 'ਸਮਾਜਿਕ ਦੂਰੀ : ਕਰੋਨਾ ਦੇ ਬਹਾਨੇ ਜ਼ਹਿਰੀਲਾ ਪ੍ਰਚਾਰ')**

***

ਐਮਰਜੈਂਸੀ ਦੀ ਪ੍ਰਕਿਰਤੀ ਹੀ ਅਜਿਹੀ ਹੁੰਦੀ ਹੈ ਕਿ ਉਹ ਇਤਿਹਾਸਕ ਪ੍ਰੀਕ੍ਰਿਆਵਾਂ ਦਾ ਪਹੀਆ ਤੇਜੀ ਨਾਲ ਘੁੰਮਾ

ਦਿੰਦੀ ਹੈ। ਇਸ ਦੌਰਾਨ ਅਜਿਹੇ ਫੈਸਲੇ ਘੰਟਿਆਂ ਵਿੱਚ ਲੈ ਲਏ ਜਾਂਦੇ ਹਨ, ਜਿਨ੍ਹਾਂ 'ਤੇ ਆਮ ਤੌਰ 'ਤੇ ਵਰ੍ਹਿਆਂ ਬੱਧੀ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਹੈ। ਦੇਸ਼ਾਂ ਦੇ ਦੇਸ਼ ਆਪਣੇ ਨਾਗਰਿਕਾਂ ਨੂੰ ਵਿਸ਼ਾਲ ਸਮਾਜਿਕ ਪ੍ਰਯੋਗਾਂ ਦੀ ਚੂਹਾ-ਪ੍ਰਯੋਗਸ਼ਾਲਾ ਵਿੱਚ ਤਬਦੀਲ ਕਰ ਦਿੰਦੇ ਹਨ। ਕਰੋਨਾ ਦੀ ਇਹ ਮਹਾਂਮਾਰੀ ਨਿਗਰਾਨੀ ਦੇ ਇਤਿਹਾਸ ਵਿੱਚ ਇੱਕ ਵੱਡਾ ਮੋੜ ਸਾਬਤ ਹੋ ਸਕਦੀ ਹੈ। ਸਰਕਾਰਾਂ ਅਤੇ ਸੰਸਥਾਵਾਂ ਭਾਵੇਂ ਲੋਕਾਂ ਦੀ ਨਿਗਰਾਨੀ ਕਰਨ ਲਈ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਿਗ੍ਹਾ ਰੱਖਣ ਅਤੇ ਉਸ ਤੋਂ ਪ੍ਰਾਪਤ ਜਾਣਕਾਰੀ ਨੂੰ ਆਪਣੇ ਹਿੱਤਾਂ ਵਿੱਚ ਵਰਤਣ ਦਾ ਕਾਰਜ ਪਹਿਲਾਂ ਵੀ ਕਰਦੀਆਂ ਰਹੀਆਂ ਹਨ, ਹੁਣ ਚੋਰੀ-ਛਿਪੇ ਦੀ ਥਾਂ ਇਹ ਸ਼ਰੇਆਮ ਹੋਵੇਗਾ। ਅਸੀਂ ਕਹਿ ਸਕਦੇ ਹਾਂ ਕਿ ਇਸ ਵਿੱਚ ਨਵਾਂ ਕੀ ਹੈ?

ਸਰਕਾਰਾਂ ਅਤੇ ਬਹੁਕੌਮੀ ਕੰਪਨੀਆਂ ਲੋਕਾਂ ਦੀ ਨਿਗਰਾਨੀ ਕਰਨ, ਪਸੰਦ ਨਾ ਪਸੰਦ 'ਤੇ ਨਜ਼ਰ ਰੱਖਣ ਲਈ ਮਨਚਾਹੇ ਜੋੜ ਤੋੜ ਕਰਨ ਲਈ ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਦੀਆਂ ਹੀ ਰਹੀਆਂ ਹਨ ਪਰ ਨਹੀਂ ਇਸ ਵਾਰ ਸੁਰਜੀਤ ਪਾਤਰ ਦੀ ਕਵਿਤਾ ਵਿਚਲੀ 'ਬੁੱਢੀ ਜਾਦੂਗਰਨੀ' ਵਧੇਰੇ ਮੁਖਰ ਅਤੇ ਨਵੇਂ ਅਸ਼ਤਰਾਂ-ਸ਼ਾਸਤਰਾਂ ਨਾਲ ਲੈਸ ਹੋਵੇਗੀ। ਪਾਸ਼ ਨੂੰ ਵੀ ਆਪਣੀ ਕਵਿਤਾ 'ਜੇਲ੍ਹ' ਸ਼ਾਇਦ ਨਵੇਂ ਸਿਰੇ ਤੋਂ ਲਿਖਣੀ ਪੈਂਦੀ। ਹਰਾਰੀ ਇਹੀ ਕਹਿੰਦਾ ਹੈ ਕਿ ਇਸ ਵਾਰ ਉਹਨਾਂ ਨੂੰ ਕੋਈ ਭੁਲੇਖਾ ਨਹੀਂ ਹੋਵੇਗਾ ਕਿਉਂਕਿ ਉਹ ਗੁਸਤਾਖ ਪਲਾਂ ਦੀ ਬੇਜਿਸਮ ਹੋਂਦ ਨੂੰ ਜਿੰਦਰੇ ਵਿੱਚ ਡੱਕ ਸਕਦੇ ਹਨ ਅਤੇ ਸੜਕਾਂ 'ਤੇ ਅਦਿੱਖ ਕੰਧਾਂ ਵੀ ਉਸਾਰ ਸਕਦੇ ਹਨ। ਹੁਣ ਤੱਕ ਇਹ ਕਹਾਣੀ ਸਿਰਫ ਇੱਥੋਂ ਤੱਕ ਸੀਮਤ ਸੀ ਕਿ ਜਦੋਂ ਸਾਡੀਆਂ ਉਂਗਲਾਂ ਸਮਾਰਟ ਫੋਨ ਦੀ ਸਕਰੀਨ ਨੂੰ ਛੂਹਦੀਆਂ ਸਨ ਤਾਂ ਸਰਕਾਰੀ ਸੰਸਥਾਵਾਂ, ਕੰਪਨੀਆਂ ਅਤੇ ਸੰਗਠਨਾਂ ਦਾ ਧਿਆਨ ਇਸ ਗੱਲ ਵੱਲ ਹੁੰਦਾ ਸੀ ਕਿ ਉਹ ਕਿਹੜਾ ਲਿੰਕ ਕਲਿੱਕ ਕਰਨਗੀਆਂ।

ਡਾਟਾ-ਵਿਸ਼ਲੇਸ਼ਕ ਸਿਰਫ਼ ਇਹੀ ਵੇਖਦੇ ਸੀ ਕਿ ਅਸੀਂ ਕੀ ਪੜ੍ਹ-ਦੇਖ ਰਹੇ ਹਾਂ ਪਰ ਕਰੋਨਾ ਮਹਾਂਮਾਰੀ ਤੋਂ ਬਾਅਦ ਸਾਈਬਰ ਸੰਸਾਰ ਦੀ ਦਿਲਚਸਪੀ ਬਦਲ ਜਾਵੇਗੀ। ਹੁਣ ਸਰਕਾਰਾਂ ਸਾਡੀਆਂ ਉਂਗਲੀਆਂ ਦਾ ਤਾਪਮਾਨ ਅਤੇ ਬਲੱਡ ਪ੍ਰੈਸ਼ਰ ਜਾਨਣ ਵੱਲ ਰੁਚਿਤ ਹੋਣਗੀਆਂ। ਭਾਵੇਂ ਇਹ ਕਲਪਨਾ ਜਾਪ ਸਕਦੀ ਹੈ, ਪਰ ਕੱਲ੍ਹ ਨੂੰ ਕੋਈ ਸਰਕਾਰ ਕਹਿ ਸਕਦੀ ਹੈ ਕਿ ਉਸ ਦੇ ਨਾਗਰਿਕ ਨੂੰ ਬਾਇਓਮੀਟਰਿਕ ਬ੍ਰੇਸਲੈਟ ਪਹਿਨਣਾ ਜਰੂਰੀ ਹੈ। ਬ੍ਰੇਸਲੈਟ ਤੋਂ ਮਿਲਣ ਵਾਲਾ ਡਾਟਾ ਸਰਕਾਰੀ ਸਰਵਰ ਵਿੱਚ ਜਾਂਦਾ ਰਹੇਗਾ। ਸਰਕਾਰ ਇਸਦਾ ਵਿਸ਼ਲੇਸ਼ਣ ਕਰੇਗੀ। ਉਸ ਨੂੰ ਇਹ ਵੀ ਪਤਾ ਹੋਵੇਗਾ ਕਿ ਤੁਸੀਂ ਕਿੱਥੇ-ਕਿੱਥੇ ਗਏ ਅਤੇ ਕਿਸ-ਕਿਸ ਨੂੰ ਮਿਲੇ ਸੀ।



**ਡਾ. ਰਵੀ ਰਵਿੰਦਰ**
**ਪੰਜਾਬੀ ਵਿਭਾਗ,**
**ਦਿੱਲੀ ਯੂਨੀਵਰਸਿਟੀ, ਦਿੱਲੀ**
**(ਲੇਖ 'ਕਰੋਨਾ ਸੰਕਟ ਤੋਂ ਬਾਅਦ ਦੀ ਦੁਨੀਆਂ')**

***

ਕੋਰੋਨਾ ਵਾਇਰਸ ਨੇ ਜ਼ੋਰਾਵਰਾਂ ਨੂੰ ਗੋਡੇ ਟੇਕਣ ਲਈ ਮਜ਼ਬੂਰ ਕਰ ਦਿੱਤਾ ਹੈ ਅਤੇ ਦੁਨੀਆਂ ਨੂੰ ਇੱਕ ਐਸੀ ਖੜੋਤ ਉੱਪਰ ਲਿਆ ਖੜ੍ਹਾ ਕੀਤਾ ਹੈ ਜਿਸ ਤਰ੍ਹਾਂ ਦਾ ਇਸ ਤੋਂ ਪਹਿਲਾਂ ਕੋਈ ਚੀਜ਼ ਨਹੀਂ ਕਰ ਸਕੀ ਸੀ। ਸਾਡੇ ਦਿਮਾਗ ਅਜੇ ਵੀ ਤੇਜ਼ੀ ਨਾਲ ਅੱਗੇ ਪਿੱਛੇ ਵੱਲ ਦੌੜ ਰਹੇ ਹਨ ਅਤੇ 'ਸਹਿਜ ਹਾਲਤ' ਵਿੱਚ ਆਉਣ ਦੇ ਲਈ ਤਾਂਘ ਰਹੇ ਹਨ, ਅਤੇ ਭਵਿੱਖ ਨੂੰ ਅਤੀਤ ਦੇ ਨਾਲ ਸਿਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ, ਇਹ ਵਿਚਕਾਰਲੀ ਦਰਾੜ ਦਾ ਨੋਟਿਸ ਲੈਣ ਤੋਂ ਇਨਕਾਰੀ ਹਨ। ਲੇਕਿਨ ਇਹ ਦਰਾੜ ਤਾਂ ਹਕੀਕੀ ਤੌਰ 'ਤੇ ਮੌਜੂਦ ਹੈ। ਇਸ ਘੋਰ ਮਾਯੂਸੀ ਦਰਮਿਆਨ ਵੀ ਇਹ ਸਾਨੂੰ ਇੱਕ ਮੌਕਾ ਦੇ ਰਹੀ ਹੈ। ਅਸੀਂ ਮੁੜ ਵਿਚਾਰ ਕਰ ਸਕੀਏ। ਸਹਿਜ ਹਾਲਤ ਵਿੱਚ ਪਰਤਣ ਤੋਂ ਜਿਆਦਾ ਬੁਰਾ ਹੋਰ ਕੁਛ ਨਹੀਂ ਹੋ ਸਕਦਾ। ਇਤਿਹਾਸਕ ਤੌਰ 'ਤੇ ਆਲਮੀ ਮਹਾਂਮਾਰੀਆਂ ਨੇ ਇਨਸਾਨਾਂ ਨੂੰ ਸਦਾ ਅਤੀਤ ਨਾਲੋਂ ਨਾਤਾ ਤੋੜਣ ਅਤੇ ਆਪਣੇ ਲਈ ਇੱਕ ਅਸਲੋਂ ਹੀ ਨਵੀਂ ਦੁਨੀਆਂ ਦੀ ਕਲਪਨਾ ਕਰਨ ਨੂੰ ਮਜ਼ਬੂਰ ਕੀਤਾ ਹੈ। ਇਹ ਮਹਾਂਮਾਰੀ ਵੀ ਉਸੇ ਤਰ੍ਹਾਂ ਦੀ ਹੈ। ਇਹ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਦਰਮਿਆਨ ਦਾ ਮਾਰਗ ਪ੍ਰਵੇਸ਼ ਦੁਆਰ ਹੈ। ਅਸੀਂ ਚਾਹੀਏ ਤਾਂ ਆਪਣੇ ਤੁਅੱਸਬਾਂ ਅਤੇ ਨਫ਼ਰਤਾਂ, ਆਪਣੇ ਲੋਭ, ਆਪਣੇ ਡੇਟਾ ਬੈਂਕਾਂ ਅਤੇ ਮੁਰਦਾ ਵਿਚਾਰਾਂ, ਆਪਣੀਆਂ ਮ੍ਰਿਤਕ ਨਦੀਆਂ ਅਤੇ ਧੂੰਏ ਭਰੇ ਅੰਬਰਾਂ ਦੀਆਂ ਲਾਸ਼ਾਂ ਨੂੰ ਆਪਣੇ ਮਗਰ ਘੜੀਸਦੇ ਹੋਏ ਇਸ ਵਿੱਚ ਪ੍ਰਵੇਸ਼ ਕਰ ਸਕਦੇ ਹਾਂ। ਜਾਂ ਅਸੀਂ ਅਤੀਤ ਦਾ ਕੋਈ ਬੋਝ ਢੋਏ ਬਗੈਰ ਹੀ ਇੱਕ ਨਵੀਂ ਦੁਨੀਆਂ ਦੀ ਕਲਪਨਾ ਕਰ ਸਕਦੇ ਹਾਂ ਅਤੇ ਉਸ ਦੇ ਲਈ ਸੰਘਰਸ਼ ਦੀ ਤਿਆਰੀ ਕਰ ਸਕਦੇ ਹਾਂ।



**ਅਰੁੰਧਤੀ ਰਾਏ**
**(ਬੁੱਕਰ ਇਨਾਮ ਜੇਤੂ ਲੇਖਿਕਾ)**
**(ਲੇਖ 'ਇਹ ਆਲਮੀ ਮਹਾਂਮਾਰੀ ਇੱਕ ਨਵੀਂ ਦੁਨੀਆਂ ਦਾ ਪ੍ਰਵੇਸ਼ ਦੁਆਰ ਹੈ')**

***

*...ਬਾਕੀ ਪੰਨਾ 48 'ਤੇ*

# ਬੋਲ ਸਦੀਵੀਂ



## ਉਹ ਚਲਦੇ ਜਾ ਰਹੇ ਹਨ

ਕਦੇ ਇੱਕ ਹੱਥ ਵਿੱਚ ਫੜਦੇ ਹਨ ਬੈਗ
ਕਦੇ ਦੂਸਰੇ ਵਿੱਚ
ਕਦੇ ਮੋਢੇ 'ਤੇ ਰੱਖ ਲੈਂਦੇ ਹਨ।
ਇੱਕ ਨੇ ਤਾਂ ਆਪਣੀ ਪਤਨੀ ਨੂੰ ਮੋਢੇ 'ਤੇ ਬਿਠਾ ਲਿਆ ਹੈ
ਸੈਂਕੜੇ ਕਿਲੋਮੀਟਰ ਦੇ ਸਫਰ ਲਈ।
ਮੇਰੀ ਭਾਸ਼ਾ ਦੀਆਂ ਫਿਲਮਾਂ ਵਿੱਚ ਉਨ੍ਹਾਂ ਦੀ ਕੋਈ ਪ੍ਰੇਮ
ਕਹਾਣੀ ਨਹੀਂ ।
ਅਸੀਂ ਆਪਣੇ ਘਰ ਵਿੱਚ ਝਾੜੂ ਲਗਾ ਕੇ
ਆਪਣਾ ਖਾਣਾ ਖੁਦ ਬਣਾ ਕੇ
ਬੜਾ ਮਾਣ ਕਰ ਰਹੇ ਹਾਂ।
ਯੁਰੇਕਾ ਯੁਰੇਕਾ
ਜਾਮ ਕਰ ਦਿੱਤਾ ਹੈ ਅਸੀਂ ਇੰਟਰਨੈੱਟ ਨੂੰ
ਆਪਣੇ ਖਾਣੇ ਦੀਆਂ ਤਸਵੀਰਾਂ ਨਾਲ
ਅਤੇ ਉਹ ਚਲਦੇ ਜਾ ਰਹੇ ਹਨ
ਬਿਨਾਂ ਖਾਣੇ ਦੇ
ਬਿਨਾਂ ਕੋਈ ਸੁਆਲ ਪੁੱਛੇ
ਬਿਨਾਂ ਕੋਈ ਦਰਵਾਜਾ ਖੜਕਾਏ।
ਕੀ ਇਨ੍ਹਾਂ ਦੇ ਬੱਚੇ ਥੱਕਦੇ ਨਹੀਂ ?
ਜਿਦ ਨਹੀਂ ਕਰਦੇ ਕੁਝ ਲੈਣ ਦੀ ?
ਕਿਸ ਤਰ੍ਹਾਂ ਲੱਗਦਾ ਹੋਵੇਗਾ
ਜਦੋਂ
ਇਨ੍ਹਾਂ ਦੇ ਪਿਓ ਨੂੰ ਪੁਲਿਸ ਕਿਤੇ ਵੀ ਕੁੱਟ ਧਰਦੀ ਹੈ
ਇਨ੍ਹਾਂ ਦੇ ਪੈਰ ਲੋਹੇ ਦੇ ਹਨ ?
ਇਨ੍ਹਾਂ ਦੀ ਛਾਤੀ ਵਿੱਚ ਅਥਾਹ ਧੀਰਜ
ਇਨ੍ਹਾਂ ਨੇ ਹੀ ਬਣਾਈਆਂ ਹਨ
ਸਾਡੀਆਂ ਛੱਤਾਂ, ਇਹ ਖਿੜਕੀਆਂ
ਜਿਨ੍ਹਾਂ ਵਿੱਚੋਂ
ਇਹ ਸੁੰਦਰ ਸੂਰਜ ਦਿਸਦਾ ਹੈ
ਇਨ੍ਹਾਂ ਨੇ ਹੀ ਉਗਾਈਆਂ ਹਨ
ਇਹ ਫਸਲਾਂ ਇਹ ਅਨਾਜ
ਜੋ ਅਸੀਂ ਸਟੋਰ ਕਰ ਲਿਆ ਹੈ।
ਇਨ੍ਹਾਂ ਨੇ ਆਪਣੇ ਮੋਢਿਆਂ 'ਤੇ
ਸੈਂਕੜੇ ਸਾਲਾਂ ਤੋਂ
ਇਸ ਧਰਤੀ ਨੂੰ ਢੋਇਆ ਹੈ
ਤਾਂ ਇਹ ਬੈਗ ਕੀ ਹੈ ?
ਇਹ ਤਾਂ ਪਹੁੰਚ ਹੀ ਜਾਣਗੇ
ਦੇਰ ਸਵੇਰ
ਪੈਰਾਂ 'ਤੇ ਛਾਲੇ ਅਤੇ ਪਿੱਠ 'ਤੇ ਕੁੱਟ ਦੇ ਨਿਸ਼ਾਨ ਲੈ ਕੇ।
ਮੈਂ ਤਾਂ ਬੱਸ ਏਨਾ ਹੀ ਜਾਨਣਾ ਹੈ
ਕਿ ਅਸੀਂ ਕਿੱਥੇ ਪਹੁੰਚਾਂਗੇ ?
ਕਿਹੜੇ ਹੈਸ਼ ਟੈਗ 'ਤੇ ਪਹੁੰਚ ਕੇ
ਇਹ ਸਾਡੇ ਕਮਰਿਆਂ ਚੋਂ ਆਪਣੇ ਹਿੱਸੇ ਦੀ ਇੱਟ ਮੰਗਣਗੇ ?
ਕਿਹੜੇ ਹੈਸ਼ ਟੈਗ 'ਤੇ ਪਹੁੰਚ ਕੇ
ਸਾਨੂੰ ਯਾਦ ਆਵੇਗਾ
ਕਿ ਕਿਸੇ ਦੇ ਹਿੱਸੇ ਦੇ ਖਾਣੇ ਵਿੱਚੋਂ
ਇੱਕ ਥਾਲੀ ਉਹਨੂੰ ਦੇ ਦੇਣ ਨੂੰ ਦਾਨ ਨਹੀਂ ਕਹਿੰਦੇ।

**ਗੌਰਵ ਸੋਲੰਕੀ**

## ਪੁੱਛਦੇ ਹਨ ਬੱਚੇ !

ਮੈਂ ਸਵੇਰੇ ਸਵੇਰੇ ਬੱਚਿਆਂ ਤੋਂ ਅਖਬਾਰ ਲੁਕਾ ਲੈਂਦਾ ਹਾਂ
ਅਤੇ ਟੀਚਰ ਕਹਿੰਦੀ ਹੈ
ਨਿਊਜ਼ ਲਿਖ ਕੇ ਲਿਆਓ
ਨਿਊਜ਼ ਲਿਖਣ ਲੱਗੇ ਬੱਚੇ ਪੁਛਦੇ ਹਨ
ਕਿਉਂ ਜਲਾਇਆ ਗਿਆ ਪ੍ਰੋਫੈਸਰ ਲੜਕੀ ਨੂੰ
ਨਿਰਭੈਯ ਕੌਣ ਸੀ
ਇਹ ਬਲਾਤਕਾਰ ਕੀ ਹੁੰਦਾ ਹੈ
ਜਾਮੀਆ ਦੀਆਂ ਲੜਕੀਆਂ ਨੂੰ ਕਿਉਂ ਕੁੱਟ ਰਹੀ ਹੈ ਪੁਲਸ
ਇਹ ਪ੍ਰਾਈਵੇਟ ਪਾਰਟ ਦਾ
ਕੀ ਮਤਲਬ ਹੈ ਪਾਪਾ
ਮੈਂ ਬੱਚਿਆਂ ਨੂੰ ਕੋਮਲ ਅੰਗਾਂ ਦੀ ਕੋਮਲਤਾ ਨਾਲ ਵੱਡੇ
ਕਰਨਾ ਚਾਹੁੰਦਾ ਹਾਂ
ਇਹ ਖਬਰਾਂ ਹਨ
ਕਿ ਸਾਡੀ ਚੇਤਨਤਾ ਤੋਂ ਕੋਮਲਤਾ ਖੋਹ ਰਹੀਆਂ ਹਨ
ਮੈਂ ਅਖਬਾਰ ਹਟਾ ਦੇਣਾ ਚਾਹੁੰਦਾ ਹਾਂ
ਫਿਰ ਸੋਚਦਾ ਹਾਂ ਕਿ
ਕਠੋਰ ਜੀਵਨ ਵਿੱਚ
ਕੀ ਕੋਮਲਤਾ ਦਾ ਮੁੱਲ ਵੀ ਹੈ ਕੋਈ ?
ਬੱਚੇ ਨਿਊਜ਼ ਲਿਖ ਰਹੇ ਹੁੰਦੇ ਹਨ
ਅਤੇ ਮੈਂ ਰੁੱਝੇ ਹੋਣ ਦਾ ਦਿਖਾਵਾ ਕਰਦਾ ਹਾਂ
ਤਾਂ ਕਿ ਬੱਚੇ ਕਰੂਰ ਸਵਾਲ ਨਾ ਪੁੱਛਣ

**ਵਰਿੰਦਰ ਭਾਟੀਆ**

*ਚਿੰਤਨ*

# ਭਗਵਾਨ ਕਿੱਥੇ ਹੈ ? ? ?



**ਤਸਲੀਮਾ ਨਸਰੀਨ**

ਕਾਬਾ ਦਾ ਚੱਕਰ ਲਗਾਉਣ ਦੇ ਰਿਵਾਜ 'ਤਵਾਫ਼' ਤੋਂ ਲੈ ਕੇ ਖੁਦ ਉਮਰਾ (ਤੀਰਥ-ਯਾਤਰਾ) ਤੱਕ ਮੱਕਾ ਵਿੱਚ ਸਭ ਕੁੱਝ ਠੱਪ ਹੈ। ਮਦੀਨਾ ਵਿੱਚ ਪੈਗੰਬਰ ਮੁਹੰਮਦ ਦੇ ਦਫਨਾਏ ਜਾਣ ਦੇ ਸਥਾਨ ਦੀ ਤੀਰਥ ਯਾਤਰਾ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਸੰਭਵ ਹੈ, ਸਲਾਨਾ ਹੱਜ ਵੀ ਅੱਗੇ ਪਾ ਦਿੱਤੇ ਜਾਣ। ਅਨੇਕਾ ਮਸਜਿਦਾਂ ਜੁਮੇ ਦੀ ਨਮਾਜ਼ ਰੱਦ ਕਰ ਚੁੱਕੀਆਂ ਹਨ। ਕੁਵੈਤ ਵਿੱਚ ਵਿਸ਼ੇਸ਼ ਅਜ਼ਾਨਾਂ ਵਿੱਚ ਲੋਕਾਂ ਨੂੰ ਘਰੇ ਹੀ ਇਬਾਦਤ ਕਰਨ ਲਈ ਕਿਹਾ ਜਾ ਰਿਹਾ ਹੈ। ਮੌਲਵੀ ਲੋਕ ਹੁਣ ਲੋਕਾਂ ਨੂੰ ਵਾਇਰਸ ਤੋਂ ਬਚਾਉਣ ਲਈ ਮਸਜਿਦਾਂ ਵਿੱਚ ਜਾ ਕੇ ਅੱਲ੍ਹਾ ਅੱਗੇ ਦੁਆ ਕਰਨ ਦਾ ਦਾਅਵਾ ਨਹੀਂ ਕਰ ਰਹੇ। ਅਜਿਹਾ ਇਸ ਲਈ ਹੈ ਕਿਉਂਕਿ ਧਰਮ ਦੇ ਠੇਕੇਦਾਰਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅੱਲ੍ਹਾ ਸਾਨੂੰ ਨੋਵੇਲ ਕਰੋਨਾ ਵਾਇਰਸ ਤੋਂ ਬਚਾਉਣ ਨਹੀਂ ਆਵੇਗਾ। ਇਹ ਤਾਂ ਵਿਗਿਆਨਕ ਹੀ ਹਨ, ਜੋ ਵੈਕਸੀਨ ਲੱਭਣ, ਟੀਕੇ ਬਣਾਉਣ ਜਾਂ ਹੋਰ ਇਲਾਜ ਢੂੰਡਣ ਵਿੱਚ ਰੁੱਝੇ ਹੋਏ ਹਨ।

> ਮੱਕਾ ਤੋਂ ਵੈਟੀਕਨ ਤੱਕ, ਕੋਵਿਡ-19 ਨੇ ਸਾਬਤ ਕਰ ਦਿੱਤਾ ਕਿ ਮਨੁੱਖ 'ਤੇ ਸੰਕਟ ਦੀ ਘੜੀ ਵਿੱਚ 'ਭਗਵਾਨ' ਮੈਦਾਨ ਛੱਡ ਜਾਂਦੇ ਹਨ। ਮੱਕਾ ਵਿੱਚ ਸਭ ਕੁੱਝ ਠੱਪ ਹੈ। ਪੋਪ ਦਾ ਈਸ਼ਵਰ ਨਾਲ ਸੰਵਾਦ ਰੱਦ ਹੈ। ਬ੍ਰਾਹਮਣ, ਪੁਜਾਰੀ ਮੰਦਿਰਾਂ ਵਿੱਚ ਮੂਰਤੀਆਂ 'ਤੇ ਮਾਸਕ ਲਗਾ ਰਹੇ ਹਨ। ਧਰਮ ਨੇ ਕਰੋਨਾ ਵਾਇਰਸ ਤੋਂ ਭੈ-ਭੀਤ ਇਨਸਾਨਾਂ ਨੂੰ ਬੇਸਹਾਰਾ ਇਕੱਲਿਆਂ ਛੱਡ ਦਿੱਤਾ ਹੈ।

ਧਰਮ 'ਤੇ ਭਰੋਸਾ ਕਰਨ ਵਾਲੇ ਲੋਕਾਂ ਨੂੰ ਇਸ ਘਟਨਾਕ੍ਰਮ ਨੂੰ ਲੈ ਕੇ ਸਭ ਤੋਂ ਵੱਧ ਸਵਾਲ ਕਰਨੇ ਚਾਹੀਦੇ ਹਨ। ਉਹ ਲੋਕ ਜੋ ਕੋਈ ਸਵਾਲ ਪੁੱਛੇ ਬਿਨ੍ਹਾਂ ਝੁੰਡ ਬਣਾ ਕੇ ਭੇਡ-ਚਾਲ ਵਿਖਾਉਂਦੇ ਹਨ, ਨਾ ਉਹਨਾਂ ਨੂੰ ਰੱਬ ਦੀ ਹੋਂਦ ਦਾ ਪ੍ਰਮਾਣ ਚਾਹੀਦਾ ਹੈ, ਨਾ ਹੀ ਤਰਕਸ਼ੀਲਤਾ ਜਾਂ ਆਜਾਦਾਨਾ ਚਿੰਤਨ ਵਿੱਚ ਉਹਨਾਂ ਦਾ ਭਰੋਸਾ ਹੈ। ਕੀ ਉਹਨਾਂ ਨੂੰ ਅੱਜ ਇਹ ਗੱਲ ਨਹੀਂ ਝੰਜੋੜਦੀ ਕਿ ਜਿਹਨਾਂ ਧਾਰਮਿਕ ਸੰਸਥਾਵਾਂ ਨੂੰ ਇਸ ਬਿਮਾਰੀ ਦੇ ਮੱਦੇਨਜਰ ਉਹਨਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਸੀ, ਉਹ ਆਪਣੇ ਦਰਵਾਜ਼ੇ ਬੰਦ ਕਰ ਚੁੱਕੇ ਹਨ ? ਕੀ ਧਾਰਮਿਕ ਸੰਸਥਾਵਾਂ ਦਾ ਕੰਮ ਲੋਕਾਂ ਦੀ ਮਦਦ ਕਰਨਾ ਨਹੀਂ ਹੈ ?

ਬਹੁਤੇ ਲੋਕਾਂ ਲਈ ਭਗਵਾਨ 'ਰੱਖਿਅਕ' ਹੈ ਅਤੇ ਸਲਾਮਤੀ ਦੇ ਲਈ ਉਹ ਉਸਦੀ ਸਾਲਾਂ ਬੱਧੀ ਪੂਜਾ ਕਰਦੇ ਹਨ। ਪਰ ਜਦੋਂ ਮਨੁੱਖਤਾ ਸੰਕਟ ਵਿੱਚ ਹੁੰਦੀ ਹੈ ਤਾਂ ਆਮ ਤੌਰ 'ਤੇ ਸਭ ਤੋਂ ਪਹਿਲਾਂ ਮੈਦਾਨ ਛੱਡਣ ਵਾਲਾ ਭਗਵਾਨ ਹੀ ਹੁੰਦਾ ਹੈ। ਵੈਟੀਕਨ ਤੋਂ ਲੈ ਕੇ ਮੰਦਿਰਾਂ ਤੱਕ, ਭਗਵਾਨ ਮੈਦਾਨ ਛੱਡ ਰਹੇ ਹਨ।

ਕਰੋਨਾ ਵਾਇਰਸ ਕੈਥੋਲਿਕਾਂ ਦੇ ਸਭ ਤੋਂ ਪਵਿੱਤਰ ਤੀਰਥ ਵੈਟੀਕਨ ਵਿੱਚ ਵੀ ਪਾਇਆ ਜਾ ਚੁੱਕਾ ਹੈ। ਮੰਨਿਆ ਜਾਂਦਾ ਹੈ ਕਿ ਪੋਪ ਭਗਵਾਨ ਨਾਲ ਸੰਵਾਦ ਕਰ ਸਕਦੇ ਹਨ ਤਾਂ ਫਿਰ ਉਹ ਇਸ ਸਮੇਂ ਅਜਿਹਾ ਕਿਉਂ ਨਹੀਂ ਕਰ ਰਹੇ ? ਇੱਥੋਂ ਤੱਕ ਕਿ ਉਹ 'ਦੈਵ' ਸੰਪਰਕ ਰਾਹੀਂ ਕੋਈ ਚਮਤਕਾਰੀ ਦਵਾਈ ਦੀ ਜਾਣਕਾਰੀ ਪ੍ਰਾਪਤ ਕਰ ਲੈਣ ਤੋਂ ਵੀ ਅਸਮਰਥ ਹਨ। ਇਸ ਦੀ ਥਾਂ ਵਾਇਰਸ ਦਾ ਪ੍ਰਕੋਪ ਫੈਲਣ ਦੇ ਡਰੋਂ ਵੈਟੀਕਨ ਦੀ ਹਾਲਤ ਖਰਾਬ ਹੈ ਅਤੇ ਪੋਪ ਜਨਤਾ ਸਾਹਮਣੇ ਆਉਣ ਤੋਂ ਵੀ ਬਚ ਰਹੇ ਹਨ। ਵੈਟੀਕਨ ਵਿੱਚ ਅਨੇਕਾਂ ਇਸਾਈ ਧਾਰਮਿਕ ਤਿਉਹਾਰ ਮਨਾਏ ਜਾਂਦੇ ਹਨ। ਪਰ ਹੋਲੀ ਵੀਕ, ਗੁੱਡ ਫਰਾਈਡੇ ਅਤੇ ਈਸਟਰ ਸਮੇਤ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਗਏ ਸਨ ਅਤੇ ਰੱਦ ਕੀਤੇ ਜਾ ਰਹੇ ਹਨ। ਧਾਰਮਿਕ ਇਕੱਠਾਂ 'ਤੇ ਰੋਕ ਹੈ।

ਹਿੰਦੂ ਮੰਦਿਰਾਂ ਦੇ ਬ੍ਰਾਹਮਣ ਪੁਜਾਰੀ ਮੂੰਹ 'ਤੇ ਮਾਸਕ ਲਾ ਕੇ ਘੁੰਮ ਰਹੇ ਹਨ। ਇੰਨਾ ਹੀ ਨਹੀਂ, ਕੁੱਝ ਮੰਦਿਰਾਂ ਵਿੱਚ ਤਾਂ ਦੇਵੀ-ਦੇਵਤਿਆਂ ਦੇ ਚਿਹਰਿਆਂ 'ਤੇ ਵੀ ਮਾਸਕ ਲਗਾ ਦਿੱਤੇ ਗਏ ਹਨ। ਹਿੰਦੂ ਮਹਾਂ-ਸਭਾ ਨੇ ਗਊ-ਮੂਤਰ ਪਾਰਟੀ ਦਾ ਆਯੋਜਨ ਕੀਤਾ ਹੈ ਕਿਉਂਕਿ ਉਸਨੂੰ ਲਗਦਾ ਹੈ ਕਿ ਗਊ-ਮੂਤਰ ਦਾ ਸੇਵਨ ਕੋਵਿਡ-19 ਤੋਂ ਰੱਖਿਆ ਕਰ ਸਕਦਾ ਹੈ। ਕੁੱਝ ਲੋਕ ਸਰੀਰ 'ਤੇ ਗਊ ਦਾ ਗੋਹਾ ਮਲ ਰਹੇ ਹਨ ਅਤੇ ਉਸ ਨਾਲ ਨਹਾ ਤੱਕ ਰਹੇ ਹਨ ਕਿਉਂਕਿ ਉਹ ਗੋਬਰ ਨੂੰ ਵਾਇਰਸ ਦਾ ਪ੍ਰਤੀਰੋਧਕ ਮੰਨਦੇ ਹਨ। ਧਰਮ ਅਤੇ ਅੰਧ-ਵਿਸ਼ਵਾਸ ਆਮ ਤੌਰ 'ਤੇ ਇੱਕ ਦੂਸਰੇ ਦੇ ਪੂਰਕ ਹੁੰਦੇ ਹਨ। ਤਾਰਾ-ਪੀਠ ਬੰਦ ਹੈ। ਇੱਥੇ ਫੁੱਲ, ਆਸ਼ੀਰਵਾਦ ਅਤੇ ਚਰਣਾਮ੍ਰਤ ਲੈਣ ਵਾਲਿਆਂ ਦੀ ਭੀੜ ਨਹੀਂ ਹੈ। ਤਿਰੂਪਤੀ ਅਤੇ ਸ਼ਿਰੜੀ ਬਾਬਾ ਦੇ ਮੰਦਰ ਵੀ ਪਾਬੰਦੀਆਂ ਦੇ ਘੇਰੇ ਵਿੱਚ ਹਨ। ਸ਼ਾਮ ਦੀ ਪੂਜਾ ਅਤੇ ਆਰਤੀ ਨੂੰ ਵੱਡੀਆਂ ਸਕਰੀਨਾਂ 'ਤੇ ਵਿਖਾਇਆ ਜਾ ਰਿਹਾ ਹੈ।

ਕੀ ਇਹ ਸਭ ਗੈਰ-ਭਰੋਸੇਯੋਗਤਾ ਨਹੀਂ ? ਤਾਂ ਫਿਰ

ਭਗਵਾਨ ਕਿੱਥੇ ਹੈ ? ਕੀ ਧਾਰਮਿਕ ਲੋਕਾਂ ਦੇ ਮਨ ਵਿੱਚ ਇਹ ਸਵਾਲ ਨਹੀਂ ਉੱਠਦਾ ?

**ਧਾਰਮਿਕ ਸਥਾਨਾਂ ਦਾ ਕੀ ਮਤਲਬ ਹੈ ?**

ਸਰਕਾਰਾਂ ਨੂੰ ਸਾਰੇ ਧਾਰਮਿਕ ਸਥਾਨਾਂ ਨੂੰ ਦਿੱਤੇ ਜਾਣ ਵਾਲੇ ਦਾਨਾਂ ਅਤੇ ਸਬਸਿਡੀ ’ਤੇ ਰੋਕ ਲਗਾਉਣੀ ਚਾਹੀਦੀ ਹੈ। ਦੁਨੀਆਂ ਭਰ ਦੇ ਪੋਪ, ਪੁਜਾਰੀ, ਮੌਲਵੀ ਅਤੇ ਹੋਰ ਧਾਰਮਿਕ ਨੇਤਾ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਖਾਂਦੇ ਹਨ। ਪਰ ਲੋੜ ਪੈਣ ’ਤੇ ਉਹ ਉਹਨਾਂ ਦਾ ਕੋਈ ਕੰਮ ਨਹੀਂ ਕਰਦੇ। ਇਹਨਾਂ ਦੀ ਥਾਂ ਉਹ ਲੋਕਾਂ ਨੂੰ ਝੂਠ ਅਤੇ ਗੈਰ-ਵਿਗਿਆਨਕ ਤੱਥਾਂ ਦੀ ਘੁੱਟੀ ਪਿਲਾਉਂਦੇ ਹਨ। ਬੱਚਿਆਂ ਅਤੇ ਔਰਤਾਂ ਨਾਲ ਯੌਨ ਦੁਰ-ਵਿਵਹਾਰ ਕਰਦੇ ਹਨ। ਸਮੇਂ-ਸਮੇਂ ’ਤੇ ਔਰਤ ਵਿਰੋਧੀ ਫਤਵੇ ਜਾਰੀ ਕਰਦੇ ਹਨ। ਭਲਾ ਇਹ ਸੰਸਥਾਨ ਮਨੁੱਖ ਦੇ ਕਿਸ ਕੰਮ ਦੇ ਹਨ ? ਇਹਨਾਂ ਸਾਰੇ ਧਰਮਾਂ ਨੇ ਨੁਕਸਾਨ ਪਹੁੰਚਾਉਣ ਤੋਂ ਬਿਨਾਂ ਸਦੀਆਂ ਤੋਂ ਕੀ ਕੀਤਾ ਹੈ ? ਦੰਗੇ, ਫੁੱਟ, ਫਿਰਕਾਪ੍ਰਸਤੀ, ਖ਼ੂਨ-ਖਰਾਬਾ, ਨਫਰਤ ਫੈਲਾਉਣ ਤੋਂ ਬਿਨਾਂ ਇਹਨਾਂ ਦਾ ਕੀ ਕੰਮ ਰਿਹਾ ਹੈ ?

ਧਾਰਮਿਕ ਸਥਾਨਾਂ ਦੀ ਥਾਂ ਸੰਗ੍ਰਹਿ ਘਰਾਂ, ਵਿਗਿਆਨ ਅਕਾਦਮੀਆਂ, ਪ੍ਰਯੋਗਸ਼ਾਲਾਵਾਂ ਅਤੇ ਕਲਾ-ਘਰਾਂ ਨੂੰ ਵਧੇਰੇ ਵਿਕਸਤ ਕੀਤਾ ਜਾਣਾ ਚਾਹੀਦਾ, ਜੋ ਜਨਤਾ ਦੀ ਭਲਾਈ ਦੇ ਕੰਮ ਆਉਂਦੇ ਹਨ। ਕੁਦਰਤ ਨੇ ਬਾਰ-ਬਾਰ ਵਿਖਾਇਆ ਹੈ ਅਤੇ ਵਿਗਿਆਨ ਨੇ ਬਾਰ-ਬਾਰ ਸਾਬਤ ਕੀਤਾ ਹੈ ਕਿ ਕੋਈ ਭਗਵਾਨ ਨਹੀਂ ਹੈ ਅਤੇ ਧਰਮ ਇੱਕ ਪਰੀ ਕਥਾ ਮਾਤਰ ਹੈ। ਭਾਵੇਂ ਕਿ ਬਹੁਤ ਸਾਰੇ ਲੋਕ, ਵਿਸ਼ੇਸ਼ ਰੂਪ ਵਿੱਚ ਦੁਨੀਆਂ ਦੇ ਵਿਕਸਤ ਹਿੱਸਿਆਂ ਵਿੱਚ, ਖੁਦ ਨੂੰ ਧਰਮ ਦੇ ਚੰਗੁਲ ਵਿੱਚੋਂ ਕੱਢਣ ਵਿੱਚ ਕਾਮਯਾਬ ਹੋ ਰਹੇ ਹਨ। ਪਰ ਜਿੱਥੇ ਕਿਤੇ ਵੀ ਗਰੀਬੀ ਹੈ, ਸਮਾਜਿਕ ਗੈਰ-ਬਰਾਬਰਤਾਵਾਂ ਹਨ, ਔਰਤਾਂ ’ਤੇ ਜ਼ੁਲਮ ਹੈ, ਉੱਥੇ ਪੂਜਾ ਪਾਠ ’ਤੇ ਨਿਰਭਰਤਾ ਵੇਖੀ ਜਾ ਸਕਦੀ ਹੈ।

**ਭਗਵਾਨ ਦੀ ਥਾਂ ਵਿਗਿਆਨ ਨੂੰ ਦੇਵੋ-**

ਆਪਣੇ ਵਿਕਾਸਵਾਦ ਦੇ ਸਿਧਾਂਤ ਦੇ ਜਰੀਏ ਭਗਵਾਨ ਦੀ ਹੋਂਦ ਨੂੰ ਚਾਰਲਸ ਡਾਰਵਿਨ ਵੱਲੋਂ ਨਕਾਰੇ ਜਾਣ ਨੂੰ ਲਗਭਗ 160 ਸਾਲ ਹੋ ਚੁੱਕੇ ਹਨ। ਮਨੁੱਖ ਕਿਸੇ ਰੱਬ ਵੱਲੋਂ ਨਿਰਮਤ ਨਹੀਂ, ਸਗੋਂ ਉਸਦਾ ਬਾਂਦਰਾਂ ਤੋਂ ਵਿਕਾਸ ਹੋਇਆ ਹੈ। ਡਾਰਵਿਨ ਤੋਂ ਬਹੁਤ ਪਹਿਲਾਂ 16ਵੀਂ ਸਦੀ ਵਿੱਚ ਹੀ ਗੈਲੀਲਿਓ ਅਤੇ ਉਸ ਦੇ ਪੂਰਬਵਰਤੀ ਕਾਪਰਨਿਕਸ ਨੇ ਪੁਲਾੜ ਅਤੇ ਬ੍ਰਹਿਮੰਡ ਸਬੰਧੀ ਬਾਈਬਲ ਵਿੱਚ ਵਰਨਣ ਧਾਰਨਾਵਾਂ ਨੂੰ ਗਲਤ ਸਾਬਤ ਕਰ ਦਿੱਤਾ ਸੀ। ਇਸ ਦੇ ਬਾਵਜੂਦ ਦੁਨੀਆਂ ਦੇ ਜਿਆਦਾਤਰ ਲੋਕ ਪਰਮਾਤਮਾ ਨੂੰ ਮੰਨਦੇ ਰਹੇ ਹਨ। ਉਹਨਾਂ ਦੇ ਅਦਿੱਖ ਭਗਵਾਨ ਅਦਿੱਖ ਹੀ ਬਣੇ ਹੋਏ ਹਨ। ਉਸ ਦੀ ਹੋਂਦ ਦਾ ਕੋਈ ਪ੍ਰਮਾਣ ਅੱਜ ਤੱਕ ਨਹੀਂ ਮਿਲਿਆ, ਪਰ ਅੰਧ-ਵਿਸ਼ਵਾਸ ਹਮੇਸ਼ਾਂ ਕਾਇਮ ਰਹੇ ਹਨ ਅਤੇ ਜਦੋਂ ਜਦੋਂ ਕਰੋਨਾ ਵਾਇਰਸ ਮਹਾਂਮਾਰੀ ਇੱਕ ਵਿਅਕਤੀ ਤੋਂ ਦੂਸਰੇ ਵਿੱਚ ਅਤੇ ਇੱਕ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਫੈਲਦੀ ਜਾ ਰਹੀ ਹੈ, ਜਿਆਦਾਤਰ ਧਾਰਮਿਕ ਇਕੱਠ ਅਤੇ ਸਮਾਗਮ ਰੱਦ ਕਰ ਦਿੱਤੇ ਗਏ ਹਨ। ਬਿਮਾਰੀਆਂ ਤੋਂ ਸੁਰੱਖਿਆ ਪ੍ਰਾਪਤ ਕਰਨ ਲਈ ਆਮ ਤੌਰ ’ਤੇ ਆਪਣੇ ਆਲੇ-ਦੁਆਲੇ ਦੇ ਮੰਦਿਰਾਂ, ਮਸਜਿਦਾਂ, ਗਿਰਜਾਘਰਾਂ ਅਤੇ ਹੋਰ ਪੂਜਾ ਸਥਾਨਾਂ ਵਿੱਚ ਸ਼ਰਣ ਲੈਣ ਲਈ ਜਾਂਦੇ ਰਹੇ ਲੋਕਾਂ ਨੂੰ ਇਸ ਸਮੇਂ ਹਸਪਤਾਲਾਂ ਅਤੇ ਇਕਾਂਤਵਾਸ ਕੇਂਦਰਾਂ ਤੋਂ ਬਿਨ੍ਹਾਂ ਹੋਰ ਕੋਈ ਠਿਕਾਣਾ ਨਹੀਂ ਰਿਹਾ।

ਇਸ ਲਈ ਅੱਜ ਬਿਲਕੁਲ ਸਪੱਸ਼ਟ ਹੋ ਚੁੱਕਾ ਤੱਥ ਇਹ ਹੈ : ਰੋਗਾਂ ਦਾ ਇਲਾਜ ਅੱਲ੍ਹਾ, ਦੇਵਤਾ ਜਾਂ ਭਗਵਾਨ ਨਹੀਂ ਕਰਦੇ, ਸਗੋਂ ਵਿਗਿਆਨਕ ਸਾਨੂੰ ਉਨ੍ਹਾਂ ਤੋਂ ਨਿਜਾਤ ਦਿਵਾਉਂਦੇ ਹਨ। ਮਨੁੱਖ ਦੀ ਰੱਖਿਆ ਅਲੌਕਿਕ ਸ਼ਕਤੀਆਂ ਨਹੀਂ ਕਰਦੀਆਂ, ਸਗੋਂ ਉਸ ਨੂੰ ਹੋਰ ਮਨੁੱਖ ਹੀ ਬਚਾਉਂਦੇ ਹਨ। ਧਾਰਮਿਕ ਲੋਕਾਂ ਨੂੰ ਇਸ ਸਮੇਂ ਆਪਣੇ-ਆਪਣੇ ਦੇਵਤਿਆਂ ਦੀ ਕ੍ਰਿਪਾ ਦੀ ਨਹੀਂ, ਸਗੋਂ ਇੱਕ ਟੀਕੇ ਦੀ ਉਡੀਕ ਹੈ।

ਧਾਰਮਿਕ ਪਾਗਲਪਣ ਤੋਂ ਛੁਟਕਾਰਾ ਪਾਉਣ ਅਤੇ ਤਰਕਸ਼ੀਲਤਾ ਨੂੰ ਗਲੇ ਲਗਾਉਣ ਦਾ ਭਲਾ ਇਸ ਤੋਂ ਵਧੀਆ ਮੌਕਾ ਕੀ ਹੋਵੇਗਾ ?

*(ਲੇਖਿਕਾ ‘ਲੱਜਾ’, ‘ਔਰਤ ਦੇ ਹੱਕ ਵਿੱਚ’ ਆਦਿ ਵਰਗੀਆਂ ਸੰਸਾਰ ਪ੍ਰਸਿੱਧ ਕਿਤਾਬਾਂ ਦੀ ਰਚੇਤਾ ਹੈ ਅਤੇ ਇੱਕ ਪ੍ਰਸਿੱਧ ਕਹਾਣੀਕਾਰ ਅਤੇ ਟਿੱਪਣੀਕਾਰ ਹੈ। ਉਹ ‘ਜ਼ਿੰਬਾਬਵੇ ਗਰੁੱਪ ਆਫ ਯੂਨਿਟੀ’ ਦੀ ਮੈਂਬਰ ਹੈ।)*



**ਪੰਜਾਬੀ ਅਨੁਵਾਦ :**
**ਬਲਵੀਰ ਚੰਦ ਲੌਂਗੋਵਾਲ**

## ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਸੂਬਾ ਆਗੂ (ਸਾਹਿਤ ਵਿਭਾਗ) ਰਾਮ ਸਵਰਨ ਲੱਖੇਵਾਲੀ ਦੇ ਵੱਡੇ ਭਰਾ ਸਤਿਕਾਰਤ ਬਲਦੇਵ ਸਿੰਘ ਆਜ਼ਾਦ (ਰਿਟਾਇਰਡ ਪ੍ਰਿੰਸੀਪਲ, ਉੱਘੇ ਵਿਅੰਗ ਲੇਖਕ), ਬਠਿੰਡਾ ਇਕਾਈ ਦੇ ਆਗੂ ਕੁਲਵੰਤ ਸਿੰਘ ਦੇ ਭਰਾ ਕਿਰਪਾਲ ਸਿੰਘ, ਹਰਿੰਦਰ ਕੁਮਾਰ ਦੇ ਮਾਤਾ ਸਤਿਕਾਰਤ ਸੀਤਾ ਦੇਵੀ, ਸਰੀਰ ਪ੍ਰਦਾਨੀ ਲਾਭ ਸਿੰਘ ਬਠਿੰਡਾ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

*ਮਨੋਰੋਗ ਮਾਹਿਰ ਦੀ ਕਲਮ ਤੋਂ*

# ਸ਼ੂਗਰ (Diabetes) ਅਤੇ ਦਿਮਾਗੀ ਰੋਗ



**ਡਾ. ਬਲਵੰਤ ਸਿੰਘ**

ਕੁੱਝ ਸਮੇਂ ਪਹਿਲਾਂ ਹਸਪਤਾਲ ਵਿੱਚ ਇੱਕ ਮਰੀਜ਼ ਦਾਖਲ ਹੋਇਆ ਜਿਹੜਾ ਬਹੁਤ ਬੇਚੈਨ ਸੀ। ਉਹ ਬਹੁਤ ਜ਼ਿਆਦਾ ਉਸਲ ਵੱਟੇ ਲੈ ਰਿਹਾ ਸੀ। ਉਹ ਕਦੇ ਬੈਠ ਜਾਂਦਾ, ਕਦੇ ਲੇਟ ਜਾਂਦਾ। ਲਗਾਤਾਰ ਉਹ ਅਜਿਹੀਆਂ ਹਰਕਤਾਂ ਕਰ ਰਿਹਾ ਸੀ। ਨੀਂਦ ਦੀ ਦੁਆਈ ਦੇਣ ਦੇ ਬਾਵਜੂਦ ਵੀ ਉਹ ਨਾ ਤਾਂ ਸੌਂ ਰਿਹਾ ਸੀ ਤੇ ਨਾ ਹੀ ਟਿਕ ਰਿਹਾ ਸੀ। ਉਹ ਬਹੁਤ ਹੀ ਪ੍ਰੇਸ਼ਾਨ ਹੋ ਰਿਹਾ ਸੀ ਅਤੇ ਉਸ ਦੇ ਇਸ ਵਿਵਹਾਰ ਕਾਰਣ ਸਾਰੇ ਪ੍ਰੇਸ਼ਾਨ ਹੋ ਰਹੇ ਸੀ। ਇਲਾਜ ਕਰਨ ਵਾਲੇ ਡਾਕਟਰ ਨੂੰ ਵੀ ਸਮਝ ਨਹੀਂ ਆ ਰਿਹਾ ਸੀ ਕਿ ਮਰੀਜ਼ ਨੂੰ ਟਿਕਾਅ ਕਿਉਂ ਨਹੀਂ ਆ ਰਿਹਾ ਸੀ। ਜਦੋਂ ਉਸ ਮਰੀਜ ਦੇ ਸਾਰੇ ਟੈਸਟ ਕੀਤੇ ਗਏ ਤਾਂ ਪਤਾ ਚੱਲਿਆ ਕਿ ਉਸ ਦੀ ਬਲੱਡ ਸ਼ੂਗਰ (Blood sugar) ਬਹੁਤ ਵਧੀ ਹੋਈ ਸੀ। ਉਸ ਮਰੀਜ਼ ਨੂੰ ਫਟਾ ਫਟ ਸੂਗਰ ਨੂੰ ਨਾਰਮਲ ਲਿਆਣ ਵਾਸਤੇ ਟੀਕੇ ਲਗਾਏ ਗਏ ਅਤੇ ਗਲੂਕੋਸ ਦੀ ਜਗ੍ਹਾ ਲੋੜੀਂਦੀ ਬੋਤਲ ਚ ਹੋਰ ਜ਼ਰੂਰੀ ਦੁਆਈਆਂ ਸ਼ੁਰੂ ਕਰ ਦਿੱਤੀਆਂ ਗਈਆਂ। ਦਿਮਾਗ ਦੇ ਮਾਹਿਰ ਡਾਕਟਰ ਵੱਲੋਂ ਕੁੱਝ ਹੋਰ ਦੁਆਈਆਂ ਦਿੱਤੀਆਂ ਗਈਆਂ ਅਤੇ ਕੁੱਝ ਘੰਟਿਆਂ ਵਿੱਚ ਹੀ ਉਹ ਮਰੀਜ਼ ਸ਼ਾਂਤ ਹੋ ਗਿਆ ਅਤੇ ਉਸ ਦੀ ਹਾਲਤ ਵਿੱਚ ਸੁਧਾਰ ਆਉਣਾ ਸ਼ੁਰੂ ਹੋ ਗਿਆ। 3-4 ਦਿਨ ਦਾਖਲ ਰਹਿਣ ਤੋਂ ਬਾਅਦ ਉਹ ਮਰੀਜ਼ ਬਿਲਕੁਲ ਠੀਕ ਹੋ ਕੇ ਛੁੱਟੀ ਲੈ ਕੇ ਆਪਣੇ ਘਰ ਚਲਾ ਗਿਆ। ਬਿਲਕੁਲ ਇਸੇ ਤਰਾਂ ਦਾ ਇੱਕ ਮਰੀਜ਼ ਹਸਪਤਾਲ ਵਿੱਚ ਕੁੱਝ ਮਹੀਨੇ ਪਹਿਲਾਂ ਦਾਖਲ ਹੋਇਆ ਸੀ। ਪਰ ਉਸ ਮਰੀਜ਼ ਦੇ ਪੈਰਾਂ ਦੇ ਨਾਸੂਰ ਬਹੁਤ ਖਰਾਬ ਹੋ ਚੁੱਕੇ ਸਨ ਜਿਸ ਕਰਕੇ ਇਨਫੈਕਸ਼ਨ ਖੂਨ ਰਾਹੀਂ ਸਾਰੇ ਸਰੀਰ ਵਿੱਚ ਫੈਲ ਗਿਆ ਸੀ। ਉਸ ਦੇ ਗੁਰਦੇ ਵੀ ਕੰਮ ਨਹੀਂ ਕਰ ਰਹੇ ਸੀ। ਡਾਕਟਰਾਂ ਦੀ ਟੀਮ ਦੇ ਪੂਰਾ ਵਾਹ ਲਾਉਣ ਦੇ ਬਾਵਜੂਦ 7-8 ਦਿਨਾਂ ਬਾਅਦ ਉਸ ਮਰੀਜ਼ ਦੀ ਮੌਤ ਹੋ ਗਈ।

ਆਓ ਵਿਚਾਰ ਕਰੀਏ, ਇਹਨਾਂ ਦੋਨੋ ਕੇਸਾਂ ਵਿੱਚ ਬਿਮਾਰੀ ਦਾ ਅਸਲ ਕਾਰਣ ਖੂਨ ਵਿੱਚ ਸ਼ੂਗਰ ਦਾ ਬਹੁਤ ਜ਼ਿਆਦਾ ਵਧਣਾ ਹੈ। ਕੀ ਖੂਨ ਵਿੱਚ ਸ਼ੂਗਰ ਦਾ ਵਧਣਾ ਏਨਾ ਖਤਰਨਾਕ ਹੋ ਸਕਦਾ ਹੈ? ਆਓ ਜਾਣੀਏ।

ਸ਼ੂਗਰ ਜਾਂ ਸ਼ੱਕਰ ਰੋਗ ਜਾਂ ਮਧੂਮੇਹ ਜਾਂ ਡਾਇਬਟੀਜ਼ ਇੱਕ ਗੰਭੀਰ ਰੋਗ ਹੈ ਪਰ ਲੋਕ ਇਸ ਵੱਲ ਧਿਆਨ ਨਹੀਂ ਦਿੰਦੇ। ਇਸ ਗੱਲ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਇਸ ਰੋਗ ਦੇ ਸ਼ੁਰੂ ਹੋਣ ਵੇਲੇ ਕੋਈ ਵੀ ਤਕਲੀਫ ਜਾਂ ਕਸ਼ਟ ਨਹੀਂ ਹੁੰਦਾ। ਸ਼ੂਗਰ ਜਾਂ ਡਾਇਬਟੀਜ਼ ਵਿੱਚ ਵਿਅਕਤੀ ਦੇ ਖੂਨ ਵਿੱਚ ਗੁਲੂਕੋਸ ਦੀ ਮਾਤਰਾ ਬਹੁਤ ਵਧ ਜਾਂਦੀ ਹੈ। ਸਰੀਰ ਗਲੂਕੋਸ ਨੂੰ ਬਾਲਣ ਦੇ ਰੂਪ ਵਿੱਚ ਇਸਤੇਮਾਲ ਕਰਦਾ ਹੈ। ਸਰੀਰ ਗਲੂਕੋਸ ਤਿੰਨ ਤਰ੍ਹਾਂ ਨਾਲ ਪ੍ਰਾਪਤ ਕਰਦਾ ਹੈ। ਭੋਜਨ ਤੋਂ ਪਾਚਨ ਪ੍ਰਣਾਲੀ ਰਾਹੀਂ, ਸਰੀਰ ਵਿੱਚ ਮੌਜੂਦ ਗਲਾਈਕੋਜਨ (Glycogen) ਤੋਂ ਅਤੇ ਸਰੀਰ ਦੇ ਪ੍ਰੋਟੀਨ ਅਤੇ ਚਰਬੀ ਤੋਂ। ਇੰਸੂਲਿਨ ਦਾ ਇੱਕ ਅਹਿਮ ਰੋਲ ਗਲੂਕੋਸ ਨੂੰ ਕੰਟਰੋਲ ਕਰਨਾ ਹੈ। ਇਹ ਗਲਾਈਕੋਜਨ ਤੋਂ ਗਲੂਕੋਸ ਬਣਨਾ ਕੰਟਰੋਲ ਕਰਦਾ ਹੈ, ਅਤੇ ਪ੍ਰੋਟੀਨ ਤੇ ਚਰਬੀ ਤੋਂ ਗਲੂਕੋਸ ਬਣਨਾ ਰੋਕਦੀ ਹੈ। ਇਸ ਦੇ ਨਾਲ-ਨਾਲ ਇੰਸੂਲਿਨ ਖੂਨ ਵਿਚਲੇ ਗਲੂਕੋਸ ਨੂੰ ਸੈਲਾਂ ਰਾਹੀਂ ਬਾਲਣ ਦੇ ਰੂਪ ਵਿੱਚ ਵਰਤਣ ਲਈ ਮਦਦ ਕਰਦੀ ਹੈ ਅਤੇ ਵਾਧੂ ਗਲੂਕੋਸ ਨੂੰ ਗਲਾਈਕੋਜਨ ਦੇ ਰੂਪ ਵਿੱਚ ਜਮਾ ਕਰਦੀ ਹੈ ਤਾਂ ਜੋ ਸਰੀਰ ਭੋਜਨ ਦੀ ਥੁੜ ਹੋਣ 'ਤੇ ਜਾਂ ਹੋਰ ਵੱਧ ਲੋੜ ਵੇਲੇ ਕੰਮ ਆ ਸਕੇ।

ਮੋਟੇ ਤੌਰ ਤੇ ਸ਼ੂਗਰ ਦੀਆਂ ਦੋ ਕਿਸਮਾਂ ਹਨ। ਇੱਕ ਹੈ ਟਾਈਪ 1 ਸ਼ੂਗਰ, ਦੂਜੀ ਹੈ ਟਾਈਪ 2 ਸ਼ੂਗਰ, (Type 1 and Type 2 Diabetes)।

**ਟਾਈਪ 1 ਸ਼ੂਗਰ**:- ਇਸ ਵਿੱਚ ਵਿਅਕਤੀ ਦੇ ਸਰੀਰ ਅੰਦਰ ਇੰਸੂਲਿਨ (Insulin) ਨਾਮਕ ਹਾਰਮੋਨ ਦੀ ਘਾਟ ਹੁੰਦੀ ਹੈ। ਇਸ ਦਾ ਕਾਰਣ ਹੈ ਕਿ ਜਾਂ ਤਾਂ ਜਨਮ ਤੋਂ ਹੀ ਇੰਸੂਲਿਨ ਪੈਦਾ ਕਰਨ ਵਾਲੇ ਸੈਲਾਂ ਦੀ ਘਾਟ ਹੁੰਦੀ ਹੈ ਜਾਂ ਫਿਰ ਕਿਸੇ ਵੀ ਕਾਰਣ ਕਰਕੇ ਜਿਵੇਂ ਕਿ ਆਟੋਇੰਮਯੂਨ ਕਾਰਨਾਂ ਕਰਕੇ ਇਹ ਸੈਲ ਨਸ਼ਟ ਹੋ ਜਾਂਦੇ ਹਨ। ਇਸ ਕਰਕੇ ਇੰਸੂਲਿਨ ਦੀ ਘਾਟ ਹੋ ਜਾਂਦੀ ਹੈ। ਇੰਸੂਲਿਨ ਉਹ ਹਾਰਮੋਨ ਹੈ ਜੋ ਸਰੀਰ ਅੰਦਰ ਗਲੂਕੋਸ ਦੇ ਚੱਕਰ ਨੂੰ ਕੰਟਰੋਲ ਕਰਦਾ ਹੈ। ਇਹ ਹਾਰਮੋਨ ਖੂਨ ਵਿੱਚ ਮੌਜੂਦ ਗਲੂਕੋਸ ਨੂੰ ਲਿਵਰ, ਪੱਠਿਆਂ ਦੇ ਅਤੇ ਹੋਰ ਸੈਲਾਂ ਵਿੱਚ ਦਾਖਲ ਹੋਣ ਵਿੱਚ ਮਦਦ ਕਰਦਾ ਹੈ। ਇਸ ਨਾਲ ਸਰੀਰ ਦੇ ਸੈਲ ਗਲੂਕੋਸ ਨੂੰ ਵਰਤਕੇ ਸਹੀ ਤਰੀਕੇ ਨਾਲ ਆਪਣਾ ਕੰਮ ਕਰਦੇ ਹਨ। ਇੰਸੂਲਿਨ ਦੀ ਘਾਟ ਹੋਣ ਕਾਰਣ ਗਲੂਕੋਸ ਸਹੀ ਤਰੀਕੇ ਨਾਲ ਵਰਤਿਆ ਨਹੀਂ ਜਾਂਦਾ ਅਤੇ ਖੂਨ ਵਿੱਚ ਇਸ ਦੀ ਮਾਤਰਾ ਜ਼ਿਆਦਾ ਵੱਧ ਜਾਂਦੀ ਹੈ।

**ਟਾਈਪ 2 ਸ਼ੂਗਰ**:- ਇਸ ਵਿੱਚ ਵੀ ਇੰਸੂਲਿਨ ਪੈਦਾ ਕਰਨ ਵਾਲੇ ਸੈਲ ਪ੍ਰਭਾਵਿਤ ਹੋ ਜਾਂਦੇ ਹਨ ਅਤੇ ਇੰਸੂਲਿਨ ਦਾ

ਸੰਤੁਲਨ ਵਿਗੜ ਜਾਂਦਾ ਹੈ। ਇਸ ਦੇ ਨਾਲ ਨਾਲ ਕਈ ਕਾਰਨਾਂ ਕਰਕੇ ਸਰੀਰ ਦੇ ਸੈਲਾਂ 'ਤੇ ਇੰਸੁਲਿਨ ਦਾ ਪ੍ਰਭਾਵ ਘੱਟ ਜਾਂਦਾ ਹੈ ਜਿਸ ਕਰਕੇ ਗਲੂਕੋਸ ਦੀ ਸੈਲਾਂ ਰਾਹੀਂ ਵਰਤੋ ਸਹੀ ਨਹੀਂ ਹੁੰਦੀ ਅਤੇ ਖ਼ੂਨ ਵਿੱਚ ਗਲੂਕੋਸ ਦਾ ਲੈਵਲ ਵਧ ਜਾਂਦਾ ਹੈ। ਸੋ ਬੁਨਿਆਦੀ ਤੌਰ 'ਤੇ ਇਸ ਵਿੱਚ ਸੈਲਾਂ ਦੀ ਇੰਸੁਲਿਨ ਪ੍ਰਤੀ ਸੰਵੇਦਨਾ ਘੱਟ ਜਾਂਦੀ ਹੈ ਅਤੇ ਨਤੀਜੇ ਵਜੋਂ ਗਲੂਕੋਸ ਦੀ ਵਰਤੋਂ ਸਹੀ ਨਾ ਹੋ ਕੇ ਰੋਗ ਬਣ ਜਾਂਦਾ ਹੈ।

ਸਧਾਰਣ ਹਾਲਤ ਵਿੱਚ ਗੁਰਦੇ ਖ਼ੂਨ ਨੂੰ ਫਿਲਟਰ ਕਰਕੇ ਸਾਫ ਕਰਦੇ ਹਨ ਅਤੇ ਨਾਈਟ੍ਰੋਜਨ ਸੰਬੰਧੀ ਪਦਾਰਥ ਅਤੇ ਹੋਰ ਗੈਰ ਜ਼ਰੂਰੀ ਪਦਾਰਥ ਖ਼ੂਨ ਵਿੱਚੋ ਫਿਲਟਰ ਕਰਕੇ ਪਿਸ਼ਾਬ ਰਾਹੀਂ ਬਾਹਰ ਕੱਢ ਦਿੰਦੇ ਹਨ। ਇਸ ਪ੍ਰਕ੍ਰਿਆ ਦੌਰਾਨ ਖ਼ੂਨ ਦਾ ਗਲੂਕੋਸ ਵਾਪਸ ਖ਼ੂਨ ਵਿੱਚ ਹੀ ਰਲਾ ਦਿੱਤਾ ਜਾਂਦਾ ਹੈ। ਇਸ ਕਰਕੇ ਸਿਹਤਮੰਦ ਵਿਅਕਤੀ ਦੇ ਪਿਸ਼ਾਬ ਵਿੱਚ ਗਲੂਕੋਸ ਮੌਜੂਦ ਨਹੀਂ ਹੁੰਦਾ। ਪਰ ਜਦੋਂ ਖ਼ੂਨ ਵਿੱਚ ਗਲੂਕੋਸ ਦਾ ਲੈਵਲ ਜ਼ਿਆਦਾ ਵਧ ਜਾਂਦਾ ਹੈ ਤਾਂ ਗੁਰਦੇ ਖ਼ੂਨ ਨੂੰ ਫਿਲਟਰ ਕਰਨ ਵੇਲੇ ਸਾਰੇ ਗਲੂਕੋਸ ਨੂੰ ਵਾਪਸ ਖ਼ੂਨ ਵਿੱਚ ਭੇਜਣ ਤੋਂ ਅਸਮਰਥ ਰਹਿੰਦੇ ਹਨ। ਇਸ ਕਰਕੇ ਸ਼ੂਗਰ ਦੇ ਰੋਗੀ ਦੇ ਪਿਸ਼ਾਬ ਵਿੱਚ ਗਲੂਕੋਸ ਮੌਜੂਦ ਹੋ ਸਕਦਾ ਹੈ। ਅਜਿਹਾ ਹੋਣ ਨਾਲ ਗਲੂਕੋਸ ਆਪਣੇ ਨਾਲ ਸਰੀਰ ਤੋਂ ਜ਼ਿਆਦਾ ਪਾਣੀ ਵੀ ਬਾਹਰ ਖਿੱਚਦਾ ਹੈ ਜਿਸ ਕਰਕੇ ਰੋਗੀ ਨੂੰ ਲੋੜ ਤੋਂ ਜ਼ਿਆਦਾ ਪਿਸ਼ਾਬ ਆਉਂਦਾ ਹੈ ਇਸੇ ਕਰਕੇ ਸ਼ੂਗਰ ਦੇ ਰੋਗੀਆਂ ਨੂੰ ਰਾਤ ਨੂੰ ਕਈ ਵਾਰ ਪਿਸ਼ਾਬ ਦੀ ਹਾਜਤ ਹੁੰਦੀ ਹੈ। ਇਸੇ ਕਾਰਨ ਹੀ ਇਨ੍ਹਾਂ ਰੋਗੀਆਂ ਨੂੰ ਪਿਆਸ ਵੀ ਜ਼ਿਆਦਾ ਲਗਦੀ ਹੈ।

ਸਵੇਰੇ ਖਾਲੀ ਪੇਟ ਟੈਸਟ ਕਰਵਾਈ ਗਈ ਬਲੱਡ ਸ਼ੂਗਰ ਦਾ ਲੈਵਲ ਜੇ ਬਾਰ-ਬਾਰ 126 mg/dl ਆਉਂਦਾ ਹੈ ਤਾਂ ਇਸ ਨੂੰ ਸੂਗਰ ਦੀ ਬਿਮਾਰੀ ਸਮਝਣਾ ਚਾਹੀਦਾ ਹੈ ਅਤੇ ਸਭ ਤੋਂ ਪਹਿਲਾਂ ਆਪਣੀ ਖ਼ੁਰਾਕ ਨੂੰ ਸਹੀ ਕਰਨਾ ਚਾਹੀਦਾ ਹੈ ਜਿਸ ਵਿੱਚ ਮਿੱਠਾ ਅਤੇ ਮਹੀਨ ਕਾਰਬੋਹਾਈਡ੍ਰੇਟਸ (ਮੈਦਾ ਅਤੇ ਇਸ ਤੋਂ ਬਣੀਆਂ ਚੀਜਾਂ ਆਦਿ) ਬਿਲਕੁਲ ਬੰਦ ਕਰ ਦੇਣੇ ਚਾਹੀਦੇ ਹਨ। ਸੰਤੁਲਿਤ ਆਹਾਰ ਹਰੀਆਂ ਸ਼ਬਜ਼ੀਆਂ ਆਦਿ ਵਰਤਣੇ ਚਾਹੀਦੇ ਹਨ। ਹਰ ਰੋਜ਼ 45 ਮਿੰਟ ਤੋਂ ਲੈ ਕੇ ਇੱਕ ਘੰਟਾ ਜ਼ਰੂਰ ਕਸਰਤ ਕਰਨੀ ਚਾਹੀਦੀ ਹੈ। ਇਹ ਸਭ ਕਰਨ ਤੋਂ ਬਾਅਦ ਕੁੱਝ ਹਫਤਿਆਂ ਬਾਅਦ ਦੁਬਾਰਾ ਟੈਸਟ ਕਰਵਾਉਣੇ ਚਾਹੀਦੇ ਹਨ। ਜੇ ਇਹ ਸਭ ਕੁੱਝ ਕਰਨ ਦੇ ਬਾਵਜੂਦ ਵੀ ਸ਼ੂਗਰ ਲੈਵਲ ਜਿਆਦਾ ਰਹਿੰਦਾ ਹੈ ਤਾਂ ਕਿਸੇ ਸਿਆਣੇ ਡਾਕਟਰ ਤੋਂ ਇਲਾਜ ਸ਼ੁਰੂ ਕਰਨਾ ਚਾਹੀਦਾ ਹੈ।

ਸ਼ੂਗਰ ਦਾ ਦਿਮਾਗ 'ਤੇ ਪ੍ਰਭਾਵ ਇੱਕਦਮ ਨਜ਼ਰ ਨਹੀਂ ਆਉਂਦਾ। ਸ਼ੂਗਰ ਕਾਰਣ ਸਮੇਂ ਨਾਲ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਦਾ ਹੈ। ਇਸ ਦੇ ਕਈ ਕਾਰਣ ਹਨ। ਸ਼ੂਗਰ ਰੋਗ ਵਿੱਚ ਇਨ੍ਹਾਂ ਨਾੜੀਆਂ ਦਾ ਲਚਕੀਲਾ ਪਣ ਘਟ ਜਾਂਦਾ ਹੈ ਅਤੇ ਇਨ੍ਹਾਂ ਵਿੱਚ ਸੋਜ ਅਤੇ ਜਲਣ (Inflammation) ਪੈਦਾ ਹੋਣ ਲਗਦੀ ਹੈ। ਇਸ ਤੋਂ ਇਲਾਵਾ ਸ਼ੂਗਰ ਕਾਰਣ ਖ਼ੂਨ ਦਾ ਪ੍ਰਵਾਹ ਵੀ ਹੌਲੀ ਹੋ ਜਾਂਦਾ ਹੈ।

ਸ਼ਰੀਰ ਵਿੱਚ ਖ਼ੂਨ ਲਿਜਾਣ ਵਾਲੀਆਂ ਨਾੜੀਆਂ ਦੀ ਕੁੱਲ ਲੰਬਾਈ ਤਕਰੀਬਨ ਇੱਕ ਲੱਖ ਕਿਲੋਮੀਟਰ (100000 ਕਿਲੋਮੀਟਰ) ਹੈ। ਇਕੱਲੇ ਦਿਮਾਗ ਵਿੱਚ ਹੀ ਇਹਨਾਂ ਦੀ ਕੁਲ ਲੰਬਾਈ 600 ਕਿਲੋਮੀਟਰ ਤੋਂ ਜ਼ਿਆਦਾ ਹੈ। ਇਹ ਤੱਥ ਹੈਰਾਨਕੁਨ ਹਨ। ਇਹਨਾਂ ਆਂਕੜਿਆਂ ਤੋਂ ਸਹਿਜ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੋਈ ਵੀ ਰੋਗ ਜੋ ਸਰੀਰ ਦੀਆਂ ਖ਼ੂਨ ਦੀਆਂ ਨਾੜੀਆਂ ਨੂੰ ਪ੍ਰਭਾਵਿਤ ਕਰਦਾ ਹੈ ਕਿੰਨਾ ਨੁਕਸਾਨ ਕਰ ਸਕਦਾ ਹੈ। ਸ਼ੂਗਰ ਅਤੇ ਬਲੱਡ ਪ੍ਰੈਸ਼ਰ ਰੋਗ ਇਸੇ ਤਰ੍ਹਾਂ ਦਾ ਹੀ ਨੁਕਸਾਨ ਕਰਦੇ ਹਨ। ਇਹਨਾਂ ਦਾ ਸਭ ਤੋਂ ਵੱਡਾ ਖਤਰਾ ਇਹ ਹੈ ਕਿ ਸ਼ੁਰੂ-ਸ਼ੁਰੂ ਵਿੱਚ ਵਿਅਕਤੀ ਨੂੰ ਇਸ ਤਰ੍ਹਾਂ ਦੇ ਨੁਕਸਾਨ ਦਾ ਬਿਲਕੁਲ ਵੀ ਪਤਾ ਨਹੀਂ ਚਲਦਾ। ਅਕਸਰ ਹੀ ਵਿਅਕਤੀ ਇਹ ਕਹਿਣਗੇ ਕਿ "ਡਾਕਟਰ ਸਾਹਿਬ, ਮੈਨੂੰ ਕੋਈ ਤਕਲੀਫ ਤਾਂ ਹੈ ਹੀ ਨਹੀਂ ਜਾਂ ਮੈਨੂੰ ਕੋਈ ਵੀ ਤਕਲੀਫ ਮਹਿਸੂਸ ਨਹੀਂ ਹੋ ਰਹੀ। ਮੈਂ ਦੁਆਈ ਕਿਉਂ ਲਵਾਂ?" ਉਨ੍ਹਾਂ ਨੂੰ ਸਮਝਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਹਨਾਂ ਕਾਰਨਾਂ ਕਰਕੇ ਸੂਗਰ ਵਾਲੇ ਮਰੀਜ਼ਾਂ ਵਿੱਚ ਦਿਲ ਦੇ ਰੋਗ ਹੋਣ ਦਾ ਖਤਰਾ ਆਮ ਨਾਰਮਲ ਵਿਅਕਤੀ ਦੇ ਮੁਕਾਬਲੇ ਦੁੱਗਣਾ ਹੁੰਦਾ ਹੈ। 75% ਸ਼ੂਗਰ ਦੇ ਮਰੀਜ਼ਾਂ ਵਿੱਚ ਮੌਤ ਦਾ ਕਾਰਣ ਦਿਲ ਦੇ ਰੋਗ ਜਿਵੇਂ ਕਿ ਹਾਰਟ-ਅਟੈਕ ਆਦਿ ਹੁੰਦੇ ਹਨ। ਹੋਰ ਖ਼ੂਨ ਦੀਆਂ ਨਾੜੀਆਂ ਕਾਰਣ ਅਧਰੰਗ ਦਾ ਅਟੈਕ ਹੋ ਸਕਦਾ ਹੈ ਅਤੇ ਲੱਤਾਂ ਅਤੇ ਬਾਹਾਂ ਵਿੱਚ ਖ਼ੂਨ ਦਾ ਦੌਰਾ ਘਟਣ ਦਾ ਰੋਗ ਹੋ ਸਕਦਾ ਹੈ। ਕਈ ਵਾਰ ਤਾਂ ਪੈਰ ਦੀਆਂ ਉਂਗਲਾਂ ਜਾਂ ਪੂਰਾ ਪੈਰ ਜਾਂ ਲੱਤ ਵੀ ਖਰਾਬ ਹੋ ਸਕਦੀ ਹੈ ਅਤੇ ਗੈਂਗਰੀਨ (Gangrene) ਹੋਣ ਕਾਰਣ ਕੱਟਣੀ ਪੈ ਸਕਦੀ ਹੈ। ਅਜਿਹਾ ਸਮੇਂ ਸਿਰ ਨਾ ਕਰਨ ਨਾਲ ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ।

ਸ਼ੂਗਰ ਕਰਕੇ ਖ਼ੂਨ ਦੀਆਂ ਨਾੜੀਆਂ ਨੂੰ ਹੋਣ ਵਾਲੇ ਨੁਕਸਾਨ ਕਾਰਣ ਕਈ ਹੋਰ ਅੰਗ ਵੀ ਪ੍ਰਭਾਵਿਤ ਹੁੰਦੇ ਹਨ, ਜਿਵੇਂ ਕਿ ਗੁਰਦੇ, ਅੱਖਾਂ ਅਤੇ ਸੰਵੇਦਨਾ ਵਾਲੀਆਂ ਨਾੜੀਆਂ(Nerves)। ਸ਼ੂਗਰ ਕਰਕੇ ਵਿਅਕਤੀ ਦੀਆਂ ਅੱਖਾਂ ਵੀ ਪ੍ਰਭਾਵਿਤ ਹੁੰਦੀਆ ਹਨ। ਇਸ ਦਾ ਮੁੱਖ ਕਾਰਣ ਅੱਖਾਂ ਦੇ ਨਜ਼ਰ ਦਾ ਪਰਦਾ (ਰੈਟਿਨਾ) ਦਾ ਨੁਕਸਾਨ ਹੋਣਾ ਹੈ। ਸ਼ੂਗਰ ਕਾਰਣ ਅੱਖਾਂ ਵਿੱਚ ਖ਼ੂਨ ਦੇ ਧੱਬੇ ਆ ਜਾਂਦੇ ਹਨ ਜਿਸ ਕਾਰਣ ਨਿਗਾਹ ਘੱਟ ਜਾਂਦੀ ਹੈ। ਕਈ ਵਾਰੀ ਕਈ ਮਰੀਜਾਂ ਵਿੱਚ ਇਸ ਕਾਰਣ ਰੈਟਿਨਾ ਦਾ ਕੁੱਝ ਹਿੱਸਾ ਉਖੜ ਵੀ ਜਾਂਦਾ ਹੈ ਅਤੇ

ਨਿਗਾਹ ਬਿਲਕੁਲ ਵੀ ਖਤਮ ਹੋ ਸਕਦੀ ਹੈ। ਇਹ ਸ਼ੂਗਰ ਰੋਗ ਵਿੱਚ ਅਣਗਹਿਲੀ ਨਾਲ ਹੋਣ ਵਾਲੀ ਆਮ ਸਮੱਸਿਆ ਹੈ।

ਸ਼ੂਗਰ ਰੋਗ ਨਾਲ ਦਿਮਾਗ ’ਤੇ ਵੀ ਬਹੁਤ ਭੈੜਾ ਅਸਰ ਪੈਂਦਾ ਹੈ। ਇਸ ਨਾਲ ਦਿਮਾਗ ਦਾ ਪਤਨ ਹੁੰਦਾ ਹੈ। ਇਸ ਨਾਲ ਦਿਮਾਗ ਦੀਆਂ ਖੂਨ ਦੀਆਂ ਨਾੜੀਆਂ ’ਤੇ ਅਸਰ ਹੋ ਕੇ ਵਿਗਾੜ ਪੈਦਾ ਹੁੰਦਾ ਹੈ। ਦਿਮਾਗ ਦੀ ਸੂਝ-ਬੂਝ ਘਟਦੀ ਹੈ। ਹੌਲੀ ਹੌਲੀ ਵਿਅਕਤੀ ਦੀ ਯਾਦ ਸ਼ਕਤੀ ਵੀ ਘਟਣ ਲਗਦੀ ਹੈ।

ਸ਼ੂਗਰ ਨਾਲ ਵਿਅਕਤੀ ਨੂੰ ਉਦਾਸੀ ਰੋਗ (ਡਿਪਰੈਸ਼ਨ) ਹੋਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ। ਇਸ ਦੇ ਦੋ ਮੁੱਖ ਕਾਰਣ ਹਨ। ਇੱਕ ਤਾਂ ਇਹ ਹੈ ਕਿ ਸ਼ੂਗਰ ਆਪਣੇ ਆਪ ਵਿੱਚ ਦਿਮਾਗ ’ਤੇ ਅਸਰ ਕਰਕੇ ਉਦਾਸੀ ਰੋਗ ਕਰਦੀ ਹੈ, ਦੂਜਾ ਜਦੋਂ ਵਿਅਕਤੀ ਨੂੰ ਪਤਾ ਚਲਦਾ ਹੈ ਕਿ ਉਸਨੂੰ ਸ਼ੂਗਰ ਹੋ ਗਈ ਹੈ ਤਾਂ ਪ੍ਰੇਸ਼ਾਨੀ ਹੋਣ ਨਾਲ ਵੀ ਉਦਾਸੀ ਰੋਗ ਹੋਣ ਦਾ ਖਤਰਾ ਵਧ ਜਾਦਾ ਹੈ।

ਸ਼ੂਗਰ ਕਾਰਣ ਖੂਨ ਵਿੱਚ ਗਲੂਕੋਸ ਦੀ ਮਾਤਰਾ ਬਹੁਤ ਜ਼ਿਆਦਾ ਵਧਣ ਨਾਲ ਦਿਮਾਗ ਦੀਆਂ ਬਰੀਕ ਖੂਨ ਦੀਆਂ ਨਾੜੀਆਂ ਜਿਹੜੀਆਂ ਦਿਮਾਗ ਦੇ ਅੰਦਰਲੇ ਹਿੱਸਿਆਂ ਨੂੰ ਖੂਨ ਪਹੁੰਚਾਉਂਦੀਆਂ ਹਨ ਵਿੱਚ ਖੂਨ ਦਾ ਪ੍ਰਵਾਹ ਬਹੁਤ ਹੌਲੀ ਹੋ ਜਾਂਦਾ ਹੈ ਜਾਂ ਕਈ ਵਾਰ ਰੁਕ ਵੀ ਜਾਂਦਾ ਹੈ। ਇਸ ਕਾਰਣ ਵਿਅਕਤੀ ਦੀ ਚੇਤਨਤਾ ’ਤੇ ਅਸਰ ਪੈਂਦਾ ਹੈ। ਉਹ ਡੌਰ-ਭੌਰ ਹੋ ਸਕਦਾ ਹੈ, ਵਿਅਕਤੀਆਂ ਦੇ ਬਾਰੇ ਭੁਲੇਖੇ ਪੈਣ ਲੱਗ ਸਕਦੇ ਹਨ ਅਤੇ ਉਸ ਨੂੰ ਭੁਚੱਕੇ ਵੀ ਲਗਣ ਲੱਗ ਜਾਂਦੇ ਹਨ। ਮਰੀਜ਼ ਬਹੁਤ ਬੈਚੈਨ ਜਾਂ ਗੁਸੈਲਾ ਹੋ ਸਕਦਾ ਹੈ। ਜ਼ਿਆਦਾ ਹਾਲਤ ਖਰਾਬ ਹੋਣ ਨਾਲ ਵਿਆਕਤੀ ਦੀ ਸ਼ੁਧ-ਬੁੱਧ ਵੀ ਗੁੰਮ ਹੋ ਸਕਦੀ ਹੈ। ਸਹੀ ਇਲਾਜ ਨਾ ਮਿਲਣ ਦੀ ਹਾਲਤ ਵਿੱਚ ਮਰੀਜ਼ ਦੀ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ। ਸ਼ੂਗਰ ਕਰਕੇ ਦਿਮਾਗ ਦੀਆਂ ਨਾੜੀਆਂ ’ਤੇ ਅਸਰ ਕਾਰਣ ਮਰੀਜ਼ ਦੇ ਦਿਮਾਗ ਅੰਦਰ ਖੂਨ ਦਾ ਰਿਸਾਅ ਹੋ ਸਕਦਾ ਹੈ ਜਾਂ ਖੂਨ ਦੀਆਂ ਨਾੜੀਆਂ ਅੰਦਰ ਖੂਨ ਦੀਆਂ ਛਿੱਦੀਆਂ ਜਾਂ ਫੁੱਟੀਆਂ (Clots) ਬਣ ਕੇ ਖੂਨ ਦੇ ਵਹਾਅ ਵਿੱਚ ਵਿਘਨ ਪੈਣ ਨਾਲ ਅਧਰੰਗ (Brain stroke) ਦਾ ਅਟੈਕ ਹੋ ਸਕਦਾ ਹੈ, ਜਿਸ ਕਰਕੇ ਸਰੀਰ ਦੇ ਕਿਸੇ ਵੀ ਅੰਗ ਦਾ ਕੰਮਕਾਰ ਰੁਕ ਸਕਦਾ ਹੈ ਜਾਂ ਬਹੁਤ ਕਮਜ਼ੋਰ ਹੋ ਸਕਦਾ ਹੈ। ਦਿਮਾਗ ਦੇ ਅੰਦਰ ਸਮਾਂ ਪਾਕੇ ਬਾਰ-ਬਾਰ ਛੋਟੇ ਛੋਟੇ ਅਟੈਕ ਹੋਣ ਨਾਲ ਵਿਅਕਤੀ ਦੀ ਯਾਦਦਾਸ਼ਤ ਬਿਲਕੁਲ ਵੀ ਖਤਮ ਹੋ ਸਕਦੀ ਹੈ ਭਾਵ ਕਿ ਵਿਅਕਤੀ ਨੂੰ ਡਿਮੈਂਸ਼ੀਆ(Dementia) ਹੋ ਸਕਦਾ ਹੈ।

ਸੋ ਉਪਰੋਕਤ ਸਾਰੇ ਤੱਥਾਂ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਸ਼ੂਗਰ ਇੱਕ ਗੰਭੀਰ ਰੋਗ ਹੈ। ਪਰ ਇਹ ਗੱਲ ਬਿਲਕੁਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਇਸ ਬਿਮਾਰੀ ਦਾ ਬਹੁਤ ਸਫਲ ਇਲਾਜ ਮੌਜੂਦ ਹੈ ਅਤੇ ਇਸ ਤੋਂ ਬਹੁਤ ਹੱਦ ਤੀਕ ਬਚਿਆ ਵੀ ਜਾ ਸਕਦਾ ਹੈ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਅਗਲੇ ਅੰਕ ਵਿੱਚ। (ਚਲਦਾ)

**ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,**
**ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ,**
**ਰਾਜਿੰਦਰਾ ਹਸਪਤਾਲ, ਪਟਿਆਲਾ।**

## ਪੁਸਤਕਾਂ ਦਾ ਮਹੱਤਵ

ਗਿਆਨ ਪ੍ਰਾਪਤੀ ਲਈ ਲਗਾਤਾਰ ਯਤਨ ਵਿੱਚ ਤੁਹਾਨੂੰ ਵਿਧੀਪੂਰਵਕ ਅਤੇ ਨਿਯਮਤ ਰੂਪ ਨਾਲ ਕੰਮ ਕਰਨਾ ਪਵੇਗਾ। ਤੁਹਾਡੇ ਸਮੇਂ ਦਾ ਕੁੱਝ ਹਿੱਸਾ ਪ੍ਰਤੀ ਦਿਨ ਤੁਹਾਨੂੰ ਅਧਿਐਨ ਅਤੇ ਪ੍ਰਯੋਗ ਕਰਨ ਵਿੱਚ ਬਤੀਤ ਕਰਨਾ ਚਾਹੀਦਾ ਹੈ। ਇੱਕ ਡਾਇਰੀ ਵਿੱਚ ਤੁਹਾਨੂੰ ਨਵੀਆਂ ਪੁਸਤਕਾਂ ਦੇ ਸਿਰਲੇਖ ਲਿਖਣੇ ਹੋਣਗੇ। ਕਿਤਾਬਾਂ ਵੇਚਣ ਵਾਲਿਆਂ ਤੋਂ ਨਵੀਆਂ ਅਤੇ ਪੁਰਾਣੀਆਂ ਪੁਸਤਕਾਂ ਦੀ ਖੋਜ ਕਰਨੀ ਹੋਵੇਗੀ। ਤੁਹਾਡੀ ਆਪਣੀ ਇੱਕ ਨਿੱਜੀ ਲਾਇਬਰੇਰੀ ਹੋਣੀ ਚਾਹੀਦੀ ਹੈ, ਚਾਹੇ ਉਹ ਛੋਟੀ ਹੀ ਕਿਉਂ ਨਾ ਹੋਵੇ। ਉਨ੍ਹਾਂ ਪੁਸਤਕਾਂ ’ਤੇ ਮਾਣ ਅਨੁਭਵ ਕਰੋ ਜੋ ਤੁਹਾਡੇ ਘਰ ਦੀ ਸਜਾਵਟ ਬਣ ਸਕਣ। ਹਰੇਕ ਖਰੀਦੀ ਹੋਈ ਪੁਸਤਕ ਤੁਹਾਡੇ ਮਾਨਸਿਕ ਵਿਕਾਸ ਵਿੱਚ ਕੁਝ-ਨ-ਕੁਝ ਵਾਧਾ ਜਰੂਰ ਕਰਦੀ ਹੈ। ਜਨਤਕ ਲਾਇਬਰੇਰੀਆਂ ਅਤੇ ਦੋਸਤਾਂ ਤੋਂ ਪੁਸਤਕਾਂ ਉਧਾਰ ਲੈ ਕੇ ਆਓ ਅਤੇ ਉਨ੍ਹਾਂ ਨੂੰ ਪੜ੍ਹਕੇ ਸਮੇਂ ਸਿਰ ਵਾਪਸ ਕਰਨਾ ਨਾ ਭੁੱਲੋ। ਜੋ ਕੁਝ ਤੁਸੀਂ ਪੜ੍ਹਦੇ ਹੋ ਉਸ ਦਾ ਸਾਰ ਅਤੇ ਸੰਖੇਪ ਲਿਖ ਕੇ ਰੱਖੋ, ਨਹੀਂ ਤਾਂ ਤੁਹਾਡਾ ਅਧਿਐਨ ਢਾਲਦਾਰ ਛੱਤ ਉੱਤੇ ਪੈਂਦੇ ਮੀਂਹ ਵਾਂਗ ਹੋਵੇਗਾ। ਖੂਬ ਦੁਹਰਾਈ ਕਰੋ ਅਤੇ ਆਪਣੀ ਯਾਦ ਨੂੰ ਰੋਜ਼ਾਨਾ ਤਾਜ਼ਾ ਰੱਖੋ। ਤੁਹਾਡਾ ਗਿਆਨ ਤੱਥਾਂ ’ਤੇ ਅਧਾਰਿਤ ਹੋਣਾ ਚਾਹੀਦਾ ਹੈ। ਕੁਝ ਸਾਲ ਪਹਿਲਾਂ ਹੀ ਆਪਣੇ ਅਧਿਐਨ ਕਾਰਜ ਦੀ ਯੋਜਨਾ ਬਣਾ ਕੇ ਰੱਖੋ ਜਿਵੇਂ ਕਿ ਰਾਜਨੀਤਕ ਆਪਣੇ ਆਰਥਿਕ ਅਤੇ ਸੈਨਿਕ ਪ੍ਰੋਗਰਾਮ ਦੀ ਯੋਜਨਾ ਪਹਿਲਾਂ ਹੀ ਨਿਰਧਾਰਿਤ ਰੱਖਦੇ ਹਨ। ਆਪਣੀ ਆਮਦਨ ਦਾ ਕੁੱਝ ਨਿਸ਼ਚਿਤ ਹਿੱਸਾ ਕਿਤਾਬਾਂ ਅਤੇ ਰਸਾਲੇ ਖਰੀਦਣ ਵਾਸਤੇ ਅਲੱਗ ਰੱਖ ਲਵੋ ਅਤੇ ਉਸ ਨੂੰ ‘ਪੁਸਤਕ’ ਕੋਸ਼ ਦਾ ਨਾਮ ਦੇ ਦੇਵੋ। ਕਿਸੇ ਹੋਰ ਖਰਚ ਵਾਸਤੇ ਇਸ ਦੀ ਵਰਤੋਂ ਨਾ ਕਰੋ। ਇਸ ਤਰ੍ਹਾਂ ਪੁਸਤਕਾਂ ’ਤੇ ਖਰਚ ਕਰਨਾ ਤੁਹਾਡੇ ਵਾਸਤੇ ਸੁਖਦਾਈ ਹੋ ਜਾਵੇਗਾ। ਮਨੁੱਖੀ ਜੀਵਨ ਛੋਟਾ ਹੈ ਅਤੇ ਗਿਆਨ ਦੇ ਪਿਆਸੇ ਲਈ ਤਾਂ ਇਹ ਬਹੁਤ ਹੀ ਥੋੜ੍ਹਾ ਹੈ।

**ਲਾਲਾ ਹਰਦਿਆਲ**

*ਰਾਜਨੀਤੀ ਸ਼ਾਸਤਰ*

# ਮਹਾਂਮਾਰੀ ਅਤੇ ਸਮਾਜਵਾਦ



**ਪ੍ਰਭਾਤ ਪਟਨਾਇਕ**

ਕਿਹਾ ਜਾਂਦਾ ਹੈ ਕਿ ਸੰਕਟ ਦੀ ਘੜੀ ਵਿੱਚ ਹਰ ਕੋਈ ਸਮਾਜਵਾਦੀ ਬਣ ਜਾਂਦਾ ਹੈ। ਕਿਰਤੀਆਂ ਦੇ ਭਲੇ ਲਈ ਖੁੱਲ੍ਹੀ ਮੰਡੀ ਸੁੰਗੜਣ ਲੱਗਦੀ ਹੈ। ਦੂਜੀ ਸੰਸਾਰ ਜੰਗ ਦੀ ਉਦਾਹਰਣ ਸਾਹਮਣੇ ਹੈ। ਜਦੋਂ ਬਰਤਾਨੀਆਂ ਨੇ ਜਨਤਕ ਵੰਡ-ਪ੍ਰਣਾਲੀ ਲਾਗੂ ਕੀਤੀ ਸੀ ਤਾਂ ਆਮ ਕਾਮਿਆਂ ਦਾ ਪਹਿਲਾਂ ਨਾਲੋਂ ਚੰਗਾ ਪਾਲਣ-ਪੋਸ਼ਣ ਹੋਇਆ ਸੀ।

**ਮੰਡੀ ਵਿਰੋਧੀ ਫੈਸਲੇ:** ਹੁਣ ਇਹੀ ਵਾਪਰ ਰਿਹਾ ਹੈ। ਇੱਕ ਤੋਂ ਇੱਕ ਮੁਲਕ, ਕੁੱਝ ਜ਼ਰੂਰੁ ਵਸਤਾਂ ਅਤੇ ਸਿਹਤ-ਸੇਵਾਵਾਂ ਦਾ ਸਮਾਜੀਕਰਨ ਕਰ ਰਿਹਾ ਹੈ ਜਿਹੜਾ ਰਵਾਇਤੀ ਪੂੰਜੀਵਾਦੀ ਅਮਲ ਤੋਂ ਰੜਕਵੇਂ ਤੌਰ 'ਤੇ ਵੱਖਰਾ ਹੈ। ਜਿੰਨਾ ਵੱਡਾ ਸੰਕਟ, ਓਡਾ ਵੱਡਾ ਸਮਾਜੀਕਰਨ। ਯੂਰਪ ਵਿੱਚ ਇਟਲੀ ਤੋਂ ਬਾਅਦ, ਅਮਰੀਕਾ, ਸਪੇਨ ਆਦਿ ਬੁਰੀ ਤਰ੍ਹਾਂ ਕੋਰੋਨਾ ਤੋਂ ਪ੍ਰਭਾਵਿਤ ਮੁਲਕ ਹਨ। ਸੰਕਟ ਨਾਲ ਨਜਿੱਠਣ ਲਈ ਨਿੱਜੀ ਹਸਪਤਾਲਾਂ ਨੂੰ ਸਰਕਾਰੀ ਨਿਗਰਾਨੀ ਹੇਠ ਲਿਆ ਜਾ ਰਿਹਾ ਹੈ। ਇਸ ਮਹਾਂਮਾਰੀ ਦੇ ਹੁੰਦਿਆਂ, ਡੌਨਲਡ ਟ੍ਰੰਪ ਨੇ ਵੀ ਨਿੱਜੀ ਕੰਪਨੀਆਂ ਨੂੰ ਲੋੜੀਂਦੀਆਂ ਚੀਜਾਂ ਬਣਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਉਤਪਾਦਨ ਉੱਪਰ ਸਰਕਾਰੀ ਕੰਟਰੋਲ, ਹੁਣ ਸਿਰਫ ਚੀਨ ਤੱਕ ਸੀਮਿਤ ਨਹੀਂ ਰਹਿ ਗਿਆ, ਇਸ ਨੇ ਅਮਰੀਕੀ ਨੀਤੀਆਂ 'ਤੇ ਵੀ ਅਸਰ ਪਾਇਆ ਹੈ, ਯੂਰਪ ਦੇ ਕਈ ਮੁਲਕਾਂ ਦਾ ਤਾਂ ਕਹਿਣਾ ਹੀ ਕੀ ਹੈ।

ਮਹਾਂਮਾਰੀ ਤੋਂ ਪ੍ਰਭਾਵਿਤ ਦੁਨੀਆਂ ਵਿੱਚ ਸਮਾਜਵਾਦ ਵੱਲ ਮੋੜਾ ਕੱਟਣ ਦਾ ਦੂਜਾ ਵੱਡਾ ਕਾਰਣ ਹੋਰ ਵੀ ਹੈ। ਇਹ ਹੈ ਵਿਗਿਆਨਕ ਨਜ਼ਰੀਏ ਦੀ ਅਣਸਰਦੀ ਲੋੜ। ਵਿਗਿਆਨਕ ਨਜ਼ਰੀਆ ਸਮਾਜਵਾਦ ਵੱਲ ਵੱਡੀ ਪੇਸ਼ਕਦਮੀ ਹੁੰਦਾ ਹੈ। ਹਿੰਦੂਤਵ ਜਥੇਬੰਦੀਆਂ ਵੱਲੋਂ ਆਪਣੇ ਸਿਧਾਂਤਾਂ ਦੀ ਹੌਲੀ ਹੌਲੀ ਫੈਲਾਈ ਜਾ ਰਹੀ ਧੁੰਦ (ਜਿਵੇਂ ਕਰੋਨਾਵਾਈਰਸ ਦਾ ਗਊ ਮੂਤਰ ਤੇ ਗੋਹੇ ਰਾਹੀਂ ਇਲਾਜ) ਬਾਰੇ ਲੋਕਾਂ ਵਿੱਚ ਨਾਪਸੰਦਗੀ ਪਾਈ ਜਾ ਰਹੀ ਹੈ। ਨਿੱਕੀ ਮੋਟੀ ਛਿੱਕ ਆਉਣ 'ਤੇ ਇਨ੍ਹਾਂ ਸਿਧਾਂਤਾਂ ਨੂੰ ਫੈਲਾਉਣ ਵਾਲੇ ਖੁਦ ਜਾਂ ਰਿਸ਼ਤੇਦਾਰਾਂ ਦੀ ਮੱਦਦ ਨਾਲ, ਹਸਪਤਾਲਾਂ ਵੱਲ ਵਹੀਰਾਂ ਘੱਤ ਰਹੇ ਹਨ। ਅਜਿਹੇ ਮੌਕਿਆਂ 'ਤੇ ਅੰਧਵਿਸ਼ਵਾਸ਼ ਮਹਿੰਗਾ ਪੈਂਦਾ ਹੈ। ਇਹ ਤਬਦੀਲੀ ਵੀ ਸਮਾਜਵਾਦ ਦੇ ਖਿਆਲ ਲਈ ਸਹਾਈ ਹੋ ਰਹੀ ਹੈ।

**ਪਿੱਛਲਖੁਰੀ ਰੁਝਾਣ:** ਇਹ ਸੱਚ ਹੈ ਕਿ ਵਿਗਿਆਨਕ ਨਜ਼ਰੀਏ ਨੂੰ ਅਪਨਾਉਣ ਵਿੱਚ, ਬਾਕੀ ਮੁਲਕਾਂ ਨਾਲੋਂ ਭਾਰਤ ਪਛੜ ਗਿਆ ਹੈ। ਸੰਕਟ ਦੇ ਬਾਵਜੂਦ (ਚੀਜਾਂ ਅਤੇ ਸਿਹਤ ਸੇਵਾਵਾਂ ਦੇ ਸਮਾਜੀਕਰਣ ਦੇ ਮਾਮਲੇ ਵਿੱਚ) ਓਹੜ ਪੋਹੜ ਲਈ ਵਿਆਪਕ ਝੱਲ ਨੂੰ ਛੱਡਿਆ ਨਹੀਂ ਗਿਆ। ਮਾਰਚ 22 ਨੂੰ ਮੋਦੀ ਦੇ ਲਾਏ "ਜਨਤਕ ਕਰਫਿਊ" ਦੌਰਾਨ, ਉਸ ਨੇ ਪੰਜ ਮਿੰਟ ਲਈ ਟੱਲੀਆਂ ਖੜਕਾਉਣ ਲਈ ਕਿਹਾ ਸੀ, ਮੋਦੀ ਭਗਤਾਂ ਨੇ ਇਸ ਨੂੰ ਵਧਾ ਕੇ ਅੱਧੇ ਘੰਟੇ ਤੱਕ ਕਰ ਲਿਆ। ਰੌਲੇ ਰੱਪੇ ਵਾਲੇ ਵਿਖਾਵਿਆਂ ਵਿੱਚ ਸੰਖ ਵਜਾ ਕੇ, ਕਰਫਿਊ ਦੇ ਮਨੋਰਥ ਦੀਆਂ ਧੱਜੀਆਂ ਉਡਾਈਆਂ ਗਈਆਂ, ਜਿਸ ਵਿੱਚ "ਸਮਾਜਿਕ ਵਿੱਥ" 'ਤੇ ਜੋਰ ਦਿੱਤਾ ਗਿਆ ਸੀ। ਹਸਪਤਾਲਾਂ ਵਿੱਚ ਵਾਇਰਸ ਤੋਂ ਪੀੜਤ ਰੋਗੀਆਂ ਦੀ ਪਰਖ਼ ਤੇ ਇਲਾਜ ਲਈ ਮੁਫਤ ਸਹੂਲਤਾਂ ਮੁਹੱਈਆਂ ਨਹੀਂ ਕਰਾਈਆਂ ਗਈਆਂ।

ਵਿਗਿਆਨਕ ਨਜ਼ਰੀਏ ਦੇ ਉਲਟ ਵਿਆਪਕ ਨਿਰੰਤਰਤਾ ਨਾਲ ਚੱਲ ਰਿਹਾ ਹਿੰਦੂਤਵੀ ਰਾਮ-ਰੌਲਾ, ਅਤੇ ਨਿੱਜੀ ਹਸਪਤਾਲਾਂ ਦੀ ਮੁਨਾਫੇ ਲਈ ਧੁੱਸ ਦੱਸਦੀ ਹੈ ਕਿ ਭਾਰਤ ਵਿੱਚ ਇਸ ਸੰਕਟ ਨੂੰ ਹਾਲੇ ਓਨੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਹੈ। ਜੇ ਇਸ ਮਹਾਂਮਾਰੀ ਦੀ ਤੱਦੀ ਵਧਦੀ ਹੈ, ਤਾਂ ਭਾਰਤ ਨੂੰ ਦੂਜੇ ਮੁਲਕਾਂ ਦੇ ਪਿੱਛੇ ਪਿੱਛੇ ਸਮਾਜਵਾਦ ਦਾ ਰਾਹ ਚੁਣਨਾ ਪਏਗਾ।

ਮੁਤਬਾਦਲ ਵਜੋਂ, ਹਾਲ ਹੀ ਵਿੱਚ ਇਹ ਵਿਰੋਧੀ ਰੁਝਾਣ ਵੀ ਨਜ਼ਰ ਆਇਆ ਹੈ, ਅਮਰੀਕੀ ਰਾਸ਼ਟਰਪਤੀ ਟਰੰਪ ਨੇ, ਵੈਕਸੀਨ ਲੱਭਣ 'ਚ ਲੱਗੀ ਇੱਕ ਕੰਪਨੀ ਤੋਂ ਵੈਕਸੀਨ ਦੇ ਸਾਰੇ ਹੱਕ ਲੈਣ ਦੀ ਪੇਸ਼ਕਸ ਕੀਤੀ ਸੀ। ਟਰੰਪ ਦਾ ਮਕਸਦ ਇਹੀ ਸੀ ਕਿ ਇਹ ਵੈਕਸੀਨ ਸਿਰਫ ਅਮਰੀਕਾ ਲਈ ਰਾਖਵੀਂ ਹੋਵੇ, ਦੂਜਿਆਂ ਲਈ ਨਹੀਂ ਪਰ ਜਰਮਨ ਸਰਕਾਰ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਔਰਤਾਂ ਅਤੇ ਹਾਸ਼ੀਆਂ-ਗ੍ਰਸਤ ਲੋਕਾਂ ਨੂੰ ਕਿਸਮਤ ਸਹਾਰੇ ਛੱਡ ਕੇ ਆਬਾਦੀ ਦੇ ਇੱਕ ਹਿੱਸੇ ਨੂੰ ਬਚਾਉਣ ਦੀ ਇਹ ਲਾਲਸਾ ਇਸੇ ਰੁਝਾਣ ਦੀ ਨਿਸ਼ਾਨਦੇਹੀ ਕਰਦੀ ਹੈ। ਕਰੋਨਾ ਵਾਇਰਸ ਤੋਂ ਬੁਰੀ ਤਰਾਂ ਪ੍ਰਭਾਵਿਤ ਇਰਾਨ ਵਰਗੇ ਮੁਲਕ ਖਿਲਾਫ਼ ਲਾਈਆਂ ਪਾਬੰਦੀਆਂ ਇਸ ਰੁਝਾਣ ਦਾ ਹੋਰ ਸਬੂਤ ਹਨ। ਅਮੀਰਾਂ, ਤਕੜਿਆਂ ਨੂੰ ਬਚਾਉਂਦਿਆਂ, ਗਰੀਬਾਂ ਨੂੰ ਮਹਾਂਮਾਰੀ ਦੇ ਰਹਿਮ ਸਹਾਰੇ ਛੱਡਣਾ, ਪੂੰਜੀਵਾਦੀ ਲੱਛਣ ਹੈ।

**ਰੁਝਾਨਾਂ ਦੀ ਸੀਮਾ** : ਪਰ ਇਸ ਰੁਝਾਨ ਦੀ ਇੱਕ ਕੁਦਰਤੀ ਸੀਮਾ ਹੈ। ਮੌਜੂਦਾ ਸੰਕਟ ਦਾ ਪ੍ਰਮਾਣਿਕ ਚਿੰਨ੍ਹ ਇਹ ਹੈ ਕਿ ਇਸ ਨੂੰ ਕਿਸੇ ਇੱਕ ਮੁਲਕ, ਦੁਨੀਆਂ ਦੇ ਕਿਸੇ ਇੱਕ ਖਿਤੇ, ਤੇ ਆਬਾਦੀ ਦੇ ਇੱਕ ਹਿੱਸੇ ਤੱਕ ਸੀਮਿਤ ਨਹੀਂ ਰੱਖਿਆ ਜਾ ਸਕਦਾ। ਟਰੰਪ ਦੀ ਇਹ ਕੋਸ਼ਿਸ਼ ਛੇਕੜ ਨੂੰ ਠੁੱਸ ਹੋ ਕੇ ਰਹਿ ਜਾਵੇਗੀ। ਕਹਿਣ ਦਾ ਭਾਵ ਇਹ ਨਹੀਂ ਕਿ ਦੁਨੀਆਂ, ਪੂੰਜੀਵਾਦ ਤੋਂ ਉਤਾਂਹ ਉੱਠਣ ਦੀ ਲੋੜ ਦੀ ਨਵੀਂ ਸਮਝ ਗ੍ਰਹਿਣ ਕਰ ਲਵੇਗੀ, ਬਲਕਿ ਮਹਾਂਮਾਰੀ ਵਿਰੁੱਧ ਚੁੱਕੇ ਗਏ ਕਦਮਾਂ ਲਈ ਪੂੰਜੀਵਾਦ ਤੋ ਬਾਹਰ ਝਾਕਣ ਦਾ ਬਕਾਇਦਾ ਵਿਚਾਰਧਾਰਕ ਪੈਂਤੜਾ ਲੈਣ ਦੇ ਲਈ ਪਾਬੰਦ ਹੋਵੇਗੀ।

ਇਸ ਮਹਾਂਮਾਰੀ ਨੇ ਦਿਖਾਇਆ ਹੈ ਕਿ ਅਜੋਕਾ ਵਿਸ਼ਵੀਕਰਨ, ਪੂੰਜੀਵਾਦ ਦੀ ਛਤਰਛਾਇਆ ਹੇਠ ਚੱਲ ਰਿਹਾ ਹੈ, ਪਰ ਪੂੰਜੀਵਾਦ ਕੋਲ ਇਸ 'ਚੋਂ ਨਿਕਲੇ ਸਿੱਟਿਆਂ ਨਾਲ ਨਜਿੱਠਣ ਦਾ ਦਮ ਨਹੀਂ ਹੈ। ਪੂੰਜੀਵਾਦ ਨੇ ਉਹ ਸਥਿਤੀ ਪੈਦਾ ਕਰ ਲਈ ਹੈ, ਜਿੱਥੇ ਜਿਨਸ, ਪੂੰਜੀ ਅਤੇ ਵਿੱਤੀ ਪੂੰਜੀ ਦੀ ਗਤੀ ਦਾ ਵਿਸ਼ਵੀਕਰਨ ਹੋ ਗਿਆ ਹੈ। ਇਸ ਵਿਸ਼ਵਾਸ਼ ਕੀਤਾ ਗਿਆ ਸੀ ਕਿ ਇਹ ਗਤੀ ਇਨਾਂ ਤੱਕ ਸੀਮਿਤ ਰਹੇਗੀ ਪਰ ਇਹ ਅਸੰਭਵ ਸੀ।ਵਾਇਰਸ ਦੀ ਵਿਸ਼ਵਵਿਆਪੀ ਤੇਜ ਗਤੀ ਅਤੇ ਮਹਾਂਮਾਰੀ ਦਾ ਵਿਸ਼ਵਵਿਆਪੀ ਪ੍ਰਕੋਪ ਵੀ, ਵਿਸ਼ਵੀਕਰਨ ਦਾ ਹਿੱਸਾ ਹਨ।

ਸਪੇਨੀ ਫਲੂ ਕਰਕੇ, ਮਹਾਂਮਾਰੀ ਦਾ ਅਜਿਹਾ ਸੰਕਟ, ਜਿਸ ਵਿੱਚ ਅਣਗਿਣਤ ਮੌਤਾਂ ਹੋਈਆਂ, 1908 ਵਿੱਚ ਵਾਪਰਿਆ ਸੀ। ਇਹ ਇਸ ਕਰਕੇ ਵਾਪਰਿਆ ਕਿ ਵਿਸ਼ਵਯੁੱਧ ਦੌਰਾਨ ਹਜਾਰਾਂ ਫੌਜੀਆਂ ਨੂੰ ਹੱਦਾਂ ਪਾਰ ਕਰਕੇ ਲੜ੍ਹਣ ਲਈ ਹਜਾਰਾਂ ਮੀਲ ਦੂਰ ਜਾਣਾ ਪਿਆ ਅਤੇ ਉਹ ਵਾਇਰਸ ਲੈ ਕੇ ਘਰਾਂ ਨੂੰ ਪਰਤੇ। ਯੁੱਧ ਨੇ ਇਸ ਵਿਸ਼ਵਵਿਆਪੀ ਮਹਾਂਮਾਰੀ ਦੌਰਾਨ ਕੌਮੀ ਹੱਦਾਂ ਤੋੜ ਦਿੱਤੀਆਂ। 2003 ਵਿੱਚ 26 ਦੇਸਾਂ ਵਿੱਚ ਸਾਰਸ ਫੈਲਣ ਨਾਲ 800 ਦੇ ਲਗਭਗ ਮੌਤਾਂ ਹੋਈਆਂ ਜਦੋਂ ਇੰਨ੍ਹਾਂ ਸਤਰਾਂ ਦੇ ਲਿਖਣ ਤੱਕ ਮੌਜੂਦਾ ਵਾਇਰਸ ਨਾਲ ਲਗਭਗ ਲੱਖਾਂ ਮੌਤਾਂ ਹੋ ਚੁੱਕੀਆਂ ਹਨ।

**ਹੱਲ**: ਮੌਜੂਦਾ ਸਮੇਂ ਵਿਚ, ਜਦੋਂ ਕਿ ਕੌਮੀ ਸਰਹੱਦਾਂ ਟੁੱਟ ਚੁੱਕੀਆਂ ਹਨ ਅਤੇ ਪੂੰਜੀਵਾਦ ਦੇ ਇਸ ਪੜਾਅ 'ਤੇ ਅਜਿਹੀਆਂ ਮਹਾਂਮਾਰੀਆਂ ਦਾ ਫੈਲਣਾ ਵਿਸ਼ਵਵਿਆਪੀ ਵਰਤਾਰਾ ਬਣ ਚੁੱਕਿਆ ਹੈ; ਇਸ ਲਈ ਇਸ ਵਬਾ ਤੋਂ ਦੁਨੀਆਂ ਨੂੰ ਬਚਾਉਣ ਦੀਆਂ ਟਰੰਪ-ਨੁਮਾਂ ਕੋਸ਼ਿਸ਼ਾਂ ਦਾ ਫੇਲ੍ਹ ਹੋਣਾ ਅਟਲ ਹੈ। ਪੂੰਜੀਵਾਦ ਹੁਣ ਉਸ ਪੜਾਅ 'ਤੇ ਪਹੁੰਚ ਗਿਆ ਹੈ, ਜਿੱਥੇ ਇਸ ਦੇ ਵਿਸ਼ੇਸ਼ ਅਦਾਰੇ, ਇਸ ਦੁਆਰਾ ਪੈਦਾ ਹੋਈਆਂ ਸਮੱਸਿਆਵਾਂ ਨੂੰ ਨਜਿੱਠਣ ਤੋਂ ਅਸਮਰਥ ਹਨ।

ਇਹ ਮਹਾਂਮਾਰੀ ਇਸ ਵਰਤਾਰੇ ਦਾ ਇਕ ਪੱਖ ਹੈ। ਜਦੋਂ ਕਿ ਹੋਰ ਵੀ ਪੱਖ ਹਨ, ਜੋ ਸਾਡੇ ਧਿਆਨ ਦੀ ਮੰਗ ਕਰਦੇ ਹਨ; ਜਿੰਨ੍ਹਾਂ ਚੋਂ ਕੁਝ ਇਸ ਤਰ੍ਹਾਂ ਹਨ।

ਪਹਿਲਾ ਵਿਸ਼ਵਵਿਆਪੀ ਆਰਥਿਕ ਸੰਕਟ ਹੈ, ਜੋ ਪੂੰਜੀਵਾਦ ਦੇ ਮੌਜੂਦਾ ਅਦਾਰਿਆਂ ਰਾਹੀਂ ਨਜਿਠਿਆ ਨਹੀਂ ਜਾ ਸਕਦਾ। ਇਸ ਲਈ ਵਿਸ਼ਵਵਿਆਪੀ ਭਾਈਵਾਲੀ ਦੀ ਲੋੜ ਹੈ; ਜਿਸ ਵਿੱਚ ਕਈ ਸਰਕਾਰਾਂ ਨੂੰ ਇਕੱਠਿਆਂ, ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਹੋਵੇਗਾ। ਪਰ ਇਸ ਤਰ੍ਹਾਂ ਦੇ ਮਿਲਵਰਤਨ ਤੋਂ ਅਸੀਂ ਕਿੰਨਾਂ ਦੂਰ ਹਾਂ, ਇਸ ਗੱਲ ਤੋਂ ਪਤਾ ਲਗਦਾ ਹੈ, ਕਿ ਮੋਹਰੀ ਪੂੰਜੀਵਾਦੀ ਮੁਲਕ ਸਿਰਫ ਆਪੋ ਆਪਣੇ ਆਰਥਿਕ ਸੰਕਟ 'ਚੋਂ ਨਿਕਲਣ ਲਈ ਓਹੜ ਪੋਹੜ ਕਰ ਰਹੇ ਹਨ।ਇਹ ਮਹਾਂਮਾਰੀ ਤੋਂ ਦੁਨੀਆਂ ਦੇ ਇੱਕ ਹਿੱਸੇ ਨੂੰ ਬਚਾਉਣ ਵਾਂਗ ਹੈ।

ਦੂਜਾ ਪੱਖ, ਵਾਤਾਵਰਣ ਦੀ ਤਬਦੀਲੀ ਬਾਰੇ ਹੈ। ਜਿਸ ਨੂੰ ਪੂੰਜੀਵਾਦ ਨੇ ਪੈਦਾ ਕੀਤਾ ਹੈ। ਜੋ ਇਸ ਦੇ ਆਪਣੇ ਹੀ ਨਿਰਧਾਰਿਤ ਪੈਮਾਨਿਆਂ ਅਧੀਨ ਰਹਿ ਕੇ ਹੱਲ ਨਹੀਂ ਕੀਤਾ ਜਾ ਸਕਦਾ।

ਤੀਜਾ ਪੱਖ "ਸ਼ਰਨਾਰਥੀ ਸੰਕਟ" ਬਾਰੇ ਹੈ, ਜੋ ਯੁੱਧਾਂ ਅਤੇ ਸ਼ਾਂਤੀ ਦੌਰਾਨ, ਪੂੰਜੀਵਾਦ ਦੁਆਰਾ ਉਜਾੜੇ ਲੋਕਾਂ ਨਾਲ ਸੰਬੰਧਿਤ ਹੈ ਆਦਿ।

ਉਪਰੋਕਤ ਸੰਕਟ, ਇਸ ਪ੍ਰਬੰਧ ਲਈ ਅੰਨੀ ਗਲੀ ਵਾਂਗ ਹਨ। ਉਹ ਸਿਰਫ ਉਪਕਥਾਵਾਂ ਨਹੀਂ ਹਨ। ਆਰਥਿਕ ਸੰਕਟ ਸਿਰਫ ਚੱਕਰੀ ਮੋੜਾ ਨਹੀਂ ਹੈ, ਬਲਕਿ ਇਹ ਨਿਰੰਤਰ ਸੰਸਥਾਗਤ ਸੰਕਟ ਦੀ ਨਿਸ਼ਾਨਦੇਹੀ ਕਰਦਾ ਹੈ।

ਇਸੇ ਤਰ੍ਹਾਂ ਗਲੋਬਲ ਗਰਮੀ ਵੀ ਆਰਜੀ ਉਪਕਥਾ ਨਹੀਂ, ਜੋ ਖੁਦ ਬ ਖੁਦ ਹੱਲ ਹੋ ਜਾਵੇਗੀ। ਇਸੇ ਤਰ੍ਹਾਂ, ਪੂੰਜੀਵਾਦੀ ਵਿਸ਼ਵੀਕਰਣ ਦੇ ਦੌਰ ਵਿੱਚ, ਵਾਈਰਸ ਦੀਆਂ ਮਹਾਂਮਾਰੀਆਂ, ਹੁਣ ਸਦੀਆਂ ਬਾਅਦ ਵਾਪਰਨ ਵਾਲੀ ਘਟਨਾ ਨਾ ਰਹਿ ਕੇ, ਵਾਰ ਵਾਰ ਵਾਪਰਨ ਵਾਲਾ ਵਰਤਾਰਾ ਬਣ ਚੁੱਕੀਆਂ ਹਨ।

ਮਨੁੱਖਤਾ ਦੁਆਰਾ ਇੰਨ੍ਹਾਂ ਆਫਤਾਂ ਦੇ ਮੁਕਾਬਲੇ ਲਈ, ਪੂੰਜੀਵਾਦੀ ਅਦਾਰੇ ਵੱਡੀ ਹੱਦ ਤੱਕ ਨਿਗੂਣੇ ਹਨ। ਇਸ ਲਈ ਸਮਾਜਵਾਦ ਵੱਲ ਪੇਸ਼ਕਦਮੀ ਦੀ ਜਰੂਰਤ ਹੈ। ਅਜੋਕੇ ਸੰਕਟ ਵਿਚ, ਜਾਹਰਾ ਤੋਰ ਤੇ, ਖੁੱਲੀ ਮੰਡੀ ਅਤੇ ਮੁਨਾਫੇ ਦੇ ਮਨੋਰਥ ਤੋਂ ਉਪਰ ਉਠ ਕੇ ਲਏ ਜਾ ਰਹੇ ਫੈਸਲੈ, ਇਸ ਵੱਲ ਇਸ਼ਾਰਾ ਕਰ ਰਹੇ ਹਨ।

**(ਉੱਘੇ ਚਿੰਤਕ ਅਤੇ ਇਤਿਹਾਸਕਾਰ)**

**ਅਨੁ: ਅਵਤਾਰ ਗੋਂਦਾਰਾ**

# ਚਿੱਠੀ ਆਈ ਹੈ



**ਅਵਤਾਰ ਗੋਂਦਾਰਾ**

ਪਿਛਲੇ ਕਈ ਸਾਲਾਂ ਦੇ 'ਪਾਠਕਾਂ ਦੇ ਖ਼ਤ' ਕਾਲਮ ਨੂੰ ਜੇ ਗਹੁ ਨਾਲ ਪੜ੍ਹੀਏ, ਤਾਂ ਬਹੁਤੇ ਪਾਠਕ ਆਪਣੀਆਂ ਭਾਵਨਾਵਾਂ ਦਾ ਹੀ ਇਜ਼ਹਾਰ ਕਰਦੇ ਹਨ, ਉਨ੍ਹਾਂ ਵਿੱਚ ਚਿੰਤਨ-ਪ੍ਰਕ੍ਰਿਆ (Reasoning) ਦਿਖਾਈ ਨਹੀਂ ਦਿੰਦੀ। ਭਾਵ ਉਹ ਆਪਣੇ ਉੱਪਰ ਪਏ ਪ੍ਰਭਾਵ ਨੂੰ ਹੀ ਵਿਅਕਤ ਕਰਦੇ ਹਨ, ਉਨ੍ਹਾਂ ਕਾਰਣਾਂ ਨੂੰ ਸਾਂਝਿਆਂ ਨਹੀਂ ਕਰਦੇ, ਜੋ ਇਸ ਪ੍ਰਭਾਵ ਨੂੰ ਪਾਉਣ ਦਾ ਸਬੱਬ ਬਣੇ। ਇਸ ਦਾ ਇਹ ਭਾਵ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਭਾਵਨਾਵਾਂ ਦਾ ਇਜ਼ਹਾਰ ਵਰਜਿਤ ਹੈ। ਕਹਿਣ ਦਾ ਭਾਵ ਸਿਰਫ ਏਨਾ ਹੈ ਕਿ ਸੋਚ-ਵਿਚਾਰ ਵੇਲੇ ਭਾਵਨਾਵਾਂ ਦਾ ਦਖਲ ਸੋਚ ਨੂੰ ਗੰਧਲਾ ਕਰ ਦਿੰਦਾ ਹੈ। ਵਿਗਿਆਨ ਸੂਝ-ਬੂਝ, ਚਿੰਤਨ ਦੀ ਪ੍ਰਕ੍ਰਿਆ ਹੈ ਜੋ ਕਿਸੇ ਨੂੰ ਤਰਕਸ਼ੀਲ ਬਣਾਉਂਦੀ ਹੈ।

**ਪ੍ਰਤੀਕਰਮ** : 'ਤਰਕਸ਼ੀਲ' ਪਰਚੇ ਦੀ ਕਿਸੇ ਲਿਖਤ ਜਾਂ ਸਮੁੱਚੇ ਅੰਕ ਬਾਰੇ ਮੋਟੇ ਤੌਰੇ ਤੇ ਪ੍ਰਸੰਸਾਤਮਕ/ਨਿਖੇਧਾਤਮਕ ਵਿਸ਼ੇਸ਼ਣ ਵਰਤੇ ਹੋਏ ਹੀ ਮਿਲਦੇ ਹਨ, ਜਿਸ ਨਾਲ ਪਾਠਕ ਦੇ ਮਨ ਵਿੱਚ ਹੋਈ ਉਥਲ ਪੁਥਲ, ਸੋਚ ਅਤੇ ਵਿਵਹਾਰ ਵਿੱਚ ਆਈ ਤਬਦੀਲੀ ਦਾ ਪਤਾ ਨਹੀਂ ਲੱਗਦਾ। ਨਾ ਹੀ ਕੋਈ ਸੁਝਾਅ ਹੁੰਦਾ ਹੈ, ਜਿਸ ਵਿੱਚ ਹਵਾਲੇ ਨਾਲ ਇਹ ਦੱਸਿਆ ਹੋਵੇ ਕਿ ਇਹ ਗੱਲ ਇਹ ਤਰ੍ਹਾਂ ਵੀ ਪੇਸ਼ ਕੀਤੀ, ਦੱਸੀ ਜਾਂ ਲਿਖੀ ਜਾ ਸਕਦੀ ਸੀ। ਮਿਸਾਲ ਵਜੋਂ ਕੁੱਝ ਇਸ ਤਰ੍ਹਾਂ ਦੀਆਂ ਟਿੱਪਣੀਆਂ ਪੜ੍ਹਨ ਨੂੰ ਮਿਲਦੀਆਂ ਹਨ: 'ਲੇਖ ਵਧੀਆ ਲੱਗਿਆ', 'ਕਈ ਕੁਝ ਸਿੱਖਣ ਨੂੰ ਮਿਲਿਆ', 'ਪ੍ਰਭਾਵਸ਼ਾਲੀ ਸੀ', 'ਖਿੱਚ ਭਰਪੂਰ ਸੀ', 'ਇੱਕ ਇੱਕ ਰਚਨਾ ਵੱਡਮੁੱਲੀ ਸੀ',' 'ਜਾਣਕਾਰੀ ਭਰਪਰੂ ਸੀ', 'ਰੁੱਖਾ, ਬੇਸੁਆਦਾ ਜਾਂ ਦਿਲਚਸਪ ਸੀ', 'ਪ੍ਰੇਰਣਾਦਾਇਕ', 'ਕੀਮਤੀ ਜਾਣਕਾਰੀ', 'ਲੇਖ ਮਿਹਨਤ ਨਾਲ ਲਿਖਿਆ ਸੀ', 'ਨਵਾਂ ਸਿੱਖਣ ਨੂੰ ਮਿਲਿਆ', 'ਗੱਲਾਂ ਮੁੱਲਵਾਨ ਹਨ', 'ਲੰਮੇ ਤੇ ਅਕਾਊ ਲੇਖ', 'ਕਮਾਲ ਦੀ ਵਿਆਖਿਆ', 'ਪੜ੍ਹ ਕੇ ਆਨੰਦ ਆ ਗਿਆ', ਮੈਟਰ ਅੱਖਾਂ ਖੋਲ੍ਹਦਾ ਹੈ' ਆਦਿ।

**ਉਦੇਸ਼**: ਵਿਗਿਆਨਕ (ਤਰਕਸ਼ੀਲ) ਸਾਹਿਤ ਦਾ ਮਨੋਰਥ ਮਨੋਰੰਜਨ ਕਰਨਾ, ਸਤਹੀ ਕਿਸਮ ਦੀ ਜਾਣਕਾਰੀ ਦੇਣੀ ਜਾਂ ਭੜਾਸ ਕੱਢਣਾ ਨਹੀਂ ਹੁੰਦਾ, ਇਸ ਤਰ੍ਹਾਂ ਦਾ ਕਲਾ ਅਤੇ ਸਾਹਿਤ ਨਾਲ ਸੰਬੰਧਿਤ ਬਥੇਰਾ ਕੁੱਝ ਮਿਲਦਾ ਹੈ। ਉਹ ਵੀ ਪੜ੍ਹਨਾ ਚਾਹੀਦਾ ਹੈ। ਵਿਗਿਆਨਕ ਲਿਖਤ ਦਾ ਮਹੱਤਵ, ਉਸ ਵਿਚਲੀ ਰੌਚਿਕਤਾ ਜਾਂ ਭਾਵਾਂ ਦਾ ਵਰਣਨ ਨਹੀਂ, ਸਗੋਂ ਉਸ ਵਿਚਲੇ ਵਿਚਾਰ ਹੁੰਦੇ ਹਨ, ਸੋਚ ਹੁੰਦੀ ਹੈ।

ਵਿਗਿਆਨਕ ਸਾਹਿਤ ਪਾਠਕ ਦੀ ਸੋਚ ਨੂੰ ਸੰਬੋਧਿਤ ਹੁੰਦਾ ਹੈ, ਉਸ ਨੂੰ ਸੋਚਣ, ਨਿਰਖਣ ਪਰਖਣ ਲਈ ਉਕਸਾਉਂਦਾ ਹੈ, ਢੰਗ-ਤਰੀਕੇ ਦੱਸਦਾ ਹੈ।ਲੇਖਕ ਅਤੇ ਪਾਠਕ ਵਿਚਾਲੇ ਸੰਵਾਦ ਲਈ ਪੁਲ ਬਣਦਾ ਹੈ।ਵਿਗਿਆਨਕ ਲਿਖਤ,ਪਾਠਕ ਨਾਲ ਸਜਿੰਦ (Living) ਰਿਸ਼ਤੇ 'ਚ ਬੱਝਦੀ ਹੈ। ਲੇਖਕ ਪਾਠਕ ਨੂੰ ਲਿਖਤ ਵਿੱਚ ਦਿੱਤੇ ਵਿਚਾਰਾਂ ਨੂੰ ਰੱਦਣ, ਉਨਾਂ ਵਿੱਚ ਸੋਧ ਕਰਨ ਲਈ ਸੱਦਾ ਦਿੰਦਾ ਹੈ। ਇਸ ਵਿੱਚ ਮਾਨਣ ਨਾਲੋਂ, ਜਾਨਣ 'ਤੇ ਵੱਧ ਜੋਰ ਦਿੱਤਾ ਗਿਆ ਹੁੰਦਾ ਹੈ।

ਰਚਨਾਤਮਕ ਸਾਹਿਤ (ਨਾਵਲ, ਕਵਿਤਾ, ਕਹਾਣੀਆਂ ਆਦਿ) ਮਸਲਿਆਂ ਨੂੰ ਭਾਵਨਾਤਮਕ ਪੱਧਰ 'ਤੇ ਪੇਸ਼ ਕਰਦਾ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਰਚਨਤਾਮਕ ਸਾਹਿਤ ਗੰਨਾ ਚੂਪਣ ਵਾਂਗ ਹੈ, ਜਿਸ ਦੇ ਪਾਠ ਚੋਂ ਪਾਠਕ ਰਸ ਲੈਂਦਾ ਹੈ, ਇਸ ਨੂੰ ਮਾਣਦਾ ਹੈ। ਇਹ ਸਾਹਿਤ ਪਾਠਕ ਦੇ ਦਖਲ ਤੋਂ ਬਿਨਾਂ ਵੀ ਬਚਿਆ ਰਹਿ ਸਕਦਾ ਹੈ। ਕੋਈ ਕਵੀ ਕਿਸੇ ਪਾਠਕ ਦੇ ਕਹਿਣ 'ਤੇ ਕਵਿਤਾ ਵਿੱਚ ਸੋਧ ਨਹੀਂ ਕਰਦਾ। ਲੇਖਕ ਅਤੇ ਪਾਠਕ ਆਜ਼ਾਦਾਨਾ ਤੌਰ 'ਤੇ ਵਿਚਰ ਸਕਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕਲਾ ਇੱਕ ਨਿੱਜੀ, ਪਰ ਵਿਗਿਆਨ ਸਮੂਹਿਕ ਵਰਤਾਰਾ ਹੈ।

**ਵਿਗਿਆਨ ਅਤੇ ਅਵਿਗਿਆਨ**: ਵਿਗਿਆਨਕ ਤੇ ਅਵਿਗਿਆਨਕ (ਧਾਰਮਿਕ) ਲਿਖਤ ਵਿੱਚ ਕੀ ਫਰਕ ਹੈ? ਪਹਿਲੀ ਵਿੱਚ, ਕਿਸੇ ਸਿੱਟੇ (ਧਾਰਨਾ ਜਾਂ ਵਿਚਾਰ) ਦੇ ਭਰੂਣ ਰੂਪ ਤੋਂ ਜਨਮ ਲੈਣ ਤੱਕ ਦੇ ਸਫਰ ਦਾ ਤਰਕਮਈ ਵਰਣਨ ਹੁੰਦਾ ਹੈ। ਉਸ ਵਿੱਚ ਮਨੁੱਖੀ ਘਾਲਣਾ, ਗਿਣਤੀਆਂ ਮਿਣਤੀਆਂ, ਵਿਸ਼ਲੇਸ਼ਣ, ਤਜ਼ਰਬਿਆ ਦਾ ਲੰਮਾ ਸਿਲਸਿਲਾ ਮਿਲਦਾ ਹੈ। ਪਾਠਕ ਕੋਲ ਸਿਲਸਿਲੇ ਦੇ ਹਰ ਪੜਾਅ ਦੀ ਚੀਰ ਫਾੜ ਦੀ ਖੁੱਲ੍ਹ ਹੁੰਦੀ ਹੈ, ਉਹ ਇਸ ਨੂੰ ਗਲਤ ਜਾਂ ਸਹੀ ਸਿੱਧ ਕਰ ਸਕਦਾ ਹੈ। ਇਉਂ ਕਰਦਿਆਂ, ਗਿਆਨ ਦੇ ਪੱਧਰ 'ਤੇ ਉਹ ਲੇਖਕ ਦਾ ਹਾਣੀ ਹੋ ਸਕਦਾ ਹੈ।

ਜਦੋਂ ਕਿ ਦੂਜੀ ਲਿਖਤ ਸਿਰਫ ਇਲਹਾਮ ਦੀ, ਸਿੱਟੇ ਦੀ ਗੱਲ ਕਰਦੀ ਹੈ, ਇਸ ਦੀ ਵਿਆਖਿਆ ਨਹੀਂ ਕਰਦੀ।

ਪਾਠਕ ਗਿਆਨ ਦੇ ਸੋਮੇ ਦੀ ਨਿਰਖ ਪਰਖ ਨਹੀਂ ਕਰ ਸਕਦਾ। ਉਸ ਕੋਲ ਇਸ ਦੀ ਚੀਰ ਫਾੜ ਕਰਨ ਦੀ ਖੁੱਲ੍ਹ ਨਹੀਂ ਹੁੰਦੀ। ਉਸ ਨੇ ਸਿਰਫ ਮੰਨਣਾ ਹੁੰਦਾ ਹੈ, ਜਾਨਣਾ ਨਹੀਂ ਹੁੰਦਾ। ਸੁਆਲ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

**ਪ੍ਰਤੀਕਰਮ ਅਤੇ ਪ੍ਰਤੀਉੱਤਰ:** ਚਿੱਠੀ ਲਿਖਣ ਲੱਗਿਆਂ, ਪ੍ਰਤੀਕਰਮ (Reaction/Reflexion) ਅਤੇ ਪ੍ਰਤੀਉੱਤਰ (Response) ਵਿਚਲੇ ਫਰਕ ਨੂੰ ਵੀ ਸਮਝਣ ਦੀ ਲੋੜ ਹੈ। ਪ੍ਰਤੀਕਰਮ ਫੌਰੀ ਹੁੰਦਾ ਹੈ। ਬਹੁਤਾ ਕਰਕੇ ਇਹ ਮਕਾਨਕੀ (Mechanical) ਹੁੰਦਾ ਹੈ। ਪਰ ਇਸ ਦੇ ਲੱਛਣ, ਮਾਨਸਿਕ ਸੱਤਾ 'ਤੇ ਵੀ ਦਿਖਾਈ ਦਿੰਦੇ ਹਨ। ਜਿਵੇਂ ਕਿਸੇ ਵੱਲੋਂ, ਸਾਡੀ ਬੇਧਿਆਨੀ ਵਿੱਚ, ਸਾਡੇ ਹੱਥ 'ਤੇ ਤਿੱਖੀ ਚੀਜ ਘੁਭੋਈ ਜਾਂਦੀ ਹੈ, ਸਾਡਾ ਹੱਥ ਆਪਣੇ ਆਪ ਪਾਸੇ ਹਟ ਜਾਂਦਾ ਹੈ, ਇਹ ਭੌਤਿਕ ਪ੍ਰਤੀਕਰਮ ਹੈ। ਇਸ ਵਿੱਚ ਸਾਡੇ ਮਨ ਦਾ ਕੋਈ ਦਖਲ ਨਹੀਂ। ਪਰ ਮੋੜਵੇਂ ਰੂਪ ਵਿੱਚ, ਘੁਭੋਣ ਵਾਲੇ 'ਤੇ ਵਾਰ ਕਰਨਾ ਹੈ ਜਾਂ ਨਹੀਂ, ਇਹ ਸਾਡੀ ਮਰਜ਼ੀ ਤੇ ਨਿਰਭਰ ਕਰਦਾ ਹੈ। ਭਾਵ ਇਸ ਵਿੱਚ ਮਨ ਦਖਲ ਦਿੰਦਾ ਹੈ। ਇਹ ਤਰ੍ਹਾਂ, ਪ੍ਰਤੀਉੱਤਰ ਦੇਣਾ ਹੀ ਤਰਕਸ਼ੀਲ ਰਵੱਈਆ ਹੈ। ਕੰਮ ਚਲਾਉਣ ਲਈ ਇਹ ਸੂਤਰ ਬਣਾਇਆ ਜਾ ਸਕਦਾ ਹੈ:

**ਪ੍ਰਤੀਕਰਮ= ਪਾਠ + ਸਿੱਟਾ**

**ਪ੍ਰਤੀਉੱਤਰ=ਪਾਠ + ਚਿੰਤਨ-ਪ੍ਰਕ੍ਰਿਆ+ ਸਿੱਟਾ**

ਇਸ ਹਿਸਾਬ ਨਾਲ, ਤਰਕਸ਼ੀਲ ਪਾਠਕ ਦੇ ਮਨ ਵਿੱਚ ਚਿੰਤਨ-ਪ੍ਰਕ੍ਰਿਆ ਜਰੂਰੀ ਹੈ। ਲਿਖਤ ਦੇ ਪਾਠ (Reading) ਦੌਰਾਨ, ਜੇ ਉਸ ਦੇ ਮਨ ਵਿੱਚ ਚਿੰਤਨ-ਪ੍ਰਕ੍ਰਿਆ ਨਹੀਂ ਚੱਲਦੀ, ਤਾਂ ਉਹ ਤਰਕਸ਼ੀਲ ਘੱਟ, ਅਵਿਗਿਆਨਕ ਜਿਆਦਾ ਹੈ। ਪਹੁੰਚ ਦੇ ਪੱਧਰ 'ਤੇ, ਭਾਵੇਂ ਉਹ ਕਿਸੇ ਅਗਾਂਹਵਧੂ ਜਥੇਬੰਦੀ ਦਾ ਮੈਂਬਰ ਕਿਉਂ ਨਾ ਹੋਵੇ, ਉਸ ਦਾ ਰਵੱਈਆ ਸ਼ਰਧਾਲੂ ਵਾਲਾ ਹੈ। ਸ਼ਰਧਾਲੂ, ਜੋ ਕਿਸੇ ਗੱਲ ਨੂੰ, ਬਿਨਾਂ ਸੋਚ-ਵਿਚਾਰ ਕੀਤਿਆਂ, ਅੱਖਾਂ ਮੀਚ ਕੇ ਮੰਨਣ ਦਾ ਆਦੀ ਹੈ। ਪੜ੍ਹਦਿਆਂ ਹੋਇਆਂ, ਤਰਕਸ਼ੀਲ ਪਾਠਕ ਪ੍ਰਤੀਕਰਮ ਦੇਣ ਦੀ ਬਜਾਏ, ਪ੍ਰਤੀਉੱਤਰ ਰਾਹੀਂ, ਆਪਣੀ ਸਮਝ ਵੀ ਸਿਰਜ ਰਿਹਾ ਹੁੰਦਾ ਹੈ।ਪੜ੍ਹਨ ਦੇ ਨਾਲ ਨਾਲ, ਉਹ ਪੜਚੋਲਦਾ ਵੀ ਹੈ। ਉਹ ਲਿਖਤ ਵਿੱਚ ਪੇਸ਼ ਕੀਤੀਆਂ ਧਾਰਨਾਵਾਂ, ਸੋਚਾਂ, ਕੱਢੇ ਗਏ ਸਿੱਟਿਆਂ ਨੂੰ ਮੰਨਣ ਜਾਂ ਰੱਦਣ ਤੋਂ ਪਹਿਲਾਂ ਤਰਕ ਦੀ ਸਾਣ 'ਤੇ ਲਾਉਂਦਾ ਹੈ।

ਆਪਾਂ ਨੂੰ ਬਹੁਤ ਸਾਰੇ ਭੂਤ-ਪ੍ਰੇਤਾਂ ਨੂੰ ਨਾ ਮੰਨਣ ਵਾਲੇ, ਅਜਿਹੇ ਵੀਰ ਮਿਲ ਜਾਣਗੇ, ਜਿੰਨ੍ਹਾਂ ਕੋਲ ਆਪਣੀ ਨਾਸਤਿਕਤਾ ਦੀ ਕੋਈ ਤਰਕਮਈ ਵਿਆਖਿਆ ਨਹੀਂ ਹੁੰਦੀ। ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ, ਕਿ ਭੂਤ-ਪ੍ਰੇਤ ਕਿਉਂ ਨਹੀਂ ਹੁੰਦੇ। ਹੁੰਦਾ ਕੀ ਹੈ ? ਇੱਧਰੋਂ ਉੱਧਰੋਂ ਕੋਈ ਵਿਗਿਆਨਕ ਲਿਖਤ ਉਨਾਂ ਦੇ ਹੱਥ ਲੱਗ ਗਈ, ਪੜ੍ਹੀ ਅਤੇ ਪ੍ਰਤੀਕਰਮ ਵਜੋਂ, ਬਿਨ੍ਹਾਂ ਸੋਚਿਆ ਵਿਚਾਰਿਆਂ ਭੂਤ ਵਿਰੋਧੀ ਪੈਂਤੜਾ ਲੈ ਲਿਆ। ਫੇਰ ਕਦੇ ਕੋਈ ਅਵਿਗਿਆਨਕ (ਧਾਰਮਿਕ) ਲਿਖਤ ਮਿਲ ਗਈ, ਉਸ ਤੋਂ ਪ੍ਰਭਾਵਿਤ ਹੋ ਗਏ ਤਾਂ ਯੂ ਟਰਨ ਲੈ ਲਈ। ਬਾਅਦ ਵਿੱਚ ਪਤਾ ਲੱਗਦਾ ਹੈ ਕਿ ਉਹ ਤਾਂ ਪੱਕੇ ਸ਼ਰਧਾਲੂ ਹੋ ਗਏ, ਅਤੇ ਅੱਜ ਕੱਲ ਵਿਗਿਆਨ ਨੂੰ ਗਾਲ੍ਹਾਂ ਕਢਦੇ ਫਿਰਦੇ ਹਨ। ਰੈਸ਼ਨੇਲਿਸਟ ਪਾਠਕ ਨੇ ਪ੍ਰਤੀਕਰਮ ਕਰਕੇ, ਸਿਰਫ ਲਿਖਤ ਤੋਂ ਪ੍ਰਭਾਵਿਤ ਹੀ ਨਹੀਂ ਹੋਣਾ ਹੁੰਦਾ। ਪ੍ਰਤੀਉੱਤਰ ਰਾਹੀਂ ਇੱਕੋ ਸੱਟੇ, ਉਹ ਤਿੰਨ ਪਰਤਾਂ ਚੋਂ ਗੁਜ਼ਰਦਾ ਹੈ। ਲਿਖਤ ਨੂੰ ਪੜ੍ਹ ਰਿਹਾ ਹੈ, ਪਰਖਦਾ ਹੈ, ਅਤੇ ਪੈ ਰਹੇ ਪ੍ਰਭਾਵ ਨੂੰ ਸਮਝ ਅਤੇ ਅਮਲ ਦਾ ਹਿੱਸਾ ਬਣਾਉਂਦਾ ਹੈ। ਅਵਿਗਿਆਨਕ ਪਾਠਕ ਸਿਰਫ ਪ੍ਰਭਾਵ ਲੈਣ ਤੱਕ ਰਹਿ ਜਾਂਦਾ ਹੈ, ਉਹ ਪੜਚੋਲ ਦੇ ਝੰਜਟ 'ਚ ਨਹੀਂ ਪੈਂਦਾ। ਉਸ ਲਈ ਲਿਖਿਆ ਹੋਇਆ ਹੀ 'ਸੱਤਬਚਨ', 'ਵਧੀਆ' ਹੈ।

**ਲੇਖ ਅਤੇ ਚਿੱਠੀਆਂ:** ਆਪਾਂ ਦੇਖਦੇ ਹਾਂ ਕਿ 'ਤਰਕਸ਼ੀਲ' ਪਰਚੇ ਵਿੱਚ ਕਈ ਕਿਸਮ ਦੀਆਂ ਲਿਖਤਾਂ ਛਪਦੀਆਂ ਹਨ ਜਿੰਨਾਂ ਵਿੱਚ ਚਲੰਤ ਮਸਲਿਆਂ ਤੋਂ ਲੈ ਕੇ ਗਿਆਨ, ਵਿਗਿਆਨ, ਸਮਾਜ-ਵਿਗਿਆਨ ਅਤੇ ਦਰਸ਼ਨ ਬਾਰੇ ਚਰਚਾ ਹੁੰਦੀ ਹੈ।ਮੋਟੇ ਤੌਰ ਤੇ ਦੋ ਮਨੋਰਥ ਹੁੰਦੇ ਹਨ:

ਪਹਿਲਾ, ਲੋੜੀਂਦੀ ਜਾਣਕਾਰੀ ਦੇ ਕੇ ਪਾਠਕ ਨੂੰ ਵਿਗਿਆਨਕ ਨਜ਼ਰੀਏ ਨਾਲ ਲੈਸ ਕਰਨਾ,

ਦੂਜਾ ਉਸ ਨਜ਼ਰੀਏ ਦੇ ਆਧਾਰ 'ਤੇ ਉਸ ਦੇ ਕਰਨ ਲਈ ਕੋਈ ਕਾਰਜ ਕੱਢਣੇ।

ਉਪਰੋਕਤ ਖ਼ਤਾਂ ਦੀ ਰੌਸ਼ਨੀ ਵਿੱਚ ਦੇਖੀਏ ਤਾਂ ਤਰਕਸ਼ੀਲ ਦੇ ਬਹੁਤੇ ਪਾਠਕ ਪ੍ਰਤੀਕਰਮ ਦੇਣ ਤੱਕ ਹੀ ਸੀਮਿਤ ਰਹਿੰਦੇ ਹਨ। ਉਹ ਲਿਖਤ ਦੀ ਨਿਰਖ-ਪਰਖ ਕਰਨ ਦੇ ਦੂਜੇ ਪੜਾਅ ਅਤੇ ਪਏ ਪ੍ਰਭਾਵ ਨੂੰ ਸਮਝ ਅਤੇ ਵਿਵਹਾਰ ਦਾ ਹਿੱਸਾ ਬਣਾਉਣ ਦੇ ਤੀਜੇ ਪੜਾਅ ਤੱਕ ਪਹੁੰਚਦੇ ਦਿਖਾਈ ਨਹੀਂ ਦਿੰਦੇ।

ਮੰਨ ਲਓ, ਤਰਕਸ਼ੀਲ ਵਿੱਚ ਲੇਖ ਛਪਦਾ ਹੈ, 'ਸਿਹਤ ਤੇ ਪਾਣੀ ਦਾ ਸੇਵਨ'। ਜਿਸ ਵਿੱਚ ਲੇਖਕ ਨੇ ਇੱਕ ਖਾਸ ਮਾਤਰਾ ਵਿੱਚ ਪਾਣੀ ਦੇ ਸੇਵਨ ਦੀ ਸਿਫਾਰਸ਼ ਕੀਤੀ ਹੈ। ਏਨਾ ਲਿਖ ਦੇਣਾ ਕਾਫੀ ਨਹੀਂ ਕਿ 'ਲੇਖ ਬਹੁਤ ਪ੍ਰਭਾਵਸ਼ਾਲੀ ਤੇ ਜਾਣਕਾਰੀ ਭਰਭੂਰ ਸੀ'। ਇਹ ਸਿਰਫ ਪ੍ਰਤੀਕਰਮ ਹੈ। ਨਾਲ ਇਹ ਵੀ ਦੱਸਣ ਦੀ ਲੋੜ ਹੈ ਕਿ ਪ੍ਰਭਾਵਸ਼ਾਲੀ ਕਿਉਂ ਸੀ, ਕੀ ਜਾਣਕਾਰੀ ਮਿਲੀ ਅਤੇ ਪਾਠਕ ਦੇ ਰਵੱਈਏ ਵਿੱਚ ਕੀ ਫਰਕ ਪਿਆ। ਤਰਕਸ਼ੀਲ ਪਾਠਕ ਤੋਂ ਕੁਝ ਇਸ ਤਰ੍ਹਾਂ ਦੀਆਂ

ਟਿੱਪਣੀਆਂ ਦੀ ਆਸ ਕੀਤੀ ਜਾਂਦੀ ਹੈ:

'ਮੈਂ ਡਾ. ਚਤੁਰਦੇਵ ਦਾ ਲੇਖ ਪੜ੍ਹਿਆ। ਪਾਣੀ ਪੀਣ ਦੇ ਸਿਹਤ 'ਤੇ ਹੁੰਦੇ ਹਾਦਰੂੰ ਅਸਰ ਦਾ ਪਤਾ ਲੱਗਿਆ। ਇਸ ਵਿੱਚ ਵਿਆਖਿਆ ਸਹਿਤ ਦੱਸਿਆ ਗਿਆ ਹੈ। ਪਰ ਉਨਾਂ ਖੋਜੀਆਂ ਅਤੇ ਸੋਮਿਆਂ ਦਾ ਹਵਾਲਾ ਨਹੀਂ ਦਿੱਤਾ ਗਿਆ, ਜਿਸ ਦੇ ਆਧਾਰ 'ਤੇ ਇਹ ਲੇਖ ਲਿਖਿਆ ਗਿਆ ਹੈ। ਜੇ ਲੇਖ ਮੌਲਿਕ ਖੋਜ ਦੇ ਆਧਾਰਿਤ ਨਹੀਂ ਹੈ ਤਾਂ ਅੰਤ ਵਿੱਚ ਸੋਮਿਆਂ ਦਾ ਹਵਾਲਾ ਜਰੂਰ ਦੇਣਾ ਚਾਹੀਦਾ ਹੈ ਤਾਂ ਜੋ ਪਾਠਕ ਲੇਖ ਵਿੱਚ ਕੀਤੇ ਦਾਅਵਿਆਂ ਦੀ ਪੁਣਛਾਣ ਕਰ ਸਕੇ। ਮੈਂ ਇਸ ਬਾਰੇ ਆਪਣੇ ਯੂਨਿਟ ਦੇ ਮੈਂਬਰਾਂ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਹੈ। ਸਾਡੀ ਇਕਾਈ ਵੱਲੋਂ ਫੈਸਲਾ ਹੋਇਆ ਹੈ ਕਿ ਮੁਹੱਲਾ ਮੀਟਿੰਗਾਂ ਵਿੱਚ ਬਾਕੀ ਗੱਲਾਂ ਦੇ ਨਾਲ ਨਾਲ, ਇਸ ਬਾਰੇ ਆਮ ਜਨਤਾ ਨੂੰ ਜਾਗਰੂਕ ਕੀਤਾ ਜਾਵੇ। ਘੱਟ ਪਾਣੀ ਪੀਣ ਨਾਲ ਹੁੰਦੇ ਨੁਕਸਾਨ ਦਾ ਪਤਾ ਲੱਗ ਗਿਆ ਹੈ। ਕੀ ਵੱਧ ਪਾਣੀ ਪੀਣ ਨਾਲ ਨੁਕਸਾਨ ਤਾਂ ਨਹੀਂ ਹੁੰਦਾ? ਇਹ ਵੀ ਸੁਣਨ ਚ ਆਇਆ ਹੈ ਕਿ ਤਾਂਬੇ ਦੇ ਬਰਤਨ ਵਿੱਚ ਪਾਣੀ ਪੀਤਿਆਂ ਕਈ ਲਾਭ ਹੁੰਦੇ ਹਨ। ਅਸੀਂ ਆਸ ਕਰਦੇ ਹਾਂ ਕਿ ਵਿਦਵਾਨ ਲੇਖਕ ਅਗਲੇ ਅੰਕ ਵਿੱਚ ਇਨ੍ਹਾਂ ਸੁਆਲਾਂ ਬਾਰੇ ਜਰੂਰ ਲਿਖੇਗਾ ਅਤੇ ਵਰਤੇ ਗਏ ਸੋਮਿਆਂ ਨੂੰ ਅੰਕਿਤ ਕਰੇਗਾ।

ਖ਼ਤ ਵਿੱਚ 'ਪ੍ਰਭਾਵਸ਼ਾਲੀ' ਵਰਗਾ ਕੋਈ ਵਿਸ਼ੇਸ਼ਣ ਨਹੀਂ ਵਰਤਿਆ ਗਿਆ ਹੈ ਪਰ ਲੇਖਕ, ਪਾਠਕ 'ਤੇ ਪਏ ਅਸਰ ਨੂੰ ਸਾਫ ਦੇਖ ਸਕਦਾ ਹੈ। ਵਧੀਆ ਗੱਲ ਇਹ ਹੈ ਕਿ ਇਹ ਪਾਠਕ ਚਰਚਾ ਨੂੰ ਅੱਗੇ ਵੀ ਤੋਰ ਰਿਹਾ ਹੈ।

ਕੁੱਝ ਸਾਲ ਪਹਿਲਾਂ ਪੰਜਾਬ ਦੇ ਹਰ ਪਿੰਡ ਵਿੱਚ ਪੰਜ ਪੰਜ ਪਰਚੇ ਲਾਉਣ ਦੀ ਮੁਹਿੰਮ ਬਾਰੇ 'ਤਰਕਸ਼ੀਲ' ਦੀ ਸੰਪਾਦਕੀ ਵਿੱਚ ਅਪੀਲ ਕੀਤੀ ਗਈ ਸੀ। ਇਸ ਦੇ ਜੁਆਬ ਵਿੱਚ ਕਈ ਖਤਾਂ ਵਿੱਚ 'ਪ੍ਰਸੰਸਾ' ਕੀਤੀ ਗਈ। ਅਮਲ ਵਿੱਚ ਉਹ ਮੁਹਿੰਮ ਉੱਥੇ ਹੀ ਖੜੀ ਹੈ। ਦੂਜੇ ਸ਼ਬਦਾਂ ਵਿੱਚ ਪਾਠਕ ਪ੍ਰਤੀਕਰਮ ਦੇਣ ਤੱਕ ਸੀਮਿਤ ਰਿਹਾ, ਉਸ ਦੀ 'ਪ੍ਰਸੰਸਾ' ਸਮਝ ਦੇ ਰਸਤੇ ਰਾਹੀਂ ਅਮਲ ਦਾ ਹਿੱਸਾ ਨਾ ਬਣ ਸਕੀ।

ਇਹ ਗੱਲ ਬਾਰ ਬਾਰ ਯਾਦ ਰੱਖਣ ਵਾਲੀ ਹੈ ਕਿ ਵਿਗਿਆਨਕ ਸਾਹਿਤ ਦੇ ਪਾਠਕ ਦਾ ਸਟੇਟਸ ਵੀ ਲੇਖਕ ਜਿੰਨ੍ਹਾਂ ਹੀ ਅਹਿਮ ਹੁੰਦਾ ਹੈ। ਪਾਠਕ ਲਿਖਤ ਨੂੰ ਪੁਸ਼ਟ ਜਾਂ ਰੱਦ ਹੀ ਨਹੀਂ ਕਰਦਾ, ਇਉਂ ਕਰਦਿਆਂ, ਉਹ ਆਪਣੀ ਸੋਚ ਅਤੇ ਰਵੱਈਏ 'ਚ ਆਈ ਤਬਦੀਲੀ ਨੂੰ ਵੀ ਵਿਅਕਤ ਕਰਦਾ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਆਈਨਸਟੀਨ ਨੂੰ ਪੜ੍ਹਨ ਤੋਂ ਬਾਅਦ ਕੋਈ ਪਾਠਕ/ਵਿਗਿਆਨੀ ਨਿਊਟਨੀ ਸਮਝ ਤੇ ਹੀ ਖੜ੍ਹਾ ਰਹੇ।ਉਸ ਦੇ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਨਾ ਆਵੇ। ਜੇ ਪਾਠਕ ਦੋ ਸਾਲ ਪਹਿਲਾਂ ਜਿੰਨ੍ਹਾਂ ਹੀ ਸਿਆਣਾ ਹੈ, ਉਸ ਦੀ ਸੋਚ ਵਿੱਚ ਹੋਰ ਡੂੰਘਾਈ ਅਤੇ ਕੰਮ ਵਿੱਚ ਵਿਸ਼ਾਲਤਾ ਨਹੀਂ ਆਈ ਤਾਂ ਇਹੀ ਕਹਿਣਾ ਪਊ ਕਿ ਉਹ ਤਰਕਸ਼ੀਲ ਪਾਠਕਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ।

**ਰੁਕਾਵਟਾਂ:** ਸੁਸਾਇਟੀ ਦੇ ਕੁੱਝ ਮੈਂਬਰਾਂ ਦਾ ਕਹਿਣਾ ਹੈ ਕਿ ਕਈ ਪਾਠਕ ਲਿਖਣਾ ਤਾਂ ਚਾਹੁੰਦੇ ਹਨ, ਪਰ ਖੌਝਲਣ ਦੇ ਬਾਵਜੂਦ ਉਨ੍ਹਾਂ ਲਈ ਇੱਕ ਸਤਰ ਲਿਖਣੀ ਔਖੀ ਹੈ। ਉਨ੍ਹਾਂ ਨੇ ਸੁਝਾਅ ਵੀ ਦਿੱਤਾ ਹੈ ਕਿ ਪੜ੍ਹਨ ਵੇਲੇ ਨੋਟਸ ਲੈਣ ਜਾਂ ਮਾਰਕ ਕਰਨ ਦੀ ਆਦਤ ਜਰੂਰ ਪਾਉਣੀ ਚਾਹੀਦੀ ਹੈ। ਇੱਕ ਹੋਰ ਵੀ ਯਾਦ ਰੱਖਣਯੋਗ ਗੱਲ ਇਹ ਹੈ ਕਿ ਪੜ੍ਹਨ ਤੋਂ ਬਾਅਦ ਜੇ ਲਿਖਤ ਵਿਚਲੀ ਗੱਲ, ਤੁਸੀਂ ਬੋਲ ਜਾਂ ਲਿਖ ਕੇ ਦੱਸ ਨਹੀਂ ਸਕਦੇ, ਤਾਂ ਸਾਫ ਜ਼ਾਹਰ ਹੈ, ਉਸ ਦੇ ਸਾਰ ਨੂੰ ਤੁਸੀਂ ਹਾਲੇ ਗ੍ਰਹਿਣ ਨਹੀਂ ਕੀਤਾ। ਇਮਤਿਹਾਨ ਵਿੱਚ ਕੋਈ ਵਿਦਿਆਰਥੀ, ਇਸ ਬਿਨਾਂ 'ਤੇ ਪਾਸ ਨਹੀਂ ਹੋ ਸਕਦਾ, ਜੇ ਸੁਆਲ ਦੇ ਜੁਆਬ ਵਿੱਚ ਉਹ ਸਿਰਫ ਏਨਾ ਲਿਖ ਆਵੇ, 'ਮੈਨੂੰ ਇਸ ਦਾ ਜੁਆਬ ਤਾਂ ਪਤਾ ਹੈ, ਪਰ ਵਿਅਕਤ ਕਰਨਾ ਨਹੀਂ ਆਉਂਦਾ, ਕਿਰਪਾ ਕਰਕੇ ਪਾਸ ਕੀਤਾ ਜਾਵੇ'। ਹਕੀਕਤ ਇਹ ਹੈ ਕਿ ਉਸ ਨੂੰ ਜੁਆਬ ਆਉਂਦਾ ਹੀ ਨਹੀਂ ਹੈ।

ਬਹੁਤੇ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਸਾਡਾ ਮਨ ਆਦਤਨ Critical Thinking (ਆਲੋਚਨਾਤਮਕ ਸੋਚਣੀ) ਤੋਂ ਤ੍ਰਹਿੰਦਾ ਹੈ। ਗੱਲਾਂ ਨੂੰ ਸਮਝਣ, ਵਰਤਾਰਿਆਂ ਨੂੰ ਜਾਨਣ ਲਈ ਖੌਝਲਣ ਦੀ ਥਾਂ, ਉਸ ਨੂੰ ਘੜੇ ਘੜਾਏ ਫਾਰਮੂਲੇ, ਸਿਧਾਂਤ, ਅਤੇ ਪ੍ਰਵਚਨ ਚੰਗੇ ਲਗਦੇ ਹਨ। ਧਾਰਮਿਕ ਲੋਕ, ਬਹੁ-ਸੰਮਤੀ ਦੀ ਇਸ ਕਮਜ਼ੋਰੀ ਦਾ ਭਰਭੂਰ ਲਾਹਾ ਲੈਂਦੇ ਹਨ।

**ਕਾਰਜ:** ਇਸ ਲੇਖ ਦਾ ਮਕਸਦ ਪਾਠਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਣਾ ਨਹੀਂ ਹੈ। ਸਿਰਫ ਇਹ ਯਾਦ ਕਰਾਉਣਾ ਹੈ ਕਿ ਅਜੋਕੇ ਦੌਰ ਵਿੱਚ ਜਦੋਂ ਤਰਕਹੀਣਤਾ ਦਾ ਬੋਲ ਬਾਲਾ ਹੈ ਤਾਂ ਤਰਕਸ਼ੀਲ ਬੰਦੇ ਲਈ ਸਿਰਫ ਲੇਬਲ ਦੇ ਸਹਾਰੇ ਫਿਰਨਾ ਕਾਫੀ ਨਹੀਂ। ਉਸ ਦੀ ਘਟਨਾਵਾਂ ਦਾ ਨਿਰਣਾ ਕਰਨ ਦੀ ਸ਼ਕਤੀ (Discriminatory Faculty) ਸਜੀਵ ਹੋਣੀ ਚਾਹੀਦੀ, ਉਸ ਨੂੰ ਗਲਤ ਸਹੀ ਦੀ ਪਛਾਣ ਕਰਨ ਦੀ ਜਾਚ ਹੋਵੇ। ਜੇ ਉਸ ਨੂੰ ਇਹ ਨਹੀਂ ਪਤਾ ਕਿ ਚੰਗੀ ਗੱਲ, ਚੰਗੀ ਕਿਉਂ ਹੈ, ਮਾੜੀ ਘਟਨਾ ਮਾੜੀ ਕਿਉਂ ਹੈ? ਫੇਰ ਉਹ ਫੈਸਲਾ ਕਿਵੇਂ ਕਰੂ, ਘਟਨਾਵਾਂ ਵਿੱਚ ਚੇਤਨ ਦਖਲ ਕਿਵੇਂ ਦੇਵੇਗਾ? ਵਿਗਿਆਨਕ ਸਾਹਿਤ ਦਾ ਪਾਠ 'ਤਰਕ ਦੀ ਸਾਣ' ਵਰਗਾ ਹੈ। ਇਸ ਲਈ ਇਸ ਨੂੰ ਸਰਸਰੀ ਪੜ੍ਹਤ ਵਜੋਂ ਨਹੀਂ ਲੈਣਾ ਚਾਹੀਦਾ। ਖ਼ੁਦ ਨੂੰ ਸਾਦਾ ਜਿਹੇ ਸੁਆਲ ਕੀਤੇ ਜਾਣੇ ਚਾਹੀਦੇ ਹਨ। ਜਿਵੇਂ: ਪਰਚੇ ਦਾ ਇਹ ਅੰਕ ਮੇਰੇ ਨਜ਼ਰੀਏ ਨੂੰ ਸੰਵਾਰਨ

ਵਿੱਚ ਕਿਵੇਂ ਤੇ ਕਿੰਨਾ ਸਹਾਈ ਹੋਇਆ ?

ਇਸ ਨੇ ਮੇਰੇ ਰਵੱਈਏ ਵਿੱਚ ਕੀ ਤਬਦੀਲੀ ਲਿਆਂਦੀ ? ਇਸ ਆਧਾਰ 'ਤੇ, ਆਪਣੀ ਸੋਚ ਵਿੱਚ ਆਪਣੇ ਵਿਵਹਾਰ ਵਿੱਚ ਆਈਆਂ ਤਬਦੀਲੀਆਂ ਨੂੰ ਨੋਟ ਕੀਤਾ ਜਾ ਸਕਦਾ ਹੈ।ਆਪਾਂ ਦੇਖਿਆ ਹੈ ਕਿ ਕਚਹਿਰੀ ਵਿੱਚ ਕਿਸੇ ਲਈ ਇਹ ਕਹਿ ਕੇ ਸਜ਼ਾ ਦੀ ਮੰਗ ਨਹੀਂ ਕੀਤੀ ਜਾ ਸਕਦੀ ਕਿ ਉਹ ਦੋਸ਼ੀ ਹੈ, ਨਾ ਇਹ ਕਹਿ ਕੇ ਬਰੀ ਕਰਨ ਦੀ ਬੇਨਤੀ ਹੋ ਸਕਦੀ ਕਿ ਦੋਸ਼ੀ ਨਿਰਦੋਸ਼ ਹੈ। ਦੋਨਾਂ ਧਿਰਾਂ ਨੂੰ ਦੋਸ਼ ਜਾਂ ਨਿਰਦੋਸ਼ ਸਿੱਧ ਕਰਨ ਲਈ, ਕੋਈ ਦਲੀਲ ਦੇਣੀ ਪਊ, ਸਬੂਤ ਦੇਣਾ ਪਊ। ਇੱਕ ਤਰਕਸ਼ੀਲ ਪਾਠਕ ਏਨਾ ਕਹਿ ਕੇ ਪੱਲਾ ਨਹੀਂ ਝਾੜ ਸਕਦਾ ਕਿ ਲਿਖਤ 'ਵਧੀਆ ਸੀ' ਜਾਂ 'ਰੁੱਖੀ' ਸੀ। ਲਿਖਤ ਦੇ ਗੁਣਾਂ ਜਾਂ ਦੋਸ਼ਾਂ ਦੀ ਨਿਸ਼ਾਨਦੇਹੀ ਕਰਦਿਆਂ ਉਸ ਦੀ ਤਰਕਸ਼ਕਤੀ Reasoning ਦਿੱਸਣੀ ਚਾਹੀਦੀ ਹੈ। ਬਹੁਸੰਮਤੀ ਪਾਠਕਾਂ ਵਿਚਲਾ ਅਵੇਸਲਾਪਣ, ਹੋਰ ਵੀ ਫਿਕਰਮੰਦੀ ਵਾਲਾ ਹੈ। ਹਜਾਰਾਂ ਪਾਠਕਾਂ 'ਚੋਂ ਸਿਰਫ ਚਾਰ ਪੰਜ ਖ਼ਤਾਂ ਦਾ ਆਉਣਾ ਬਹੁਤ ਨਹੀਂ ਹੈ।ਸਰਸਰੀ ਨਜ਼ਰੇ ਦੇਖਿਆਂ, ਇਸ ਦੋ ਕਾਰਣ ਹੋ ਸਕਦੇ ਹਨ:

ਜਾਂ ਤਾਂ ਪਰਚੇ ਵਿੱਚ ਛਪਦੀਆਂ ਲਿਖਤਾਂ ਪਾਠਕ ਦੇ ਮਨ ਵਿੱਚ ਹਲਚਲ ਪੈਦਾ ਨਹੀਂ ਕਰਦੀਆਂ, ਜਾਂ

ਆਪਣੀ ਹਲਚਲ ਨੂੰ ਉਹ ਲੇਖਕ ਨਾਲ ਸਾਂਝਿਆਂ ਕਰਨ ਤੋਂ ਟਾਲਾ ਵੱਟ ਰਿਹਾ ਹੈ। ਇਨ੍ਹਾਂ ਦੋਨਾਂ ਚੋਂ ਕਿਹੜੀ ਗੱਲ ਭਾਰੂ ਹੈ, ਇਸ ਬਾਰੇ ਵੀ ਵਿਚਾਰ ਚਰਚਾ ਹੋਣੀ ਚਾਹੀਦੀ ਹੈ।

ਜਰੂਰੀ ਨਹੀਂ, ਖ਼ਤ ਲਿਖਣ ਦਾ ਕਾਰਜ ਇਕੱਲਿਆਂ ਕੀਤਾ ਜਾਵੇ। ਇਹ ਦੋਸਤਾਂ, ਇਕਾਈ-ਮੈਂਬਰਾਂ ਨਾਲ ਰਲ ਕੇ ਵੀ ਕੀਤਾ ਜਾ ਸਕਦਾ ਹੈ। ਵਿਚਾਰ-ਚਰਚਾ ਵਿੱਚ, ਕਿਸੇ ਲਿਖਤ ਦੇ ਚੰਗੇ ਜਾਂ ਮਾੜੇ ਹੋਣ ਦੇ ਕਾਰਣਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਔਖੇ ਸ਼ਬਦਾਂ ਨੂੰ ਨੋਟ ਕੀਤਾ ਜਾਵੇ ਜਾਂ ਲਿਖਤ ਵਿੱਚ ਆਈ ਪਹੁੰਚ ਦੇ ਤਰਕਸ਼ੀਲ ਜਾਂ ਤਰਕਹੀਣ ਹੋਣ ਬਾਰੇ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ। ਉਸ ਵਿਚਲੀਆਂ ਵਿਸੰਗਤੀਆਂ ਨੂੰ ਫੜਿਆ ਜਾ ਸਕਦਾ ਹੈ। ਕਿੰਨੀਆਂ ਇਕਾਈਆਂ ਹਨ, ਹਰ ਇਕਾਈ ਇੱਕ ਸਾਂਝੀ ਸਮੀਖਿਆ ਸੌਖਿਆਂ ਲਿਖ ਸਕਦੀ ਹੈ। ਬਹੁਤੀ ਵਾਰ, ਤਰਕਸ਼ੀਲ ਦੀ ਦਿੱਖ ਬਾਰੇ ਕਿੰਤੂ ਕੀਤਾ ਜਾਂਦਾ ਹੈ। ਪਰ ਇਹ ਦੱਸਿਆ ਨਹੀਂ ਜਾਂਦਾ ਕਿ ਇਸ ਦੀ ਦਿੱਖ ਨੂੰ ਕਿਸ ਤਰ੍ਹਾਂ ਸੁਧਾਰਿਆ ਜਾਵੇ। ਸੁਝਾਅ ਦੇਣ ਲਈ, ਪਾਠਕਾਂ ਵਲੋਂ ਸਮਕਾਲੀ ਪਰਚਿਆਂ ਦੀ ਜਾਂਚ ਪੜਤਾਲ ਕੀਤੀ ਜਾ ਸਕਦੀ ਹੈ, ਅਤੇ ਸੰਪਾਦਕੀ ਮੰਡਲ ਨੂੰ ਉਨ੍ਹਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਸਾਹਿਤਕ ਰਸਾਲੇ, ਇਕੱਲੇ ਅਦਾਰਿਆਂ ਦੇ ਸਿਰ 'ਤੇ ਚੱਲ ਸਕਦੇ ਹਨ।

ਤਰਕਸ਼ੀਲ/ਵਿਗਿਆਨਕ ਪ੍ਰਕਾਸ਼ਨ ਇਕੱਲੇ ਅਦਾਰੇ ਦਾ ਨਹੀਂ, ਲੇਖਕਾਂ/ਪਾਠਕਾਂ ਦਾ ਸਾਂਝਾ ਕਾਰਜ ਹੁੰਦਾ ਹੈ। ਇਸ ਲਈ, ਲੋੜ ਹੈ ਗੈਰ ਸਰਗਰਮ ਪਾਠਕ ਤੋਂ ਜਾਗਰੂਕ ਪਾਠਕ ਬਣਨ ਲਈ ਯਤਨਸ਼ੀਲ ਹੋਇਆ ਜਾਵੇ। ਲੇਖਕ/ਪਾਠਕ ਨੇ ਤਬਦੀਲੀ ਦੀ ਗੱਲ ਹੀ ਨਹੀਂ ਕਰਨੀ, ਖ਼ੁਦ ਤਬਦੀਲ ਵੀ ਹੋਣਾ ਹੈ।

gondarasa@yahoo.com

---

*ਪੰਨਾ 36 ਦਾ ਬਾਕੀ...*

ਦੁਨੀਆਂ ਦੀਆਂ ਸਰਕਾਰਾਂ ਨੇ ਇੰਟਰਨੈੱਟ ਕੰਪਨੀਆਂ ਨਾਲ ਮਿਲ ਕੇ ਕੋਰੋਨਾ ਨਾਲ ਨਜਿੱਠਣ ਦੇ ਬਹਾਨੇ ਆਪਣੇ ਮੁਲਕਾਂ ਨੂੰ 'ਐਕਏਰੀਅਮ' ਵਿੱਚ ਤਬਦੀਲ ਕਰ ਦਿੱਤਾ ਹੈ। ਨਾਗਰਿਕਾਂ ਦੀ ਹਰ ਕਾਰਵਾਈ 'ਤੇ ਨਜ਼ਰ ਰੱਖੀ ਜਾ ਰਹੀ ਹੈ। ਆਮ ਸਮੇਂ ਵਿੱਚ ਇਸਦੇ ਖਿਲਾਫ ਬਹੁਤ ਵਿਰੋਧ ਹੁੰਦਾ ਪਰ ਹੁਣ ਇਹ 'ਨਿਊ ਨੌਰਮਲ' ਬਣਦਾ ਜਾ ਰਿਹਾ ਹੈ। 'ਸਰਵੀਲੈਂਸ ਕੈਪੀਟਲਿਜ਼ਮ' (Surveillance Capitalism) ਆਪਣੇ ਸਭ ਤੋਂ ਨੰਗੇ ਰੂਪ ਵਿੱਚ ਅੱਜ ਸਾਡੇ ਸਾਹਮਣੇ ਹੈ। '1984' ਫਿਲਮ ਹੁਣ ਫਿਲਮ ਨਹੀਂ ਬਲਕਿ ਇੱਕ ਹਕੀਕਤ ਹੈ। ਮਜ਼ੇ ਦੀ ਗੱਲ ਇਹ ਹੈ ਕਿ ਇਹ ਫਿਲਮ ਸਮਾਜਵਾਦ ਨੂੰ ਬਦਨਾਮ ਕਰਨ ਲਈ ਬਣਾਈ ਗਈ ਸੀ, ਪਰ ਅੱਜ ਪੂੰਜੀਵਾਦ ਇਸ 'ਤੇ ਪੂਰਾ ਖਰਾ ਉਤਰ ਰਿਹਾ ਹੈ। 'ਥਾਟ ਪੁਲਿਸ' (Thought Police) ਅਤੇ 'ਥਾਟ ਕ੍ਰਾਈਮ' (Thought Crime) ਦਾ ਸੰਕਲਪ ਕੋਰੋਨਾ ਕਾਲ ਦੌਰਾਨ ਘੱਟੋ ਘੱਟ ਭਾਰਤ ਵਰਗੇ ਦੇਸ਼ਾਂ ਵਿੱਚ ਹਕੀਕਤ ਬਣ ਚੁੱਕਿਆ ਹੈ। ਇਸ ਪੰਕਤੀ ਨੂੰ ਲਿਖਦੇ ਸਮੇਂ ਹੀ ਪਤਾ ਚੱਲਿਆ ਕਿ ਫੇਸਬੁੱਕ 'ਤੇ ਕੋਰੋਨਾ ਪ੍ਰਤੀ ਸਰਕਾਰ ਦੀ ਨਾਕਾਮੀ ਬਾਰੇ ਇੱਕ ਪੋਸਟ ਲਿਖਣ ਲਈ ਇਨਕਲਾਬੀ ਮਜ਼ਦੂਰ ਕੇਂਦਰ ਦੇ ਕੈਲਾਸ਼ ਭੱਟ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਐਡਵਰਡੋ ਗੈਲੁਆਨੋ ਦਾ ਕਹਿਣਾ ਸੀ ਕਿ ਇਤਿਹਾਸ ਅਸਲ ਵਿੱਚ ਕਦੇ ਅਲਵਿਦਾ ਨਹੀਂ ਕਹਿੰਦਾ। ਉਹ ਕਹਿੰਦਾ ਹੈ-ਦੁਬਾਰਾ ਮਿਲਾਂਗੇ। ਭਾਵੇਂ ਰਾਤ ਕਿੰਨੀ ਵੀ ਹਨੇਰਾ ਹੋਵੇ, ਉਸ ਵਿੱਚ ਆਉਣ ਵਾਲੀ ਸਵੇਰ ਦਸਤਕ ਦਿੰਦੀ ਹੈ।



**ਮਨੀਸ਼ ਅਜ਼ਾਦ**
**(ਰਾਜਨੀਤਕ ਕਾਰਕੁੰਨ, ਸੱਤਾ ਦੇ ਜ਼ਬਰ ਦਾ ਸ਼ਿਕਾਰ ਹੋ ਕੇ 8 ਮਹੀਨੇ ਬਾਅਦ ਜੇਲ੍ਹ ਤੋਂ ਪਰਤਿਆ)**
**(ਲੇਖ - 'ਕੋਵਿਡ-19 ਦਾ ਰਾਜਨੀਤਕ ਅਰਥ-ਸ਼ਾਸਤਰ')**

*ਵਿਸ਼ੇਸ਼ ਰਿਪੋਰਟ:*

# ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਰੋਹ

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਰੋਹ-20, ਪਹਿਲੀ ਮਾਰਚ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਇਆ, ਜਿਸ ਵਿੱਚ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਦੇ ਆਗੂ, ਕਾਰਕੁੰਨ ਤੇ ਸਨੇਹੀਆਂ ਨੇ ਸ਼ਮੂਲੀਅਤ ਕੀਤੀ। ਦੋ ਸ਼ੈਸ਼ਨਾਂ ਵਿੱਚ ਸੰਪੰਨ ਹੋਇਆ ਇਹ ਸਮਾਰੋਹ ਗੰਭੀਰ ਚਿੰਤਨ, ਚੇਤਨਾ ਤੇ ਕਲਾ ਨਾਲ ਜ਼ਿੰਦਗੀ ਤੇ ਸਮਾਜ ਨੂੰ ਸੁਖਾਵੇਂ ਰੁਖ ਤੋਰਨ ਦਾ ਸੁਨੇਹਾ ਦੇ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਏ ਗਏ ਇਸ ਸਮਾਗਮ ਦੇ ਪਹਿਲੇ ਸ਼ੈਸ਼ਨ ਵਿੱਚ ਰੈਡੀਕਲ ਪੀਪਲਜ਼ ਫੋਰਮ ਦੇ ਬੁਲਾਰੇ ਸੁਖਦਰਸ਼ਨ ਨੱਤ ਨੇ 'ਫਾਸ਼ੀਵਾਦ ਦੇ ਮੌਜੂਦਾ ਖਤਰੇ' ਵਿਸ਼ੇ ਤੇ ਚਰਚਾ ਦਾ ਆਗਾਜ਼ ਕੀਤਾ। ਉਹਨਾਂ ਫਾਸ਼ੀਵਾਦ ਦੀ ਪ੍ਰੀਭਾਸ਼ਾ, ਇਸ ਦਾ ਮੂਲ, ਲੱਛਣ ਤੇ ਫਾਸ਼ੀਵਾਦ ਦੇ ਸਬਕ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਹਨਾਂ ਆਖਿਆ ਕਿ ਫਾਸ਼ੀਵਾਦ ਲੋਕਤੰਤਰ ਦਾ ਸਖ਼ਤ ਵਿਰੋਧੀ ਤੇ ਤਰਕ, ਬੁੱਧੀਵਾਦ ਦਾ ਦੁਸ਼ਮਣ ਹੈ। ਨੱਤ ਨੇ ਨਾਜ਼ੀਵਾਦ ਦੇ ਕਰੂਰ ਚਿਹਰੇ ਦੀ ਵੀ ਵਿਸਥਾਰ ਨਾਲ ਵਿਆਖਿਆ ਕੀਤੀ। ਉਹਨਾਂ ਹਿਟਲਰ ਤੇ ਮੋਦੀ ਦੀ ਵਿਚਾਰਧਾਰਾ ਵਿਚਲੀ ਸਮਾਨਤਾ ਦਾ ਜ਼ਿਕਰ ਕਰਦਿਆਂ ਆਖਿਆ ਕਿ 1 ਮਈ 1933 ਨੂੰ ਹਿਟਲਰ ਨੇ ਕਿਰਤ ਦਾ ਮਾਣ ਤੇ ਕਿਰਤੀ ਦਾ ਸਨਮਾਨ ਦਾ ਨਾਅਰਾ ਦਿੱਤਾ ਸੀ, ਹੁਣ ਇਹੋ ਜਿਹਾ ਨਾਅਰਾ ਮੋਦੀ ਨੇ ਵੀ ਦਿੱਤਾ ਹੈ। ਉਨ੍ਹਾਂ ਆਪਣੀ ਤਕਰੀਰ ਵਿੱਚ ਕਿਹਾ ਕਿ ਦੇਸ਼ ਭਗਤਾਂ ਨੇ ਪਹਿਲੀ ਜੰਗ ਅੰਗਰੇਜਾਂ ਖਿਲਾਫ ਲੜੀ ਸੀ। ਤੇ ਹੁਣ ਭਾਰਤ ਦੇ ਲੋਕਾਂ ਨੂੰ ਦੂਜੀ ਲੜਾਈ ਫਾਸ਼ੀਵਾਦੀ ਖਿਲਾਫ ਲੜਣੀ ਪਵੇਗੀ। ਉਹਨਾਂ ਇਤਿਹਾਸ ਦੇ ਝਰੋਖੇ ਵਿੱਚੋਂ ਫਾਸ਼ੀਵਾਦ ਦੇ ਜਨਮ ਤੇ ਮੁਸੋਲਿਨੀ, ਹਿਟਲਰ ਵਰਗੇ ਤਾਨਾਸ਼ਾਹਾਂ ਵੱਲੋਂ ਮਨੁੱਖਤਾ ਦੇ ਕੀਤੇ ਘਾਣ ਦੀਆਂ ਘਟਨਾਵਾਂ ਨੂੰ ਸਰੋਤਿਆਂ ਸਾਹਵੇਂ ਰੱਖਿਆ। ਉਹਨਾਂ ਸਪਸ਼ੱਟ ਕੀਤਾ ਕਿ ਫਾਸ਼ੀਵਾਦੀ ਸੋਚ ਚਿੰਤਨ ਤੇ ਚੇਤਨਾ ਦੇ ਖ਼ਿਲਾਫ਼ ਹੈ। ਦੇਸ਼ ਭਰ ਵਿੱਚ ਲੇਖਕਾਂ, ਬੁੱਧੀਜੀਵੀਆਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਤੇ ਧਰਮ ਦੇ ਨਾਂ ਤੇ ਫ਼ੈਲਾਈ ਜਾ ਰਹੀ ਫ਼ਿਰਕੂ ਨਫਰਤ, ਦੰਗੇ ਫਾਸ਼ੀਵਾਦ ਦਾ ਕੋਝਾ ਰੂਪ ਹਨ। ਉਹਨਾਂ ਦੇਸ਼ ਭਰ ਵਿੱਚ ਸ਼ਾਹੀਨ ਬਾਗ ਦੀਆਂ ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਤੇ ਮਜ਼ਦੂਰਾਂ ਕਿਸਾਨਾਂ ਵੱਲੋਂ ਨਾਗਰਿਕਤਾ ਸੋਧ ਜਿਹੇ ਕਾਲੇ ਕਾਨੂੰਨਾਂ ਖ਼ਿਲਾਫ਼ ਚਲਾਏ ਜਾ ਰਹੇ ਸੰਘਰਸ਼ ਨੂੰ ਆਸ ਦੀ ਕਿਰਨ ਦਸਦਿਆਂ ਆਖਿਆ ਕਿ ਔਰਤ ਜਾਤੀ, ਸਮਾਨਤਾ ਤੇ ਅਗਾਂਹਵਧੂ ਵਿਚਾਰਾਂ ਦਾ ਵਿਰੋਧੀ ਫਾਸ਼ੀਵਾਦ ਲੋਕ ਚੇਤਨਾ ਤੇ ਏਕੇ ਤੇ ਲੋਕ ਸੰਘਰਸ਼ਾਂ ਹੱਥੋਂ ਮਾਤ ਖਾਏਗਾ। ਸਮਾਗਮ ਦੇ ਦੂਸਰੇ ਸੈਸ਼ਨ ਵਿੱਚ 'ਤਰਕਸ਼ੀਲ' ਮੈਗਜ਼ੀਨ ਦੇ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਨੇ ਕ੍ਰਿਸ਼ਨ ਬਰਗਾੜੀ ਦੇ ਜੀਵਨ ਸੰਘਰਸ਼ ਤੇ ਦੇਣ ਦਾ ਜ਼ਿਕਰ ਕੀਤਾ। ਉਹਨਾਂ ਆਖਿਆ ਕਿ ਬਰਗਾੜੀ ਵੱਲੋਂ ਤਰਕਸ਼ੀਲ ਲਹਿਰ ਲਈ ਕੀਤਾ ਕਾਰਜ ਰਾਹ ਦਰਸਾਵਾ ਤੇ ਪ੍ਰੇਰਨਾ ਸ੍ਰੋਤ ਹੈ। ਇਸ ਸਮੇਂ ਇਨਕਲਾਬੀ ਕਵੀ ਮਹਿੰਦਰ ਸਾਥੀ ਮੋਗਾ ਦਾ ਕ੍ਰਿਸ਼ਨ ਬਰਗਾੜੀ ਯਾਦਗਰੀ ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਆਖਿਆ ਕਿ ਕ੍ਰਿਸ਼ਨ ਬਰਗਾੜੀ ਨੇ ਆਪਣੀ ਜ਼ਿੰਦਗੀ ਵਿਗਿਆਨਕ ਚੇਤਨਾ ਦੇ ਲੇਖੇ ਲਾਈ ਹੈ, ਜਦਕਿ ਮਹਿੰਦਰ ਸਾਥੀ ਨੇ ਆਪਣੀ ਕਲਮ ਨਾਲ ਹੱਕ, ਸੱਚ ਇਨਸਾਫ ਦੀ ਮਸ਼ਾਲ ਜਗਾਈ ਹੈ। ਉਹਨਾਂ ਸਪੱਸ਼ਟ ਕੀਤਾ ਕਿ ਤਰਕਸ਼ੀਲ ਹੱਕਾਂ, ਹਿਤਾਂ, ਭਾਈਚਾਰੇ ਦੀ ਸਲਾਮਤੀ ਤੇ ਕਾਲੇ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਸੰਘਰਸ਼ਾਂ ਦਾ ਹਿੱਸਾ ਹਨ। ਸਮਾਰੋਹ ਵਿੱਚ ਮਹਿੰਦਰ ਸਾਥੀ ਨੇ ਕਵਿਤਾ ਪਾਠ ਕਰਦਿਆਂ ਆਖਿਆ ਕਿ ਉਹਨਾਂ ਦੀ ਕਵਿਤਾ ਲੋਕ ਹਿਤਾਂ ਲਈ ਪ੍ਰਤਿਬੱਧ ਹੈ। ਉਹਨਾਂ ਆਪਣੀਆਂ ਹੋਰਨਾਂ ਕਵਿਤਾਵਾਂ ਦੇ ਨਾਲ ਕਵਿਤਾ 'ਸ਼ਾਹੀਨ ਬਾਗ' ਵੀ ਸੁਣਾਈ। ਜਿਸਦੀਆਂ ਮੁਢਲੀਆਂ ਸਤਰਾਂ 'ਤੂੰ ਕਰਬਲਾ ਦੀ ਜੰਗ, ਤੂੰ ਚਮਕੌਰ ਦਾ ਯੁੱਧ, ਤੂੰ ਲੈਨਿਨ ਗਰਾਦ ਦਾ ਸਿਦਕ', ਸਰੋਤਿਆਂ ਦੇ ਧੁਰ ਅੰਦਰ ਤੱਕ ਲਹਿ ਗਈਆਂ। ਚੋਣਵੀਆਂ ਕਵਿਤਾਵਾਂ ਦਾ ਪਾਠ ਵੀ ਕੀਤਾ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਵੀਂ ਦਾਦ ਮਿਲੀ। ਮਹਿੰਦਰ ਸਾਥੀ ਦਾ ਸਨਮਾਨ ਪੱਤਰ ਰਾਮ ਸਵਰਨ ਲੱਖੇਵਾਲੀ ਨੇ ਪੜ੍ਹਿਆ। ਸਾਥੀ ਨੂੰ ਮੰਚ ਤੋਂ ਸ਼ਾਲ, ਸਨਮਾਨ ਪੱਤਰ ਤੇ ਨਕਦ ਰਾਸ਼ੀ ਦੇ ਕੇ ਸਨਮਾਨਿਆ ਗਿਆ। ਸਮਾਗਮ ਵਿੱਚ ਜਗਸੀਰ ਜੀਦਾ ਨੇ ਬੋਲੀਆਂ ਤੇ ਭੁਪਿੰਦਰ ਫੌਜੀ, ਰਾਮ ਸਿੰਘ ਨਿਰਮਾਣ ਤੇ ਅਮੀਸ਼ ਬਾਗਪੁਰ ਨੇ ਕਵਿਤਾਵਾਂ ਪੇਸ਼ ਕੀਤੀਆਂ। ਸਮਾਗਮ ਵਿੱਚ ਰਾਜ ਭਰ ਤੋਂ ਪੁੱਜੇ ਤਰਕਸ਼ੀਲ ਕਾਮਿਆਂ, ਆਗੂਆਂ, ਕ੍ਰਿਸ਼ਨ ਬਰਗਾੜੀ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਅਮਰੀਕਾ ਨਿਵਾਸੀ ਪ੍ਰੇਮ ਸਮਾਲਸਰ, ਇਕੱਤਰ ਸੋਢੀ, ਰਾਮ ਕੁਮਾਰ ਭਦੌੜ, ਰਾਜਿੰਦਰ ਕੌਰ ਬਰਗਾੜੀ, ਜਰਨੈਲ ਕ੍ਰਾਂਤੀ, ਸੁਖਵਿੰਦਰ ਬਾਗਪੁਰ ਜਲੰਧਰ, ਅਜੀਤ ਪ੍ਰਦੇਸੀ, ਜੋਗਿੰਦਰ ਕੁੱਲੇਵਾਲ, ਰਾਮ ਕੁਮਾਰ ਪਟਿਆਲਾ, ਜਸਵੰਤ ਜ਼ੀਰਖ ਲੁਧਿਆਣਾ, ਹਰਚੰਦ ਭਿੰਡਰ, ਗੁਰਪ੍ਰੀਤ ਸ਼ਹਿਣਾ, ਰਾਮ ਸਿੰਘ ਨਿਰਮਾਣ, ਅਜਾਇਬ ਜਲਾਲਆਣਾ, ਅੰਮ੍ਰਿਤ ਰਿਸ਼ੀ ਮਾਨਸਾ, ਗਿਆਨ ਚੰਦ ਰੋਪੜ, ਜੁਝਾਰ ਲੌਂਗੋਵਾਲ, ਦਲਬੀਰ ਕਟਾਣੀ ਤੇ ਪ੍ਰੋ. ਅਵਤਾਰ ਦੀਪ ਫਾਜ਼ਿਲਕਾ ਵੀ ਮੌਜੂਦ ਸਨ।

# ਪੇਸ਼ਕਦਮੀਆਂ

**ਇਕਾਈ ਫਗਵਾੜਾ : 'ਵਿਦਿਆਰਥੀ ਅਤੇ ਸਮਾਜ' ਵਿਸ਼ੇ 'ਤੇ ਵਿਚਾਰ ਚਰਚਾ** : ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਸਮਰਪਿਤ ਇਹ ਗੋਸ਼ਟੀ ਰਾਮਗੜ੍ਹੀਆ ਆਰਟਸ ਕਾਲਜ ਫਗਵਾੜਾ ਵਿਖੇ ਕਰਵਾਈ ਗਈ। ਇਸ ਦੇ ਮੁੱਖ ਬੁਲਾਰੇ ਜ਼ਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ ਸਨ ਜਿਹਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਮਹੱਤਵ ਅਤੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਵਰਤਾਰਿਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਾਚਣ, ਸੋਚਣ, ਕਾਰਣ ਜਾਨਣ ਅਤੇ ਜਾਗ੍ਰਤ ਹੋਣ ਦੀ ਲੋੜ ਬਾਰੇ ਵਿਸਥਾਰ ਵਿੱਚ ਗੱਲ ਕੀਤੀ ਅਤੇ ਕਿਹਾ ਕਿ ਅਜਿਹਾ ਕਰਕੇ ਹੀ ਸਮਾਜਿਕ ਅਤੇ ਆਰਥਿਕ ਬਰਾਬਰੀ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ। ਸੂਬਾ ਵਰਕਿੰਗ ਕਮੇਟੀ ਮੈਂਬਰ ਸੁਖਦੇਵ ਫਗਵਾੜਾ ਨੇ ਵੀ ਸੰਬੋਧਨ ਕੀਤਾ। ਪ੍ਰਿੰਸੀਪਲ ਮਨਜੀਤ ਸਿੰਘ, ਕਾਲਜ ਦੀ ਪ੍ਰਬਧੰਕ ਕਮੇਟੀ, ਸਮੂਹ ਕਾਲਜ ਸਟਾਫ ਅਤੇ ਵਿਦਿਆਰਥੀਆਂ ਦਾ ਸਹਿਯੋਗ ਸ਼ਲਾਘਾਯੋਗ ਰਿਹਾ। ਇਸ ਸਮੇਂ ਪ੍ਰੋ. ਜਸਕਰਨ ਸਿੰਘ, ਪ੍ਰੋ. ਹਰਮੀਤ ਕੌਰ, ਪ੍ਰੋ. ਅਵਤਾਰ ਸਿੰਘ ਤੋਂ ਇਲਾਵਾ ਸੁਰਿੰਦਰ ਪਾਲ ਪੱਦੀ, ਸੁਰਿੰਦਰ ਪਾਲ ਦੁਸਾਂਝ, ਜਸਵਿੰਦਰ ਸਿੰਘ, ਅਵਿਨਾਸ਼ ਕੁਮਾਰ, ਬਲਵਿੰਦਰ ਪ੍ਰੀਤ, ਹੈੱਡ ਮਾਸਟਰ ਗਿਆਨ ਚੰਦ, ਕੁਲਦੀਪ ਸਿੰਘ ਆਦਿ ਸੁਸਾਇਟੀ ਮੈਂਬਰ ਹਾਜ਼ਰ ਸਨ।

**ਸੁਖਦੇਵ ਫਗਵਾੜਾ**

**ਜੋਨ ਮਾਨਸਾ : 'ਫਾਸ਼ੀਵਾਦ ਅਤੇ ਜ਼ਮਹੂਰੀਅਤ' ਵਿਸ਼ੇ 'ਤੇ ਸੈਮੀਨਾਰ** : ਪੈਨਸ਼ਨਰ ਭਵਨ, ਮਾਨਸਾ ਵਿਖੇ ਕਰਵਾਏ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਰੈਡੀਕਲ ਪੀਪਲਜ਼ ਫੌਰਮ ਦੇ ਆਗੂ ਕਾਮਰੇਡ ਸੁਖਦਰਸ਼ਨ ਨੱਤ ਸਨ। ਉਹਨਾਂ ਕਿਹਾ ਕਿ ਫਾਸ਼ੀਵਾਦ ਦਾ ਲੋਕਤੰਤਰ 'ਚ ਕੋਈ ਵਿਸ਼ਵਾਸ ਨਹੀਂ ਹੁੰਦਾ। ਇਹ ਤਾਨਾਸ਼ਾਹੀ ਦਾ ਦੂਜਾ ਨਾਮ ਹੈ। ਇਹ ਦਹਿਸ਼ਤਗਰਦੀ ਦਾ ਸਮਰਥਕ ਹੁੰਦਾ। ਇਹ ਬਰਾਬਰਤਾ ਦੀ ਗੱਲ ਸਹਿਣ ਨਹੀਂ ਕਰਦਾ ਅਤੇ ਤਰਕ ਦੀ ਆਗਿਆ ਨਹੀਂ ਦਿੰਦਾ। ਭਾਰਤ ਵੀ ਇਸ ਸਮੇਂ ਫਾਸ਼ੀਵਾਦ ਦੀ ਗ੍ਰਿਫਤ ਵਿੱਚ ਆ ਚੁੱਕਾ ਹੈ। ਲੋਕਾਂ ਨੂੰ ਜਮਹੂਰੀਅਤ ਲਈ ਇਸ ਖਿਲਾਫ ਲੜਣਾ ਹੀ ਪੈਣਾ ਹੈ।

ਇਸ ਮੌਕੇ ਜ਼ੋਨ ਮੁਖੀ ਅੰਮ੍ਰਿਤ ਰਿਸ਼ੀ ਨੇ ਵੀ ਸੰਬੋਧਨ ਕੀਤਾ। ਇਸ ਸੈਮੀਨਾਰ ਵਿੱਚ ਰਾਜੇਸ਼ ਅਕਲੀਆ, ਭੁਪਿੰਦਰ ਫੌਜੀ, ਗੁਰਪਿਆਰ ਕੋਟਲੀ, ਗੁਰਦੀਪ ਸਿੰਘ ਸਿੱਧੂ, ਨਰਿੰਦਰ ਕੌਰ ਬੁਰਜ ਹਮੀਰਾ, ਕ੍ਰਿਸ਼ਨ ਮਾਨਬੀਬੜੀਆ, ਜਸਵੀਰ ਢੰਡ, ਦਰਸ਼ਨ ਸਿੰਘ ਢਿੱਲੋਂ, ਬਿੱਕਰਜੀਤ ਸਾਧੂਵਾਲਾ, ਸਤਪਾਲ ਸਿੰਘ, ਸੁਖਪਾਲ ਜੋਗਾ, ਬੂਟਾ ਸਿੰਘ ਬੀਰ, ਹਰਜਿੰਦਰ ਅਤਲਾ, ਵਰਿੰਦਰ ਕੁਮਾਰ ਖੀਵਾ, ਪਰਮਿੰਦਰ ਸਿੰਘ, ਬਲਕਾਰ ਅਤਲਾ ਆਦਿ ਹਾਜ਼ਰ ਸਨ।

**ਭੁਪਿੰਦਰ ਫੌਜੀ**

**ਇਕਾਈ ਅੰਮ੍ਰਿਤਸਰ : ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਅਤੇ 'ਤਰਕਸ਼ੀਲ ਪਥ' ਹਿੰਦੀ ਮੈਗਜ਼ੀਨ ਦੇ ਸੰਪਾਦਕ ਬਲਵੰਤ ਸਿੰਘ ਨਾਲ ਰੂ-ਬ-ਰੂ** : ਇਹ ਸਮਾਗਮ ਵਿਰਸਾ ਵਿਹਾਰ, ਅੰਮ੍ਰਿਤਸਰ ਵਿਖੇ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਉੱਘੇ ਤਰਕਸ਼ੀਲ ਚਿੰਤਕ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕੀਤੀ। ਲੈਕਚਰਾਰ ਬਲਵੰਤ ਸਿੰਘ ਨੇ ਹਰਿਆਣਾ ਦੀ ਤਰਕਸ਼ੀਲ ਲਹਿਰ ਅਤੇ ਮੌਜੂਦਾ ਭਾਰਤੀ ਹਕੂਮਤੀ ਫਾਸ਼ੀਵਾਦ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਹਰਿਆਣਾ ਦੀ ਖੱਟਰ ਸਰਕਾਰ ਸਿੱਖਿਆ ਪਾਠਕ੍ਰਮਾਂ ਵਿੱਚ ਮਿਥਿਹਾਸਕ ਅਤੇ ਕਾਲਪਨਿਕ ਵਿਸ਼ੇ ਸ਼ਾਮਲ ਕਰ ਰਹੀ ਹੈ ਜਿਸ ਦਾ ਤਰਕਸ਼ੀਲ ਸੁਸਾਇਟੀ ਹਰਿਆਣਾ ਵੱਲੋਂ ਡਟਵਾਂ ਵਿਰੋਧ ਕੀਤਾ ਜਾ ਰਿਹਾ ਹੈ। ਡਾ. ਦੀਪਤੀ ਨੇ ਮੋਦੀ ਸਰਕਾਰ ਵੱਲੋਂ ਨਾਗਰਿਕਾਂ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ-ਪਾਸਾਰ 'ਤੇ ਲਾਈਆਂ ਜਾ ਰਹੀਆਂ ਗੈਰਸੰਵਿਧਾਨਕ ਰੋਕਾਂ ਦੀ ਗੱਲ ਕਰਦਿਆਂ ਇਸ ਦੇ ਵਿਰੋਧ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਇਕਾਈ ਮੁਖੀ ਸੁਮੀਤ ਸਿੰਘ, ਤਰਕਸ਼ੀਲ ਆਗੂ ਐਡਵੋਕੇਟ ਅਮਰਜੀਤ ਬਾਈ ਅਤੇ ਜਸਪਾਲ ਬਾਸਰਕਾ ਨੇ ਵੀ ਸੰਬੋਧਨ ਕੀਤਾ। ਕੁਲਜੀਤ ਵੇਰਕਾ, ਸੁਖਮੀਤ ਸਿੰਘ, ਅਸ਼ਵਨੀ ਕੁਮਾਰ ਨੇ ਮੁੱਖ ਮਹਿਮਾਨ ਤੋਂ ਹਰਿਆਣਾ ਦੀ ਤਰਕਸ਼ੀਲ ਸੁਸਾਇਟੀ ਦੀ ਕਾਰਜ ਵਿਉਂਤਬੰਦੀ ਸਬੰਧੀ ਸਵਾਲ ਕੀਤੇ। ਇਸ ਮੌਕੇ ਬੀ.ਐੱਮ. ਸਿੰਘ, ਹਰਜਿੰਦਰ ਜਲਾਲਪੁਰ, ਡਾ. ਕਸ਼ਮੀਰ ਸਿੰਘ, ਹਰੀਸ਼ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

**ਸ਼ੋਰ ਪ੍ਰਦੂਸ਼ਣ ਅਤੇ ਪਾਖੰਡੀਆਂ ਖਿਲਾਫ਼ ਪੁਲਿਸ ਕਮਿਸ਼ਨਰ ਨੂੰ ਮੰਗ ਪੱਤਰ** : ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਜੱਜਮੈਂਟ ਇਨ ਰਿਟ ਪਟੀਸ਼ਨ 6213 ਤਹਿਤ ਸ਼ੋਰ ਪ੍ਰਦੂਸ਼ਣ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਇੱਕ ਮੰਗ ਪੱਤਰ ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਨੂੰ ਦਿੱਤਾ ਗਿਆ। ਇਸ ਮੌਕੇ ਮੁਖਤਿਆਰ ਗੋਪਾਲਪੁਰਾ, ਸੁਮੀਤ ਸਿੰਘ, ਜਸਪਾਲ ਬਾਸਰਕੇ ਅਤੇ ਮੇਜਰ ਸਿੰਘ ਆਦਿ ਆਗੂ ਹਾਜਰ ਸਨ। ਜੋਤਸ਼ੀਆਂ, ਤਾਂਤਰਿਕਾਂ ਦੀਆਂ ਗੈਰ ਕਾਨੂੰਨੀ ਦੁਕਾਨਾਂ ਬੰਦ ਕਰਵਾਏ ਜਾਣ ਦੀ ਵੀ ਮੰਗ ਕੀਤੀ ਗਈ।

## ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ

**ਜ਼ੋਨ ਚੰਡੀਗੜ੍ਹ** : ਇਕਾਈਆਂ ਸਰਹਿੰਦ, ਰੋਪੜ ਅਤੇ ਮੰਡੀ ਗੋਬਿੰਦਗੜ੍ਹ ਵੱਲੋਂ 26 ਤੋਂ 29 ਦਸੰਬਰ 2019 ਤੱਕ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਮੇਲੇ 'ਤੇ ਵੈਨ ਦੀ ਸ਼ਮੂਲੀਅਤ ਕਰਵਾਈ ਗਈ। ਤਰਕਸ਼ੀਲ ਮੈਂਬਰ ਹਰਪ੍ਰੀਤ ਸਿੰਘ ਤਰਖਾਨਮਾਜਰਾ, ਬਲਦੇਵ ਜਲਾਲ, ਪਰਮਿੰਦਰ ਤਰਖਾਣ ਮਾਜਰਾ, ਮਨਦੀਪ ਮਾਜਰੀ, ਮੰਗਾ ਸਿੰਘ, ਅਜੀਤ ਪ੍ਰਦੇਸੀ, ਪਵਨ ਰੱਤੋ, ਹਰਵਿੰਦਰ ਸੁਖਰਾਮਪੁਰੀ, ਸੁਜਾਨ ਸਿੰਘ, ਬਡਾਲਾ, ਸ਼ਮਸ਼ੇਰ ਮਲਿਕ, ਜਸਦੇਵ ਸਿੰਘ, ਰਾਕੇਸ਼ ਕੁਮਾਰ, ਬਲਦੇਵ ਸਿੰਘ ਮੰਡੀ ਗੋਬਿੰਦਗੜ੍ਹ ਨੇ ਸਹਿਯੋਗ ਦਿੱਤਾ।

**ਬਲਦੇਵ ਜਲਾਲ**

**ਇਕਾਈ ਬੁੱਲੋਵਾਲ** : 9 ਜਨਵਰੀ ਨੂੰ ਸ.ਹ. ਸ. ਚੋਠਾਲਾ ਅਤੇ ਸ.ਸ.ਸ.ਸ. ਖੜਿਆਲਾ ਸੈਣੀ ਵਿਖੇ ਪੁਸਤਕ ਪ੍ਰਦਰਸ਼ਨੀ ਲਾਈ ਗਈ ਅਤੇ ਮੈਜਿਕ ਟ੍ਰਿਕ ਪੇਸ਼ ਕੀਤੇ ਗਏ।

**ਇਕਾਈ ਭੂੰਗਾ** : 10 ਜਨਵਰੀ ਨੂੰ ਸ.ਸ.ਸ.ਸ. ਖੰਗਵਾੜੀ ਅਤੇ ਸ਼ਿਵਾਲਕ ਹਿਲ ਪਬਲਿਕ ਸਕੂਲ ਵਿੱਚ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਮਾ. ਸੁਖਜੀਤ, ਬਿੱਟੂ ਤਲਵੰਡੀ, ਵਿੱਕੀ ਅਤੇ ਆਗੂ ਮਨਜੀਤ ਸਿੰਘ ਨੇ ਵੈਨ ਡਿਊਟੀ ਨਿਭਾਈ।

**ਇਕਾਈ ਅੱਡਾ ਸਰਾਂ** : 11 ਜਨਵਰੀ ਨੂੰ ਸ.ਹ.ਸ. ਕੰਧਾਲਾ ਜੱਟਾ ਵਿਖੇ ਤਰਕਸ਼ੀਲ ਵਿਚਾਰ ਚਰਚਾ ਅਤੇ ਮੈਜਿਕ ਟ੍ਰਿਕ ਪੇਸ਼ ਕੀਤੇ ਗਏ। ਆਗੂਆਂ ਰਾਮ ਲੁਭਾਇਆ, ਮਾਸਟਰ ਦਿਲਬਾਗ ਬਾਹੋਪੁਰ, ਜਸਕਰਨ ਨੇ ਵੈਨ ਨਾਲ ਸਹਿਯੋਗ ਕੀਤਾ।

**ਇਕਾਈ ਟਿੱਬਾ (ਕਪੂਰਥਲਾ)** : 18 ਜਨਵਰੀ ਨੂੰ ਵੈਨ ਜਸਵੀਰ ਸਿੰਘ ਅਤੇ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਸ.ਸ.ਸ.ਸ. ਸੈਦਪੁਰ, ਸ.ਹ.ਸ. ਠੱਠਾ ਨਵਾਂ, ਪਿੰਡ ਤਲਵੰਡੀ ਚੌਧਰੀਆਂ ਵਿਖੇ ਗਈ। 19 ਜਨਵਰੀ ਨੂੰ ਜਸਵੀਰ ਸਿੰਘ ਅਤੇ ਸੁਰਜੀਤ ਸਿੰਘ ਦੀ ਅਗਵਾਈ ਹੇਠ ਰੇਲ ਕੋਚ ਫੈਕਟਰੀ ਕਪੂਰਥਲਾ, 20 ਜਨਵਰੀ ਨੂੰ ਖਾਲਸਾ ਸਕੂਲ ਸੁਲਤਾਨਪੁਰ ਲੋਧੀ, ਸ.ਸ.ਸ.ਸ. ਗਰਲਜ਼ ਸੁਲਤਾਨਪੁਰ ਲੋਧੀ ਅਤੇ ਸ.ਸ.ਸ.ਸ. ਲੜਕੇ ਸੁਲਤਾਨਪੁਰ ਲੋਧੀ ਵਿਖੇ ਵੈਨ ਪਹੁੰਚੀ। ਸਕੂਲਾਂ 'ਚ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਗਏ।

**ਇਕਾਈ ਜਲੰਧਰ** : 21 ਜਨਵਰੀ ਨੂੰ ਵੈਨ ਹੀਰਾ ਦਾਸ ਸ.ਸ.ਸ. ਸਕੂਲ ਕਾਲਾ ਸੰਘਿਆ (ਕਪੂਰਥਲਾ), 22 ਜਨਵਰੀ ਨੂੰ ਸ.ਸ.ਸ.ਸ. ਵਡਾਲਾ (ਜਲੰਧਰ) ਅਤੇ ਹੀਰਾ ਦਾਸ ਕਾਲਜ ਕਾਲਾ ਸੰਘਿਆ ਵਿਖੇ ਗਈ। ਕਾਲਾ ਸੰਘਿਆ ਵਿਖੇ ਇਕਾਈ ਵੱਲੋਂ ਸਾਥੀ ਵਿਜੈ ਰਾਹੀ ਅਤੇ ਵਡਾਲਾ ਵਿਖੇ ਪ੍ਰਿੰਸੀਪਲ ਜਰਨੈਲ ਸਿੰਘ ਨੇ ਸੰਬੋਧਨ ਕੀਤਾ। 23 ਜਨਵਰੀ ਸ.ਸ.ਸ.ਸ. ਸਮਰਾਏ, ਬੋਲੀਨਾ ਦੁਆਬਾ, 24 ਜਨਵਰੀ ਨੂੰ ਸ.ਸ.ਸ.ਸ. ਚੋਹਕ ਕਲਾਂ, ਪਤਾਲਾ, ਸ.ਸ.ਸ.ਸ. ਈਸ਼ਰਵਾਲ ਅਤੇ 25 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵਿਸ਼ਾਲ ਪ੍ਰਦਰਸ਼ਨ ਵਿੱਚ ਵੈਨ ਨਾਲ ਪੁਸਤਕ ਪ੍ਰਦਰਸ਼ਨੀ ਲਾਈ ਗਈ।

**ਨਸੀਬ ਚੰਦ (ਇਕਾਈ ਮੁਖੀ)**

**ਇਕਾਈ ਭਦੌੜ : 28 ਜਨਵਰੀ** : ਸ.ਹ.ਸ. ਮੌੜ ਨਾਭਾ

**ਇਕਾਈ ਕੋਹਾੜਾ (ਲੁਧਿਆਣਾ) : 30 ਜਨਵਰੀ** : ਸ.ਸ.ਸ.ਸ. ਸ਼ਾਹਪੁਰ, ਦਸ਼ਮੇਸ਼ ਪਬਲਿਕ ਸਕੂਲ, ਬਿਲਾਸਪੁਰ

**ਇਕਾਈ ਦਿੜ੍ਹਬਾ : 1 ਫਰਵਰੀ** : ਸ.ਸ.ਸ.ਸ. ਗੁਜਰਾਂ

**ਇਕਾਈ ਸੰਗਰੂਰ : 1 ਫਰਵਰੀ** : ਸ.ਸ.ਸ.ਸ. ਬਡਰੁੱਖਾ

**ਇਕਾਈ ਭਾਈਰੂਪਾ : 2 ਫਰਵਰੀ** : ਵਿਰਾਸਤੀ ਮੇਲਾ, ਭਾਈਰੂਪਾ

**ਇਕਾਈ ਭਦੌੜ : 13 ਫਰਵਰੀ** : ਮੀਰੀ ਪੀਰੀ ਖਾਲਸਾ ਕਾਲਜ

**ਇਕਾਈ ਮਾਲੇਰਕੋਟਲਾ : 16 ਫਰਵਰੀ** : ਐੱਨ. ਆਰ. ਸੀ., ਸੀ.ਏ.ਏ. ਖਿਲਾਫ਼ ਵਿਸ਼ਾਲ ਮਾਲੇਰਕੋਟਲਾ ਰੈਲੀ ਵਿਖੇ

**ਇਕਾਈ ਜਗਰਾਉ : 19 ਫਰਵਰੀ** : ਸੀ.ਟੀ. ਯੂਨੀਵਰਸਿਟੀ

ਪਰਮਜੀਤ ਸਿੰਘ ਨੇ ਸਮੁੱਚੇ ਥਾਵਾਂ 'ਤੇ ਵੈਨ ਦੀ ਅਗਵਾਈ ਕੀਤੀ।

## ਕੂੰਡੇ 'ਚ ਘੋਟਣਾ ਖੜ੍ਹਾ ਹੋਣ ਦਾ ਪਰਦਾਫਾਸ਼

ਪਿੰਡ ਤਲਵਾੜਾ ਵਿਖੇ ਇੱਕ ਅਫਵਾਹ ਫੈਲੀ ਕਿ ਪਿੰਡ ਦੇ ਕੁੱਝ ਘਰਾਂ 'ਚ ਮਸਾਲਾ ਪੀਸਣ ਵਾਲੇ ਕੂੰਡੇ 'ਚ ਘੋਟਣੇ ਕਿਸੇ ਦੈਵੀ ਸ਼ਕਤੀ ਕਾਰਣ ਖੜ੍ਹੇ ਹੋ ਰਹੇ ਹਨ। ਇਸ ਰਹੱਸਮਈ ਘਟਨਾ ਨੂੰ ਵੇਖਣ ਲਈ ਲੋਕਾਂ ਦੀ ਭੀੜ ਜੁੜਨੀ ਸ਼ੁਰੂ ਹੋ ਗਈ। ਪਰਿਵਾਰਕ ਮੈਂਬਰਾਂ ਵੱਲ ਇਸ ਕੂੰਡੇ ਘੋਟਣੇ ਦੀ ਫੁੱਲ ਆਦਿ ਰੱਖ ਕੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਗਈ। ਇਸ ਘਟਨਾ ਦਾ ਪਤਾ ਜਦੋਂ ਤਰਕਸ਼ੀਲ ਸੁਸਾਇਟੀ ਨੰਗਲ ਦੇ ਮੈਂਬਰਾਂ ਨੂੰ ਲੱਗਿਆ ਤਾਂ ਤਰਕਸ਼ੀਲ ਆਗੂ ਕੁਲਦੀਪ ਸਿੰਘ ਅਤੇ ਗੁਰਨਾਮ ਸਿੰਘ ਭੱਲੜੀ ਸਬੰਧਤ ਘਰ ਵਿੱਚ ਪਹੁੰਚ ਗਏ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਇਸ ਘਟਨਾ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਇਸ ਵਿੱਚ ਕੋਈ ਗੈਬੀ ਸ਼ਕਤੀ ਨਹੀਂ ਹੈ। ਜਦੋਂ ਤਰਕਸ਼ੀਲਾਂ ਨੇ ਉਨ੍ਹਾਂ ਦੀ ਹਾਜ਼ਰੀ ਵਿੱਚ ਇਸ ਘੋਟਣੇ ਨੂੰ ਖੜਾ ਕਰਨ ਦੀ ਚੁਣੌਤੀ ਪੇਸ਼ ਕੀਤੀ ਤਾਂ ਪਰਿਵਾਰਕ ਮੈਂਬਰ ਵਾਰ ਵਾਰ ਕੋਸ਼ਿਸ਼ ਕਰਨ ਪਿੱਛੋਂ ਵੀ ਇਸ ਘੋਟਣੇ ਨੂੰ ਨਾ ਖੜਾ ਸਕੇ। ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਦੱਸਿਆ ਕਿ ਇਹ ਇੱਕ ਆਮ ਵਰਤਾਰਾ ਹੈ। ਇਸ ਤਰ੍ਹਾਂ ਦੀਆਂ ਅਫਵਾਹਾ ਪੰਜਾਬ 'ਚ ਹੋਰ ਵੀ ਕਈ ਥਾਵਾਂ 'ਤੇ ਫੈਲੀਆਂ ਅਤੇ ਸੰਬੰਧਤ ਇਕਾਈਆਂ ਨੇ ਪਰਦਾਫਾਸ਼ ਕੀਤਾ।

# ਕਰੋਨਾ ਅਤੇ ਮਨ ਕੀ ਬਾਤ



**ਜਸਵੰਤ ਮੋਹਾਲੀ**

ਯੋਰਪੀਅਨ ਅਤੇ ਅਮਰੀਕਨ ਦੇਸ਼ਾਂ ਦਾ ਸਭਿਆਚਾਰ ਹੈ ਕਿ ਜੇਕਰ ਕੋਈ ਤੁਹਾਡੇ ਥੋੜ੍ਹਾ ਜਿਹਾ ਵੀ ਕੰਮ ਆਇਆ ਹੈ ਤਾਂ ਉਸ ਪ੍ਰਤੀ ਦਿਲੋਂ ਸ਼ੁਕਰਾਨਾ ਪ੍ਰਗਟ ਕਰੋ।ਉੱਥੇ ਲੋਕ ਕਰੋਨਾ ਬਿਮਾਰੀ ਵਿੱਚ ਕੰਮ ਕਰਦੇ ਸਿਹਤ ਕਾਮਿਆਂ ਪ੍ਰਤੀ ਤਾਲੀਆਂ ਵਜਾ ਕੇ ਧੰਨਵਾਦ ਕਰਦੇ ਹਨ। ਮਾੜੇ ਸਟੈਂਡਰਡ ਦੇ ਮਾਸਕ, ਬਿਨਾਂ ਪੀਪੀਈ ਕਿੱਟਾਂ ਦੇ ਹਸਪਤਾਲਾਂ ਵਿੱਚ ਕੰਮ ਕਰਨ ਵਾਲੇ ਸਾਡੇ ਦੇਸ਼ ਦੇ ਸਿਹਤ ਕਾਮੇ ਤਾਂ ਦੁੱਗਣੇ ਸ਼ੁਕਰਾਨੇ ਦੇ ਹੱਕਦਾਰ ਹਨ। ਸਾਡੇ ਪ੍ਰਧਾਨ ਸੇਵਕ ਨੇ ਲੋਕਾਂ ਨੂੰ 22 ਮਾਰਚ ਨੂੰ ਸ਼ਾਮੀਂ 5 ਵਜੇ 5 ਮਿੰਟ ਲਈ ਆਪਣੀਆਂ ਖਿੜਕੀਆਂ/ਬਾਲਕੋਨੀਆਂ ਵਿੱਚ ਖੜ੍ਹੇ ਹੋਕੇ ਤਾਲੀਆਂ/ਥਾਲੀਆਂ ਵਜਾਉਣ ਲਈ ਕਿਹਾ। ਪਰ ਸਭਿਆਚਾਰ ਰਾਤੋ-ਰਾਤ ਕਾਪੀ ਪੇਸਟ ਨਹੀਂ ਹੁੰਦਾ। ਸਾਡੇ ਲੋਕਾਂ ਨੇ ਪੰਜ ਮਿੰਟ ਦੀ ਥਾਂ ਅੱਧਾ ਘੰਟਾ ਗਲੀਆਂ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਕੇ ਥਾਲੀਆਂ ਖੜਕਾਈਆਂ ਤੇ ਸਾਡੇ ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਦਾ ਦਿੱਤਾ "ਗੋ ਕਰੋਨਾ ਗੋ" ਦਾ ਨਾਅਰਾ ਬੁਲੰਦ ਕੀਤਾ। ਅਜਿਹਾ ਇੱਕ-ਦੋ ਨਹੀਂ ਸੈਂਕੜੇ ਥਾਂਵਾਂ ਤੇ ਵਾਪਰਿਆ। ਸਮਾਜਿਕ ਦੂਰੀ ਬਣਾ ਕੇ ਰੱਖਣ ਦਾ ਮੁੱਖ ਸਰੋਕਾਰ ਅੰਧਭਗਤਾਂ ਨੇ ਮਿੱਟੀ ਵਿੱਚ ਮਿਲਾ ਦਿੱਤਾ। ਸਾਡਾ ਸਭਿਆਚਾਰ ਵਿਖਾਵੇ ਦਾ ਸਭਿਆਚਾਰ ਹੈ। ਇੱਕ ਪਾਸੇ ਸਿਹਤ ਕਾਮਿਆਂ ਲਈ ਤਾਲੀਆਂ ਵਜਾਈਆਂ ਦੂਜੇ ਪਾਸੇ ਉਨ੍ਹਾਂ ਉੱਪਰ ਹੀ ਹਮਲੇ ਵੀ ਹੋਏ। ਜੇਕਰ ਬਿਨਾ ਮੁਸ਼ੱਕਤ ਕੀਤੇ ਤੇ ਬਿਨਾ ਖਤਰੇ ਦੇ ਯੋਗਦਾਨ ਦੀ ਗੱਲ ਹੋਵੇ ਤਾਂ ਅਸੀਂ ਵਧ-ਚੜ੍ਹ ਕੇ ਹਿੱਸਾ ਪਾਉਂਦੇ ਹਾਂ। ਇਹ ਗੱਲ ਦੁਬਾਰਾ 5 ਅਪ੍ਰੈਲ ਨੂੰ ਪ੍ਰਧਾਨ ਸੇਵਕ ਦੇ ਰਾਤ 9 ਵਜੇ 9 ਮਿੰਟ ਲਈ ਮੋਮਬੱਤੀਆਂ ਜਗਾਉਣ ਦੇ ਦਿੱਤੇ ਸੱਦੇ ਨੇ ਸਾਬਤ ਕਰ ਦਿੱਤੀ। ਅਨੇਕਾਂ ਥਾਵਾਂ 'ਤੇ ਲੋਕ ਇਕੱਠੇ ਹੋ ਗਏ ਤੇ ਮੋਮਬੱਤੀਆਂ ਦੇ ਨਾਲ ਪਟਾਕੇ ਵੀ ਚਲਾਉਣ ਲੱਗੇ। ਕਰੋਨਾ ਨਾਲ ਮਰ ਚੁੱਕੇ ਹਜ਼ਾਰਾਂ ਲੋਕਾਂ ਦੇ ਮਾਤਮ ਦੇ ਸਮੇਂ ਨੂੰ ਦਿਵਾਲੀ ਦੇ ਤਿਉਹਾਰ ਦੇ ਜਸ਼ਨ ਵਿੱਚ ਬਦਲ ਦਿੱਤਾ। ਦੋਵੇਂ ਸਮੇਂ ਇਕ ਅੰਧਵਿਸ਼ਵਾਸ਼ ਭਾਰੂ ਰਿਹਾ। ਲੋਕ ਸਮਝਦੇ ਰਹੇ ਕਿ ਉਨ੍ਹਾਂ ਦੇ ਤਾਲੀਆਂ/ਥਾਲੀਆਂ ਦਾ ਖੜਕਾ ਅਤੇ ਮੋਮਬੱਤੀ ਦੀ ਰੋਸ਼ਨੀ ਅਜਿਹਾ ਟੂਣਾ ਟੋਟਕਾ ਜਾਂ ਮੰਤਰ ਹੈ ਜਿਸ ਨਾਲ ਕਰੋਨਾ ਖਤਮ ਹੋ ਜਾਵੇਗਾ। ਉਸ ਦੇਸ਼ ਦੀ ਰਾਜਨੀਤੀ ਲਈ ਕਿੰਨੇ ਕੰਮ ਦਾ ਹੈ ਇਹ ਅੰਧਵਿਸ਼ਵਾਸ਼ ਜਿੱਥੇ ਹਸਪਤਾਲਾਂ ਵਿੱਚ ਆਕਸੀਜਨ ਦੀ ਸਪਲਾਈ ਨਾ ਹੋਣ ਕਰਕੇ ਸੈਂਕੜੇ ਬੱਚੇ ਜਨਮ ਲੈਂਦਿਆਂ ਹੀ ਮਰ ਜਾਂਦੇ ਹਨ। ਵਿਵੇਕਸ਼ੀਲ ਬੰਦਾ ਜਿੱਥੇ ਮਾੜੀਆਂ ਸਿਹਤ ਸਹੂਲਤਾਂ ਵਿੱਚ ਕੰਮ ਕਰਦੇ ਸਿਹਤ ਕਾਮਿਆਂ ਦਾ ਸ਼ੁਕਰਗੁਜ਼ਾਰ ਹੋਵੇਗਾ, ਉਥੇ ਸਰਕਾਰ ਨੂੰ ਸੁਆਲ ਵੀ ਕਰੇਗਾ। ਦਰਅਸਲ ਲੋਕਾਂ ਨੂੰ ਅਜਿਹੀ ਡਰਾਮੇਬਾਜੀ ਵਿੱਚ ਲਾਕੇ ਸਰਕਾਰ ਦਾ ਕੁੱਝ ਕੀਤੇ ਬਿਨਾ ਹੀ ਸਰ ਜਾਂਦਾ ਹੈ। ਸਾਡੇ ਰਾਜਨੇਤਾ ਖ਼ੁਦ ਅਜਿਹੇ ਕੰਮ ਕਰਦੇ ਹਨ ਜਿਨਾਂ ਤੇ ਬੱਜਟ ਦੇ ਪੈਸੇ ਦੀ ਹਿੰਗ ਵੀ ਨਹੀਂ ਲੱਗਦੀ ਤੇ ਰੰਗ ਵੀ ਚੋਖਾ। ਯਾਦ ਕਰੋ, ਖ਼ੁਦ ਪ੍ਰਧਾਨ ਸੇਵਕ ਸਮੇਂ-ਸਮੇਂ ਕੀ ਕਰਦੇ ਰਹੇ ਹਨ ? ਉਹ 2019 ਦੇ ਚੋਣ ਪ੍ਰਚਾਰ ਤੋਂ ਅੱਕ-ਥੱਕ ਕੇ ਗੁਫਾ ਵਿੱਚ ਸਮਾਧੀ ਜਾ ਲਾਉਂਦੇ ਹਨ, ਕੂੜਾ ਸਾਫ ਕਰਨ ਬੀਚ 'ਤੇ ਜਾਂਦੇ ਹਨ, ਆਪਣੇ ਜਨਮ ਦਿਨ ਮੌਕੇ ਇੱਕ ਡੱਬੇ ਵਿੱਚ ਪਹਿਲਾਂ ਹੀ ਬੰਦ ਕਰਾਈਆਂ ਤਿਤਲੀਆਂ ਨੂੰ 'ਅਜ਼ਾਦ' ਕਰ ਦਿੰਦੇ ਹਨ। ਇਹ ਸਭ ਕਰਦਿਆਂ ਕਦੇ ਵੀ ਆਪਣੇ ਨਾਲ ਮੀਡੀਆ ਦੀ ਕੈਮਰਾ ਟੀਮ ਲਿਜਾਣਾ ਨਹੀਂ ਭੁੱਲਦੇ। 'ਮਨ ਕੀ ਬਾਤ' ਤਾਂ ਉਹ ਬਕਾਇਦਾ ਕਰਦੇ ਹਨ। ਕਵੀ ਸੰਪਤ ਸਰਲ "ਮਨ ਕੀ ਬਾਤ" ਤੇ ਕਮਾਲ ਦਾ ਵਿਅੰਗ ਕਰਦਾ ਹੈ- "ਗੱਲਾਂ ਦੋ ਤਰ੍ਹਾਂ ਦੀਆਂ ਹੀ ਹੁੰਦੀਆਂ ਹਨ। ਇੱਕ ਕੰਮ ਦੀ ਗੱਲ ਤੇ ਦੂਜੀ "ਮਨ ਕੀ ਬਾਤ।" ਅਸਲ ਵਿਚ ਤਾਂ "ਮਨ ਕੀ ਬਾਤ" ਕੀਤੀ ਹੀ ਇਸ ਲਈ ਜਾਂਦੀ ਹੈ ਤਾਂ ਕਿ ਕੰਮ ਦੀ ਗੱਲ ਨਾ ਕਰਨੀ ਪਵੇ। "ਮਨ ਕੀ ਬਾਤ" ਇੱਕਪਾਸੜ ਹੁੰਦੀ ਹੈ। ਇਹ ਇੱਕ ਤਰ੍ਹਾਂ ਦਾ ਪ੍ਰਸ਼ਾਦ ਹੁੰਦੀ ਹੈ ਜਿਸ ਨੂੰ ਪਾਉਣ ਲਈ ਭਗਤਾਂ ਨੂੰ ਹੱਥ ਦੀ ਜਗ੍ਹਾ ਕੰਨ ਅੱਗੇ ਕਰਨੇ ਪੈਂਦੇ ਹਨ। "ਮਨ ਕੀ ਬਾਤ" ਅਕਸਰ ਏਥੋਂ ਸ਼ੁਰੂ ਹੁੰਦੀ ਹੈ "ਭਾਈਓ ਔਰ ਬਹਿਣੋ"। ਲਗਾਤਾਰ 'ਮਨ ਕੀ ਬਾਤ' ਕਰਦੇ ਰਹਿਣ ਵਾਲੇ ਤੋਂ ਫਿਰ ਲੋਕ ਉਮੀਦ ਵੀ ਨਹੀਂ ਰੱਖਦੇ ਕਿ ਇਹ ਜ਼ਿੰਦਗੀ ਵਿੱਚ ਕੋਈ ਕੰਮ ਦੀ ਗੱਲ ਵੀ ਕਰੇਗਾ।" ਥਾਲੀਆਂ ਤੇ ਮੋਮਬੱਤੀਆਂ ਵਾਲਾ ਹੋਮਵਰਕ ਵੀ "ਮਨ ਕੀ ਬਾਤ" ਵਰਗਾ ਹੀ ਸੀ। ਪ੍ਰਧਾਨ ਸੇਵਕ ਨੇ ਕਿਸੇ ਸਮੇਂ ਨਫਰਤ ਭਰਿਆ ਬਿਆਨ ਦਿੱਤਾ ਸੀ ਕਿ "ਕੌਣ ਹਿੰਸਾ ਕਰ ਰਿਹਾ ਹੈ, ਇਹ ਤਾਂ ਕੱਪੜਿਆਂ ਤੋਂ ਹੀ ਪਹਿਚਾਨ ਹੋ ਜਾਂਦੀ ਹੈ।" ਫਿਰ ਕੋਰੋਨਾ ਸੰਕਟ ਸਮੇਂ ਕਿਹਾ ਕਿ ਕੋਰੋਨਾ ਵਾਇਰਸ ਕਿਸੇ ਦਾ ਜਾਤ ਜਾਂ ਧਰਮ ਨਹੀਂ ਦੇਖਦਾ। ਕੋਰੋਨਾ ਖਿਲਾਫ ਲੜਾਈ ਦੀ ਸਫਲਤਾ ਲਈ ਸਭ ਦਾ ਸਹਿਯੋਗ ਚਾਹੀਦਾ ਹੈ। ਇਸ ਦੋਗਲੇਪਨ ਨੂੰ ਸਮਝਦਿਆਂ ਹੋਇਆਂ ਵੀ ਪ੍ਰਧਾਨ ਸੇਵਕ ਦੀ ਧਾਰਮਿਕ ਏਕਤਾ ਦੀ ਗੱਲ ਦਾ ਠੋਕ ਕੇ ਸਮਰਥਨ ਕਰਦੇ ਹਾਂ। ਲੋਕਾਂ ਦਾ ਵਿਸ਼ਾਲ ਏਕਾ, ਸਹਿਯੋਗ ਤੇ ਸੰਘਰਸ਼ ਜ਼ਰੂਰੀ ਹੈ, ਲੜਾਈ ਭਾਵੇਂ ਕੋਰੋਨਾ ਖਿਲਾਫ ਹੋਵੇ ਜਾਂ ਨਫਰਤ ਦੀ ਰਾਜਨੀਤੀ ਦੇ ਖਿਲਾਫ।

ਇੱਕ ਸ਼ਰਧਾਂਜਲੀ : ਇੱਕ ਸੁਨੇਹਾ

# ਆਹ ! ਪ੍ਰਿੰਸੀਪਲ ਬਲਦੇਵ ਸਿੰਘ ਆਜ਼ਾਦ ਦੇ ਤੁਰ ਜਾਣ 'ਤੇ

*(ਉੱਘੇ ਹਾਸ ਵਿਅੰਗ ਲੇਖਕ/ਕਵੀ)*



*1-5-1954*
*ਤੋਂ 20-4-2020*

## ਭਾਣਾ

ਆਸਾਂ ਕਰਦਿਆਂ ਮੁੱਦਤਾਂ ਬੀਤ ਗਈਆਂ,
ਪਾਇਆ ਕਿਸੇ ਨਾ ਸਾਡੇ ਕੁਸ਼ ਪਿੜ ਪੱਲੇ।
ਸਾਰੇ ਲਾਰਿਆਂ ਨਾਲ ਸਾਰਦੇ ਰਹੇ ਬੁੱਤਾ,
ਬੜਾ ਵੇਖਿਆ ਇਹਨਾਂ ਦੇ ਮੂੰਹ ਵੱਲੇ।
ਸਾਂਝ ਨੇਤਾ ਤੇ ਚੋਰ ਦੀ ਬੜੀ ਪੱਕੀ,
ਨੋਟਾਂ ਨਾਲ ਇਹਨਾਂ ਆਪਣੇ ਭਰੇ ਗੱਲੇ।
ਸਾਡੀ ਕਿਸਮਤ ਵਿੱਚ ਕਹਿੰਦੇ ਰਾਜ ਲਿਖਿਆ,
ਭਾਣਾ ਮੰਨੋ ਤੇ ਛਕੋ ਤੁਸੀ ਦਹੀਂ ਭੱਲੇ।

## ਤਪੱਸਵੀ

ਸੱਚ ਝੂਠ ਦੀ ਨਿਰਖ਼ ਨਾ ਰਹੇ ਕਾਈ,
ਅੰਦਰੋਂ ਹੋਰ ਤੇ ਬਾਹਰੋਂ ਕੁਝ ਹੋਰ ਹੋ ਜਾ।
ਜਦੋਂ ਲੋੜ ਪੈ ਜਾਏ ਬਗਲਾ ਭਗਤ ਬਣ ਜਾ,
ਜਦੋਂ ਲੋੜ ਪੈ ਜਾਏ ਨੀਲਾ ਮੋਰ ਹੋ ਜਾ।
ਰਿਸ਼ਵਤਖੋਰ,ਬਲੈਕੀਆ,ਠੱਗ ਬਣ ਜਾ,
ਬਣਕੇ ਨੇਤਾ ਰਜਿਸਟਰਡ ਚੋਰ ਹੋ ਜਾ।
ਪੁੰਨ ਦਾਨ ਦਾ ਢੌਂਗ ਪਰ ਰਹੀਂ ਕਰਦਾ,
ਵੇਖਣ ਲਈ ਤਪੱਸਵੀ ਘੋਰ ਹੋ ਜਾ।

## ਤਰਕਸ਼ੀਲਤਾ

ਯੱਗ ਕੀਤਿਆਂ ਮੀਂਹ ਨੇ ਨਹੀਂ ਪੈਣਾ,
ਮੁਫ਼ਤ ਵਿੱਚ ਨਾ ਉੱਨ ਲਹਾਓ ਲੋਕੋ।
ਮੀਂਹ ਪਾਉਂਦੀਆਂ ਨੇ ਮਾਨਸੂਨ ਪੌਣਾਂ,
ਕਾਹਤੋਂ ਇੰਦਰ ਦੇ ਗੁਣ ਤੁਸੀਂ ਗਾਓ ਲੋਕੋ।
ਝੂਠੇ, ਪੀਰ, ਵਲੀਆਂ ਤੇ ਔਲੀਆਂ ਤੋਂ,
ਨਾਲ ਸਮਝ ਦੇ ਪੱਲਾ ਬਚਾਓ ਲੋਕੋ।
ਖੁਸ਼ ਰਹਿਣਾ ਏ ਤਾਂ ਤਰਕ ਦੇ ਬਣੋ ਸਾਥੀ,
ਏਸੇ ਧਰਤ ਨੂੰ ਸਵਰਗ ਬਣਾਓ ਲੋਕੋ।

## ਕਰਮਾਂ ਦੀ ਭੰਗ

ਸੱਚ ਝੂਠ ਦੀ ਨਿਰਖ਼ ਨਾ ਰਹੀ ਕੋਈ,
ਬਦਲੇ ਸਮੇਂ ਨੇ ਆਪਣੇ ਰੰਗ ਮੀਆਂ।
ਲੱਠਰ ਚੌਧਰੀ ਥਾਂ ਥਾਂ ਬਣੇ ਬੈਠੇ,
ਭਲੇ ਲੋਕਾਂ ਨੂੰ ਕਰਨ ਪਏ ਤੰਗ ਮੀਆਂ।
ਕਦਰਾਂ ਕੀਮਤਾਂ ਸਾਰੀਆਂ ਬਦਲ ਗਈਆਂ,
ਕੋਈ ਵੇਖੇ ਨਾ ਚੰਗ ਜਾਂ ਮੰਦ ਮੀਆਂ।
ਥਾਂ ਥਾਂ ਡੇਰਿਆਂ ਵਿੱਚ ਸਾਧ ਬੈਠੇ,
ਵੰਡੀ ਜਾਣ ਉਹ ਕਰਮਾਂ ਦੀ ਭੰਗ ਮੀਆਂ।

## ਰਾਹੂ ਕੇਤੂ

ਵਹਿਮ ਮਨਾਂ ਚੋਂ ਆਖਰ ਤਾਂ ਨਿਕਲਣਗੇ ਹੀ,
ਜਿਹੜੇ ਬਾਬਿਆਂ ਨੇ ਥਾਂ ਥਾਂ ਕੇਰੇ।
ਨਰਕ ਸਵਰਗ ਦਾ ਚਿਰਾਂ ਤੋਂ ਭੈਅ ਪਾ ਕੇ,
ਕਿਰਤ ਲਾਲੋਆਂ ਦੀ ਖਾਈ ਜਾਣ ਡੇਰੇ।
ਭੂਤ ਕੈਪਟਨ ਦੇ ਘਰ ਨਾ ਵੜਨ ਕਾਹਤੋਂ,
ਸਾਡੇ ਘਰੀਂ ਹੀ ਕਿਉਂ ਦਿੰਦੇ ਰਹਿਣ ਫੇਰੇ।
ਰਾਹੂ ਕੇਤੂ ਦੇ ਪਰਦੇ ਨੂੰ ਫਾਸ਼ ਕਰਦੇ,
ਦਿਨ ਫਿਰਨਗੇ ਮਿੱਤਰਾ ਫ਼ੇਰ ਤੇਰੇ।

## ਤਕਦੀਰ ਸਿਰਜੋ

ਨ੍ਹੇਰ ਅੰਧਵਿਸ਼ਵਾਸ ਦਾ ਫੈਲਿਆ ਹੈ,
ਬਣ ਚਾਨਣ ਦੇ ਬੀਜ ਨਿਧੜਕ ਕਿਰਜੋ।
ਏਸੇ ਧਰਤ ਨੂੰ ਸਵਰਗ ਬਣਾਓ ਮਿੱਤਰੋ,
ਅਗਲੇ ਜਨਮ ਦੀ ਆਸ ਤੇ ਨਾ ਵਿਰਜੋ।
ਜਿੱਥੇ ਰੌਸ਼ਨੀ ਦੀ ਕਿਰਨ ਨਹੀਂ ਪਹੁੰਚੀ,
ਚਾਨਣ ਦੇ ਦੂਤ ਬਣ ਤੁਰੰਤ ਫਿਰਜੋ।
ਕਿਸਮਤ ਕਰਮਾਂ ਦੇ ਨ੍ਹੇਰ ਚੋਂ ਬਾਹਰ ਆਓ,
ਦਸਾਂ ਨਹੁੰਆਂ ਦੇ ਨਾਲ ਤਕਦੀਰ ਸਿਰਜੋ।

(ਕਾਵਿ ਪੁਸਤਕ 'ਜ਼ਿੰਦਗੀ ਦੇ ਗੀਤ' ਵਿੱਚੋਂ)

ਜਿਲਦ ਨੰ. 21 ਰਜਿ. ਨੰ. PUNPUN/2000/05393 ਅੰਕ : 3

# 18ਵਾਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਰੋਹ : ਕੁੱਝ ਝਲਕਾਂ



ਪ੍ਰਸਿੱਧ ਕਵੀ ਮਹਿੰਦਰ ਸਾਥੀ ਮੋਗਾ ਦਾ ਕ੍ਰਿਸ਼ਨ ਬਰਗਾੜੀ ਯਾਦਗਾਰੀ ਐਵਾਰਡ - 2020 ਨਾਲ ਸਨਮਾਨ ਕਰਦੇ ਹੋਏ ਸੂਬਾਈ ਆਗੂ ਤੇ ਪਤਵੰਤੇ



'ਫਾਸ਼ੀਵਾਦ ਦਾ ਮੌਜੂਦਾ ਖਤਰਾ' ਵਿਸ਼ੇ 'ਤੇ ਮੁਖ ਵਕਤਾ ਵਜੋਂ ਚਰਚਾ ਕਰਦੇ ਹੋਏ ਸੁਖਦਰਸ਼ਨ ਨੱਤ, ਆਪਣੀਆਂ ਕਵਿਤਾਵਾਂ ਪੇਸ਼ ਕਰਦੇ ਹੋਏ ਕਵੀ ਮਹਿੰਦਰ ਸਾਥੀ ਤੇ ਸਮਾਰੋਹ ਵਿੱਚ ਰਾਜ ਭਰ ਤੋਂ ਪੁੱਜੇ ਤਰਕਸ਼ੀਲ ਕਾਰਕੁੰਨ

If undelivered please return to :
Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..........................................................

..........................................................

..........................................................